• ਤਿਮਾਹੀ • ਜਨਵਰੀ-ਮਾਰਚ 2009 • 10 ਰੁਪਏ

ਨਨਕਾਰ

ਤਬਦੀਲੀ ਪਸੰਦ ਵਿਦਿਆਰਥੀਆਂ ਨੌਜਵਾਨਾਂ ਦੀ ਮੈਗਜ਼ੀਨ



ਮੁੰਬਈ ਵਿੱਚ ਦਹਿਸ਼ਤਗਰਦ ਹਮਲਾ– ਦਹਿਸ਼ਤਗਰਦੀ ਇਸ ਪੂੰਜੀਵਾਦੀ ਦਾ ਪੈਦਾ ਕੀਤਾ ਨਾਸੂਰ ਹੈ

ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿੱਚ ਇਨਕਲਾਬ ਦੇ ਅਰਥ

ਮੁਨਾਫ਼ਾ ਅਧਾਰਿਤ ਅਰਥਚਾਰੇ ਦੇ ਲਾਇਲਾਜ ਰੋਗ ਦਾ ਇੱਕ ਲੱਛਣ ਹੈ ਸੰਸਾਰ ਵਿਆਪੀ ਆਰਥਿਕ ਸੰਕਟ

ਫ਼ਿਲਿਸਤੀਨੀ ਲੋਕਾਂ ਦਾ ਪ੍ਰਤੀਰੋਧ ਕੁਚਲਿਆ ਨਹੀਂ ਜਾ ਸਕਦਾ

'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਿਮਾਹੀ

ਤਬਦੀਲੀ ਪਸੰਦ ਵਿਦਿਆਰਥੀਆਂ ਨੌਜਵਾਨਾਂ ਦਾ ਮੈਗਜ਼ੀਨ

ਸਾਲ 3, ਪੁਸਤਕ 7,
ਜਨਵਰੀ-ਮਾਰਚ 2009

ਸੰਪਾਦਕ ਮੰਡਲ
ਰਾਜਵਿੰਦਰ
ਨਵਕਾਸ਼ਦੀਪ
ਲਖਵਿੰਦਰ

ਇੱਕ ਕਾਪੀ ਦੀ ਕੀਮਤ
ਦਸ ਰੁਪਏ
ਸਾਲਾਨਾ
ਚਾਲ਼ੀ ਰੁਪਏ (ਡਾਕ ਖਰਚ ਸਹਿਤ ਪੰਜਾਹ ਰੁਪਏ)

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਨਵਕਾਸ਼ਦੀਪ, ਗਲੀ ਨੰ. - 6 (R), ਡੋਗਰ ਬਸਤੀ, ਫਰੀਦਕੋਟ। ਫੋਨ :- 09780826755
lalkaar08@rediffmail.com

ਆਪਣੀ ਗੱਲ

ਮੁੰਬਈ ਵਿੱਚ ਦਹਿਸ਼ਤਗਰਦ ਹਮਲਾ

ਦਹਿਸ਼ਤਗਰਦੀ ਇਸ ਪੂੰਜੀਵਾਦੀ ਢਾਂਚੇ ਦਾ ਪੈਦਾ ਕੀਤਾ ਨਾਸੂਰ ਹੈ

ਮੁੰਬਈ ਵਿੱਚ ਦਹਿਸ਼ਤਗਰਦ ਹਮਲੇ ਦੀ ਘਟਨਾ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੀਆਂ ਸੁਰਖੀਆਂ ਵਿੱਚ ਛਾਈ ਹੋਈ ਹੈ। ਨਿਸ਼ਚਿਤ ਹੈ ਕੋਈ ਬੁੱਧੀਮਾਨ ਅਤੇ ਸੰਵੇਦਨਸ਼ੀਲ ਵਿਅਕਤੀ ਇਸ ਘਟਨਾ ਅਤੇ ਇਸਤੋਂ ਪੈਦਾ ਹੋਈ ਹਾਲਤ ’ਤੇ ਰਸਮੀ ਜਾਂ ਅਖ਼ਬਾਰੀ ਢੰਗ ਨਾਲ਼ ਜਜ਼ਬਾਤੀ ਪ੍ਰਤੀਕਿਰਿਆ ਪ੍ਰਗਟ ਨਹੀਂ ਕਰੇਗਾ ਸਗੋਂ ਪੂਰੀ ਰਾਜਨੀਤਕ-ਸਮਾਜਿਕ ਹਾਲਤ ’ਤੇ ਬੇਹੱਦ ਚਿੰਤਾ ਅਤੇ ਸਰੋਕਾਰ ਨਾਲ਼ ਵਿਚਾਰ ਕਰੇਗਾ।

ਇਹ ਘਟਨਾ ਇੱਕ ਵਾਰ ਫਿਰ ਇਹ ਦਰਸਾਉਂਦੀ ਹੈ ਕਿ ਜਦੋਂ ਪ੍ਰਗਤੀ ਦੀ ਧਾਰਾ ’ਤੇ ਇੱਕ ਖੜੋਤ ਦੀ ਧਾਰਾ ਭਾਰੂ ਹੁੰਦੀ ਹੈ ਤਾਂ ਕਿਸ ਤਰਾਂ ਰਾਜਨੀਤੀ ਦੇ ਏਜੰਡੇ ’ਤੇ ਹਾਕਮ ਜਮਾਤ ਦੀ ਰਾਜਨੀਤੀ ਭਾਰੂ ਹੋ ਜਾਂਦੀ ਹੈ ਅਤੇ ਉਨਾਂ ਦੇ ਤਰਾਂ-ਤਰਾਂ ਦੇ ਟਕਰਾਅ ਭੱਦੇ ਰੂਪਾਂ ਵਿੱਚ ਸਾਹਮਣੇ ਆਉਂਦੇ ਹਨ ਜਿਨਾਂ ਦੀ ਕੀਮਤ ਲੋਕਾਂ ਨੂੰ ਭੁਗਤਣੀ ਪੈਂਦੀ ਹੈ। ਦੇਸ਼ ਦੇ ਅੰਦਰ ਅਤੇ ਭਾਰਤੀ ਉਪਮਹਾਂਦੀਪ ਦੇ ਪੱਧਰ ’ਤੇ ਹਾਕਮ ਧੜਿਆਂ ਵਿੱਚ ਟਕਰਾਅ ਵੱਖ-ਵੱਖ ਰੂਪਾਂ ਵਿੱਚ ਸਮਾਜ ਵਿੱਚ ਕਲਾਹ-ਕਲੇਸ਼ ਪੈਦਾ ਕਰਦੇ ਰਹੇ ਹਨ। ਇਸ ਤੋਂ ਇਲਾਵਾ ਹਾਕਮ ਜਮਾਤਾਂ ਦੀਆਂ ਨੀਤੀਆਂ ਦੀ ਬਦੌਲਤ ਇੱਕ ਲੰਬੀ ਪ੍ਰਕਿਰਿਆ ਵਿੱਚ ਦਹਿਸ਼ਤਗਰਦੀ ਪੈਦਾ ਹੋਈ ਅਤੇ ਫੈਲਦੀ ਗਈ ਹੈ। ਹਾਕਮ ਜਮਾਤ ਇੱਕ ਹੱਦ ਤੱਕ ਆਪਣੇ-ਆਪਣੇ ਹਿੱਤਾਂ ਲਈ ਇਸਦੀ ਵਰਤੋਂ ਵੀ ਕਰਦੀ ਰਹੀ ਹੈ। ਪਰ ਕਦੇ-ਕਦੇ ਇਹ ਉਨਾਂ ਦੇ ਹੱਥੋਂ ਬਾਹਰ ਨਿੱਕਲ਼ ਜਾਂਦੀ ਹੈ। ਦੋਨਾਂ ਹੀ ਸ਼ਕਲਾਂ ਵਿੱਚ ਇਸਦੀ ਕੀਮਤ ਲੋਕਾਂ ਨੂੰ ਭੁਗਤਣੀ ਪੈਂਦੀ ਹੈ।

ਤਬਦੀਲੀ ਪਸੰਦ ਵਿਦਿਆਰਥੀਆਂ-ਨੌਜਵਾਨਾਂ ਦਾ ਮੈਗਜ਼ੀਨ ਹੋਣ ਦੇ ਨਾਤੇ ‘ਲਲਕਾਰ’ ਇਸ ਘਟਨਾ ’ਤੇ ਦੁੱਖ ਪ੍ਰਗਟ ਕਰਦਾ ਹੈ ਅਤੇ ਇਸਦੀ ਸਖਤ ਨਿੰਦਿਆ ਕਰਦਾ ਹੈ। ‘ਲਲਕਾਰ’ ਦੇ ਪਿਛਲੇ ਅੰਕਾਂ ਵਿੱਚ ਅਸੀਂ ਦੱਸ ਚੁੱਕੇ ਹਾਂ ਕਿ ਇਹ ਨਿਸ਼ਚਿਤ ਹੈ ਕਿ ਦਹਿਸ਼ਤਗਰਦੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਸਕਦੀ। ਪਰ ਇਸੇ ਸਮੇਂ ਵਿੱਚ ਰਸਮੀ ਤੌਰ ’ਤੇ ਦੇਸ਼ ਭਗਤੀ ਦਾ ਮੁਜਾਹਰਾ ਕਰਨ ਦੀ ਬਜਾਇ ਇਸ ਸਮੱਸਿਆ ਦੀਆਂ ਜੜਾਂ ’ਤੇ ਗੰਭੀਰਤਾ ਨਾਲ਼ ਸੋਚਣ ਦੀ ਲੋੜ ਹੈ।

ਪੂੰਜੀਵਾਦੀ ਮੀਡੀਆ ਨੇ ਇਸ ਘਟਨਾ ਸਮੇਂ ਤੋਂ ਹੀ ਜਿਹੜਾ ਪਾਗਲਪਨ ਭਰਿਆ ਮਾਹੌਲ ਬਣਾ ਰੱਖਿਆ ਸੀ ਉਸ ਵਿੱਚ ਗੰਭੀਰਤਾ ਨਾਲ਼ ਸੋਚਣ ਦੀ ਲੋੜ ਹੋਰ ਵੀ ਵਧ ਗਈ ਹੈ। ਟੀ.ਆਰ.ਪੀ ਲਈ ਸਨਸਨੀ ਦੇ ਭੁੱਖੇ ਮੀਡੀਆ ਨੂੰ ਤਾਂ ਇਸ ਘਟਨਾ ਨੇ ਜਿਵੇਂ ਮੂੰਹ ਮੰਗੀ ਮੁਰਾਦ ਦੇ ਦਿੱਤੀ। ਘਟਨਾ ਵਾਲ਼ੇ ਦਿਨ ਤੋਂ ਹੀ ਸਾਰੇ ਟੀ.ਵੀ ਚੈਨਲ ਇੱਕ ਦੂਜੇ ਤੋਂ ਅੱਗੇ ਨਿਕਲਣ ਦੇ ਮੁਕਾਬਲੇ ਵਿੱਚ ਰੁੱਝ ਗਏ ਸਨ। ਕਿਸੇ ਦਾ ਕੈਮਰਾਮੈਨ ਕਮਾਂਡੋ ਦੇ ਪਿੱਛੇ-ਪਿੱਛੇ ਘੁਸਦਾ ਜਾ ਰਿਹਾ ਸੀ ਤਾਂ ਕਿਸੇ ਦਾ ਰਿਪੋਰਟਰ ਆਪਣੀ ਸਾਰੀ ਅਭਿਨੈ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਰਿਪੋਰਟਿੰਗ ਨੂੰ ਵੱਧ ਤੋਂ ਵੱਧ ਨਾਟਕੀ ਬਣਾ ਰਿਹਾ ਸੀ। ਗੋਲ਼ੀ ਚੱਲਣ, ਬੰਬ ਫਟਣ, ਅੱਗ ਲੱਗਣ, ਜਾਂ ਕਿਸੇ ਦੇ ਮਰਨ ਦੇ ਦ੍ਰਿਸ਼ ਨੂੰ ਕਿਸ ਨੇ ਸਭ ਤੋਂ ਪਹਿਲਾਂ ਦਿਖਾਇਆ ਇਸਨੂੰ ਦੱਸਣ ਦੇ ਮੁਕਾਬਲੇ ਦਾ ਬੇਸ਼ਰਮੀ ਭਰਿਆ ਪ੍ਰਦਸ਼ਨ ਲਗਾਤਾਰ ਤਿੰਨ ਦਿਨ ਤੱਕ ਚਲਦਾ ਰਿਹਾ। ਕੁੱਲ ਮਿਲਾ ਕੇ, ਇਸ ਪੂਰੀ ਘਟਨਾ ਨੂੰ ਦੇਸ਼ ਭਗਤੀ ਦੇ ਟਾਈਟਲ ਵਾਲ਼ੀ ਜਾਸੂਸੀ ਜਾਂ ਅਪਰਾਧ ਕਥਾ ਜਿਹਾ ਬਣਾ ਦਿੱਤਾ ਗਿਆ। ਜਿਆਦਾਤਰ ਚੈਨਲਾਂ-ਅਖ਼ਬਾਰਾਂ ਦੀ ਰਿਪੋਰਟਿੰਗ ਨੇ ਫਿਰਕਾਪ੍ਰਸਤੀ ਦਾ ਰੰਗ ਚਾੜ੍ਹੀ ਹੋਈ ਦੇਸ਼ ਭਗਤੀ ਅਤੇ ਅੰਨ੍ਹੀਆਂ ਕੌਮਵਾਦੀ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਕੀਤਾ। ਜਦੋਂ ਕਿ ਕੁੱਝ ਗੰਭੀਰ ਪੱਤਰਕਾਰਾਂ ਤੇ ਬੁੱਧੀਜੀਵੀਆਂ ਨੇ ਕਿਹਾ ਕਿ ਕਿਸੇ ਖਾਸ ਫਿਰਕੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਜਾਂ ਸਿੱਧਾ ਪਾਕਿਸਤਾਨ ਨੂੰ ਨਿਸ਼ਾਨਾ ਬਣਾਉਣਾ ਠੀਕ ਨਹੀਂ ਹੈ, ਪਰ ਇਹ ਧਾਰਾ ਕਮਜ਼ੋਰ ਸੀ।

ਇਸ ਗੱਲ ਵਿੱਚ ਬਹੁਤਾ ਸ਼ੱਕ ਨਹੀਂ ਕਿ ਇਸ ਹਮਲੇ ਪਿੱਛੇ ਜੈਸ਼-ਏ-ਮੁਹੰਮਦ ਜਾਂ ਲਸ਼ਕਰੇ-ਤੋਇਬਾ ਅਤੇ ਅਲਕਾਇਦਾ ਜਿਹੀਆਂ ਜਥੇਬੰਦੀਆਂ ਦਾ ਹੱਥ ਹੋ ਸਕਦਾ ਹੈ ਅਤੇ ਇਸ ਲਈ ਪਾਕਿਸਤਾਨ ਦੀ ਜ਼ਮੀਨ ਦਾ ਇਸਤੇਮਾਲ ਕੀਤਾ ਗਿਆ ਹੈ। ਪਾਕਿਸਤਾਨ ਵਿੱਚ ਅੱਜ ਕਈ ਜਮਾਤੀ ਤਾਕਤਾਂ ਦਾ ਟਕਰਾਅ ਬਹੁਤ ਤਿੱਖਾ ਹੋ ਚੁੱਕਿਆ ਹੈ ਅਤੇ ਬਹੁਤੀਆਂ ਤਾਕਤਾਂ ਸੱਤ੍ਹਾ ਦੇ ਕੰਟਰੋਲ ਤੋਂ ਅਜ਼ਾਦ ਹੋ ਕੇ ਕੰਮ ਕਰਦੀਆਂ ਹਨ। ਆਈ.ਐਸ.ਆਈ ਅਤੇ ਫੌਜ ਦਰਮਿਆਨ ਮੁੜ-ਸੁਰਜੀਤੀਵਾਦੀ ਕੱਟੜਪੰਥੀਆਂ ਦੇ ਮਜ਼ਬੂਤ ਧੜੇ ਹਨ ਅਤੇ ਇਹ ਪੂਰੀ ਤਰਾਂ ਸਰਕਾਰ ਦੇ ਕਹੇ ਅਨੁਸਾਰ ਨਹੀਂ ਚਲਦੇ। ਨਾਲ਼ ਹੀ ਇਹ ਵੀ ਸੱਚ ਹੈ ਕਿ ਜਦੋਂ ਵੀ ਹਾਕਮ ਜਮਾਤ ਆਰਥਿਕ-ਰਾਜਨੀਤਕ ਸੰਕਟ ਵਿੱਚ ਫਸਦੀ ਹੈ ਤਦ ਹੀ ਅੰਨ੍ਹੇ ਕੌਮਵਾਦ ਦੀ ਲਹਿਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨਾਲ਼ ਦੋਨਾਂ ਦੇਸ਼ਾਂ ਦੇ ਹੁਕਮਰਾਨਾਂ ਦੇ ਹਿੱਤ ਪੂਰੇ ਹੁੰਦੇ ਹਨ। ਆਪਣੀਆਂ ਆਪਣੀਆਂ ਹਾਕਮ ਜਮਾਤਾਂ ਦੀਆਂ ਲੋੜਾਂ ਮੁਤਾਬਿਕ ਕਦੀ ਇਹ ਜੰਗ ਲਈ ਉਤਾਰੂ ਦਿਖਾਈ ਦਿੰਦੇ ਹਨ ਤਾਂ ਕਦੇ ਗਲ਼ੇ ਮਿਲਦੇ ਨਜ਼ਰ ਆਉਂਦੇ ਹਨ। ਜਿਹੜਾ ਮੁਸ਼ੱਰਫ ਕਾਰਗਿਲ ਵਿੱਚ ਜੰਗ ਲਈ ਜਿੰਮੇਵਾਰ ਸੀ ਉਹੀ ਕੁੱਝ ਮਹੀਨਿਆਂ ਬਾਅਦ ਆਗਰਾ ਵਿੱਚ ਸ਼ਾਂਤੀ ਦੂਤ ਬਣਿਆ ਨਜ਼ਰ ਆਉਂਦਾ ਹੈ।

ਪਾਕਿਸਤਾਨ ਵਿੱਚ ਵੀ ਕੁੱਝ ਲੋਕਾਂ ਨੇ ਇਸ ਮੌਕੇ ’ਤੇ ਗੰਭੀਰਤਾ ਨਾਲ਼ ਕੰਮ ਕਰਨ ਦੀ ਗੱਲ ਕੀਤੀ। ਪਰ ਆਸਿਫ ਅਲੀ ਜ਼ਰਦਾਰੀ ਦੀ ਕੰਮਜ਼ੋਰ ਸੱਤ੍ਹਾ ਨੇ ਇਸ ਤਰਾਂ ਦੇ ਬਿਆਨ ਦੇ ਕੇ ਫਿਰ ਉਹੀ ਪੁਰਾਣਾ ਦਾਅ ਖੇਡਣਾ ਸ਼ੁਰੂ ਕੀਤਾ ਕਿ ਅਸੀਂ ਹਰ ਤਰ੍ਹਾਂ ਨਾਲ਼ ਤਿਆਰ ਹਾਂ — ਦੋਸਤੀ ਚਾਹੋ ਤਾਂ ਦੋਸਤੀ, ਜੰਗ ਚਾਹੋ ਤਾਂ ਜੰਗ ਕਰ ਲਓ! ਇਹ ਅਯੂਬ ਖਾਨ ਅਤੇ ਭੁੱਟੋ ਦੇ ਜਮਾਨੇ ਤੋਂ ਚੱਲਿਆ ਆ ਰਿਹਾ ਹੰਡਿਆ ਹੋਇਆ ਦਾਅ ਹੈ। ਭੁੱਲਣਾ ਨਹੀਂ ਚਾਹੀਦਾ ਕਿ ਪਾਕਿਸਤਾਨ ਦੀ ਆਰਥਿਕ ਹਾਲਤ ਇਸ ਸਮੇਂ ਇੰਨੀ

ਖਰਾਬ ਹੈ ਕਿ ਹੁਣ ਇੱਕ ਮਹੀਨਾ ਪਹਿਲਾਂ ਉਹ ਦਿਵਾਲੀਆ ਹੋਣ ਕਿਨਾਰੇ ਪਹੁੰਚ ਗਿਆ ਸੀ। ਅਜਿਹੇ ਸਮੇਂ ਵਿੱਚ, ਇਸ ਘਟਨਾਕ੍ਰਮ ਨਾਲ਼ ਜ਼ਰਦਾਰੀ ਵੀ ਰੋਟੀਆਂ ਸੇਕ ਰਿਹਾ ਹੈ ਅਤੇ ਭਾਰਤ-ਵਿਰੋਧੀ ਅੰਨ੍ਹੀ ਕੌਮਵਾਦੀ ਲਹਿਰ ਪੈਦਾ ਕਰਕੇ ਉਸਦਾ ਫਾਇਦਾ ਹਾਸਿਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਭਾਰਤੀ ਹਾਕਮ ਜਮਾਤ ਦੇ ਵੱਖ-ਵੱਖ ਧੜੇ ਵੀ ਆਪਣੇ-ਆਪਣੇ ਢੰਗ ਨਾਲ਼ ਇਸਦਾ ਫਾਇਦਾ ਹਾਸਿਲ ਕਰਨ ਵਿੱਚ ਲੱਗੇ ਹਨ। ਆਰਥਿਕ ਮੰਦੀ ਅਤੇ ਲੱਕਤੋੜ ਮਹਿੰਗਾਈ ਨਾਲ਼ ਜੂਝਣ ਵਿੱਚ ਪੂਰੀ ਤਰਾਂ ਅਸਫਲ ਮਨਮੋਹਨ ਸਿੰਘ ਸਰਕਾਰ ਨੂੰ ਬੁਨਿਆਦੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਦਾ ਮੌਕਾ ਮਿਲ ਗਿਆ ਹੈ। ਚੋਣਾਂ ਵਿੱਚ ਘੱਟ ਗਿਣਤੀ ਵੋਟਾਂ ਲਈ ਪੋਟਾ ਹਟਾਉਣ ਦਾ ਕਾਂਗਰਸ ਨੇ ਵਾਅਦਾ ਤਾਂ ਕੀਤਾ ਸੀ ਪਰ ਅਜਿਹਾ ਸਖ਼ਤ ਕਾਨੂੰਨ ਭਾਰਤੀ ਹਾਕਮ ਜਮਾਤ ਦੀ ਲੋੜ ਵੀ ਹੈ ਅਤੇ ਇਸ ਮੁੱਦੇ 'ਤੇ ਭਾਜਪਾ ਦੇ ਹਮਲੇ ਤੋਂ ਉਹ ਦਬਾਅ ਵਿੱਚ ਵੀ ਹੈ। ਇਸ ਘਟਨਾ ਬਹਾਨੇ ਉਸਨੂੰ ਪੋਟਾ ਨਾਲ਼ੋਂ ਵੀ ਸਖ਼ਤ ਕਾਨੂੰਨ ਲਾਗੂ ਕਰਨ ਦਾ ਮੌਕਾ ਮਿਲ ਗਿਆ ਹੈ।

ਉੱਧਰ ਭਾਜਪਾ ਨੂੰ ਇੱਕਦਮ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇੱਕ ਅਜਿਹਾ ਮੁੱਦਾ ਮਿਲ ਗਿਆ ਜਿਸਨੂੰ ਉਹ ਰੱਜ ਕੇ ਸੁਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਜਿਸਦੇ ਸ਼ੋਰ ਵਿੱਚ ਮਾਲੇਗਾਂਵ ਅਤੇ ਨਾਂਦੇੜ ਆਦਿ ਬੰਬ ਧਮਾਕਿਆਂ ਵਿੱਚ ਫੜੇ ਗਏ ਹਿੰਦੂ ਦਹਿਸ਼ਤਗਰਦਾਂ ਦਾ ਮਾਮਲਾ ਫਿਲਹਾਲ ਪਿੱਠਭੂਮੀ ਵਿੱਚ ਚਲਿਆ ਗਿਆ ਹੈ। ਸੰਘ ਜੁੰਡਲੀ ਦੀਆਂ ਜਥੇਬੰਦੀਆਂ ਨੂੰ ਅਸੀਂ ਪਹਿਲਾਂ ਹੀ ਦਹਿਸ਼ਤਗਰਦ ਮੰਨਦੇ ਹਾਂ — ਗੁਜ਼ਰਾਤ ਅਤੇ ਉੜੀਸਾ ਵਿੱਚ ਜਿਹੜਾ ਕੁੱਝ ਇਹਨਾਂ ਨੇ ਕੀਤਾ ਉਹ ਵੀ ਦਹਿਸ਼ਤਗਰਦੀ ਹੀ ਸੀ। ਯੋਜਨਾਬੱਧ ਢੰਗ ਨਾਲ਼ ਜੰਗਲੀ ਭੀੜ ਨੂੰ ਲੈ ਕੇ ਗਰਭਵਤੀ ਔਰਤਾਂ ਦੇ ਢਿੱਡ ਚੀਰ ਕੇ ਬੱਚਿਆਂ ਨੂੰ ਵੱਢ ਸੁੱਟਣ, ਸਮੂਹਿਕ ਬਲਾਤਕਾਰ, ਲੋਕਾਂ ਨੂੰ ਜਿਉਂਦੇ ਸਾੜ ਦੇਣਾ — ਇਹ ਸਭ ਬਰਬਰ, ਜੰਗਲੀ ਦਹਿਸ਼ਤਗਰਦੀ ਹੀ ਹੈ। ਪਰ ਇਹਨਾਂ ਦਾ ਦੂਜਾ ਰੂਪ ਵੀ ਲੋਕਾਂ ਸਾਹਮਣੇ ਨੰਗਾ ਹੋ ਰਿਹਾ ਸੀ ਜਿਸ 'ਤੇ ਹੁਣ ਪਰਦਾ ਪੈ ਗਿਆ ਹੈ। ਇਸ ਨੂੰ ਸੁਲਗਾਉਣ ਲਈ ਇਹ ਇੰਨੇ ਕਾਹਲੇ ਸਨ ਕਿ ਝੜਪ ਅਜੇ ਜਾਰੀ ਹੀ ਸੀ ਕਿ ਨਰਿੰਦਰ ਮੋਦੀ ਅਤੇ ਅਡਵਾਨੀ ਮੁੰਬਈ ਪਹੁੰਚ ਕੇ ਬਿਆਨਬਾਜ਼ੀ ਕਰਨ ਲੱਗੇ।

ਮੀਡੀਆ ਵਿੱਚ ਲਗਾਤਾਰ ਇਸ 'ਤੇ ਚਰਚਾ ਜ਼ਾਰੀ ਹੈ ਕਿ ਘਟਨਾ ਸੁਰੱਖਿਆ ਪ੍ਰਬੰਧਾਂ ਅਤੇ ਖੁਫੀਆ ਪ੍ਰਣਾਲ਼ੀ ਦੀਆਂ ਕਮੀਆਂ ਦਾ ਨਤੀਜਾ ਹੈ। ਪਰ ਸੱਚ ਤਾਂ ਇਹ ਹੈ ਕਿ ਮਹਿਜ ਪ੍ਰਬੰਧਾਂ 'ਤੇ ਚੌਕਸੀ ਵਧਾ ਕੇ ਅਜਿਹੇ ਹਮਲਿਆਂ ਨੂੰ ਨਹੀਂ ਰੋਕਿਆ ਜਾ ਸਕਦਾ। ਜੇਕਰ ਭਾਰਤ ਇਜ਼ਰਾਇਲ ਨਾਲ਼ ਹਥਿਆਰਾਂ ਦੇ ਸੌਦੇ ਕਰੇਗਾ, ਅਮਰੀਕਾ ਦੇ ਇਸ਼ਾਰੇ 'ਤੇ ਇਰਾਨ ਵਿਰੋਧੀ ਬਿਆਨ ਦੇਵੇਗਾ, ਕੌਮਾਂਤਰੀ ਮੰਚਾਂ 'ਤੇ ਫਿਲਿਸਤੀਨ ਨਾਲ਼ ਵਿਖਾਈ ਜਾਣ ਵਾਲ਼ੀ ਰਸਮੀ ਏਕਤਾ ਤੋਂ ਵੀ ਪਿੱਛੇ ਹਟੇਗਾ, ਅਫਗਾਨਿਸਤਾਨ ਵਿੱਚ ਹਾਮਿਦ ਕਰਜਈ ਦੀ ਅਮਰੀਕੀ ਕਠਪੁਤਲੀ ਸਰਕਾਰ ਨਾਲ਼ ਗਲਵੱਕੜੀਆਂ ਪਾਵੇਗਾ ਅਤੇ ਅਮਰੀਕੀ ਟੱਟੂ ਦੀ ਤਰ੍ਹਾਂ ਵਿਚਰੇਗਾ ਤਾਂ ਖੁਦ ਅਮਰੀਕਾ ਦੇ ਪੈਦਾ ਕੀਤੇ ਹੋਏ ਤਾਲੀਬਾਨ ਅਤੇ ਅਲਕਾਇਦਾ ਜਿਹੇ ਭਸਮਾਸੁਰਾਂ ਦਾ ਇੱਥੇ ਜਾਂ ਉੱਥੇ ਨਿਸ਼ਾਨਾ ਬਣਨ ਤੋਂ ਭਲਾ ਕਦੋਂ ਤੱਕ ਬਚੇਗਾ। ਭਾਰਤੀ ਵਿਦੇਸ਼ ਨੀਤੀ ਕਰਕੇ ਇਸ ਦੀ ਦਿੱਖ ਦਿਨੋਂ-ਦਿਨ ਅਮਰੀਕਾਪ੍ਰਸਤ ਅਤੇ ਪੱਛਮਪ੍ਰਸਤ ਬਣਦੀ ਜਾ ਰਹੀ ਹੈ। ਬਿਨਾਂ ਸ਼ੱਕ, ਦਹਿਸ਼ਤਗਰਦੀ ਰਾਹੀਂ ਸਾਮਰਾਜਵਾਦ ਦਾ ਕੋਈ ਵਿਰੋਧ ਨਹੀਂ ਕੀਤਾ ਜਾ ਸਕਦਾ। ਅੰਤ ਵਿੱਚ ਇਹ ਸਾਮਰਾਜਵਾਦ ਨੂੰ ਫਾਇਦਾ ਹੀ ਪਹੁੰਚਾਉਂਦੀ ਹੈ ਪਰ ਜਿਹੜੀ ਦਹਿਸ਼ਤਗਰਦ ਜਥੇਬੰਦੀ ਸੋਚਦੀ ਹੈ ਕਿ ਆਪਣੇ ਢੰਗ ਨਾਲ਼ ਸਾਮਰਾਜਵਾਦ 'ਤੇ ਚੋਟ ਕਰ ਰਹੀ ਹੈ ਉਨ੍ਹਾਂ ਨੇ ਭਾਰਤ ਨੂੰ ਵੀ ਨਿਸ਼ਾਨੇ 'ਤੇ ਲੈ ਲਿਆ ਹੈ।

ਇਸਦੇ ਨਾਲ਼ ਹੀ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਅਡਵਾਨੀ ਦੀ ਰਥ ਯਾਤਰਾ ਅਤੇ ਬਾਬਰੀ ਮਸਜਿਦ ਢਾਹੇ ਜਾਣ ਸਮੇਂ ਤੋਂ ਹੋ ਰਹੀਆਂ ਘਟਨਾਵਾਂ ਦੇਸ਼ ਦੇ ਘੱਟ ਗਿਣਤੀ ਫਿਰਕਿਆਂ ਵਿੱਚ ਅਲਹਿਦਗੀ ਅਤੇ ਅਪਮਾਨ ਨੂੰ ਲਗਾਤਾਰ ਵਧਾਉਂਦੀਆਂ ਜਾ ਰਹੀਆਂ ਹਨ। ਕਿਸੇ ਇਨਕਲਾਬੀ ਬਦਲ ਦੀ ਗੈਰਮੌਜੂਦਗੀ ਵਿੱਚ ਉਹਨਾਂ ਦੀ ਡੂੰਘੀ ਨਿਰਾਸ਼ਾ ਅਤੇ ਘੁਟਣ ਵਧਦੀ ਜਾ ਰਹੀ ਹੈ। ਜਦੋਂ ਗੁਜ਼ਰਾਤ ਜਿਹੇ ਕਤਲੇਆਮ ਅਤੇ ਟੀ.ਵੀ. 'ਤੇ ਬਾਬੂ ਬਜਰੰਗੀ ਜਿਹੇ ਲੋਕਾਂ ਨੂੰ ਸ਼ਰੇਆਮ ਆਪਣੀਆਂ ਬਰਬਰ ਹਰਕਤਾਂ ਨੂੰ ਬਿਆਨ ਕਰਦੇ ਦਿਖਾਉਣ ਤੋਂ ਬਾਅਦ ਵੀ ਕਿਸੇ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ ਹੈ ਅਤੇ ਦੂਜੇ ਪਾਸੇ ਮਹਿਜ ਘੱਟ ਗਿਣਤੀ ਹੋਣ ਕਾਰਨ ਹਜ਼ਾਰਾਂ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਟਾਰਚਰ ਕੀਤਾ ਜਾਂਦਾ ਹੈ, ਜਾਅਲੀ ਇਨਕਾਉਂਟਰਾਂ ਵਿੱਚ ਮਾਰ ਦਿੱਤਾ ਜਾਂਦਾ ਹੈ ਤਾਂ ਇਸ ਦੇਸ਼ ਵਿੱਚ ਇਨਸਾਫ ਮਿਲਣ ਦੀ ਉਨਾਂ ਦੀ ਉਮੀਦ ਦਿਨੋਂ ਦਿਨ ਖ਼ਤਮ ਹੁੰਦੀ ਜਾਂਦੀ ਹੈ। ਅਜਿਹੇ ਸਮੇਂ ਵਿੱਚ ਡੂੰਘੀ ਨਿਰਾਸ਼ਾ ਅਤੇ ਮਜ਼ਬੂਰੀ ਦੀ ਹਾਲਤ ਵਿੱਚ ਕੋਈ ਉਪਾਅ ਨਾ ਦੇਖ ਸਕਣ ਦੇ ਨਤੀਜੇ ਵਜੋਂ ਕੁੱਝ ਨੌਜਵਾਨ ਦਹਿਸ਼ਤਗਰਦੀ ਵੱਲ ਮੁੜ ਸਕਦੇ ਹਨ। ਮੁੰਬਈ ਵਰਗੀਆਂ ਘਟਨਾਵਾਂ ਬਾਅਦ ਬਣਿਆ ਮਾਹੌਲ, ਜਿਸ 'ਚ ਮੀਡੀਆ ਦੀ ਮੁੱਖ ਭੂਮਿਕਾ ਹੈ, ਘੱਟ ਗਿਣਤੀਆਂ ਦੀ ਅਲਹਿਦਗੀ ਨੂੰ ਹੋਰ ਵਧਾ ਹੀ ਰਿਹਾ ਹੈ। ਅਖ਼ਬਾਰਾਂ ਵਿੱਚ ਵੀ ਅਜਿਹੀਆਂ ਅਨੇਕਾਂ ਘਟਨਾਵਾਂ ਦੀਆਂ ਖ਼ਬਰਾਂ ਆਈਆਂ ਹਨ ਕਿ 26 ਨਵੰਬਰ ਤੋਂ ਬਾਅਦ ਸਕੂਲ ਤੋਂ ਲੈ ਕੇ ਦਫ਼ਤਰ ਅਤੇ ਰੇਲਾਂ-ਬੱਸਾਂ ਤੱਕ ਵਿੱਚ ਲੋਕਾਂ ਨੂੰ ਉਨਾਂ ਦੇ ਮਜ਼੍ਹਬ ਕਾਰਨ ਬੇਇੱਜਤ ਕੀਤਾ ਗਿਆ ਹੈ। ਪੂੰਜੀਵਾਦੀ ਰਾਜ ਦੇ ਹਿੱਤ ਵਿੱਚ ਦੂਰ ਤੱਕ ਸੋਚਣ ਵਾਲ਼ੇ ਕੁੱਝ ਗੰਭੀਰ ਬੁੱਧੀਜੀਵੀ ਸੰਜਮ ਤੋਂ ਕੰਮ ਲੈਣ ਦੀ ਸਲਾਹ ਦੇ ਰਹੇ ਹਨ ਅਤੇ ਅਜਿਹੀਆਂ ਗੱਲਾਂ ਕਰ ਰਹੇ ਹਨ ਕਿ ਸੰਕਟ ਦੀ ਇਸ ਘੜੀ ਵਿੱਚ ਸਾਨੂੰ ਸਭ ਨੂੰ ਇੱਕ ਰਹਿਣਾ ਚਾਹੀਦਾ ਹੈ, ਆਦਿ। ਪਰ ਬਦਲੇ ਵਿੱਚ ਇਹ ਵੀ ਉਸ ਫਿਰਕੇ ਦੀ ਅਲਹਿਦਗੀ ਨੂੰ ਵਧਾਉਣ ਦਾ ਹੀ ਕੰਮ ਕਰਦੇ ਰਹੇ ਹਨ ਜਿਸਦੀ ਵਫਾਦਾਰੀ ਨੂੰ ਹਿੰਦੂ ਕੱਟੜਪੰਥੀ ਪਾਕਿਸਤਾਨ ਨਾਲ਼ ਜੋੜ ਕੇ ਗੈਰ-ਦੇਸ਼ ਭਗਤ ਸਾਬਿਤ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ।

ਇਸ ਸਮੇਂ ਦੇਸ਼ ਦੀ ਏਕਤਾ ਦੀਆਂ ਕਾਫੀ ਗੱਲਾਂ ਕੀਤੀਆਂ ਜਾ ਰਹੀਆਂ ਹਨ ਜਿਵੇਂ ਟਾਟਾ-ਬਿਰਲਾ-ਅੰਬਾਨੀ ਤੋਂ ਲੈ ਕੇ ਵੀਹ ਰੁਪਏ ਰੋਜ਼ਾਨਾ 'ਤੇ ਜਿਉਣ ਵਾਲ਼ੇ 84 ਕਰੋੜ ਗਰੀਬ

ਲੋਕਾਂ ਤੱਕ ਸਭ ਦੇ ਹਿੱਤ ਇੱਕੋ ਹੀ ਹੋਣ। ਅੱਜ ਤੱਕ ਦੇਸ਼ ਭਰ ਵਿੱਚ ਹੋਣ ਵਾਲ਼ੇ ਬੰਬ ਵਿਸਫੋਟਾਂ, ਦੰਗੇ-ਫਸਾਦਾਂ ਵਿੱਚ ਹਜ਼ਾਰਾਂ ਆਮ ਲੋਕ ਮਰਦੇ ਰਹੇ, ਉਨਾਂ ਦੇ ਘਰ ਸੜਦੇ ਰਹੇ ਪਰ ਇਨਾਂ ਵੱਡਾ ਮੁੱਦਾ ਕਦੇ ਨਹੀਂ ਬਣਿਆਂ। ਇਸ ਵਾਰ ਸਭ ਤੋਂ ਵੱਧ ਰੌਲ਼ਾ ਇਸ ਲਈ ਵੀ ਮਚਾਇਆ ਗਿਆ ਹੈ ਕਿ ਦਹਿਸ਼ਤਗਰਦਾਂ ਨੇ ਤਾਜ਼ ਹੋਟਲ ਜਿਹੇ ਭਾਰਤ ਦੇ "ਆਰਥਿਕ ਪ੍ਰਤੀਕ ਚਿੰਨ੍ਹਾਂ" 'ਤੇ ਹਮਲਾ ਕੀਤਾ ਹੈ। ਉਸ ਤਾਜ਼ ਹੋਟਲ 'ਤੇ ਜਿਸ ਬਾਰੇ ਇੱਕ ਅਖ਼ਬਾਰ ਨੇ ਲਿਖਿਆ ਕਿ ਤਾਜ ਵਿੱਚ ਵੜਨ 'ਤੇ ਪਤਾ ਲਗਦਾ ਹੈ ਕਿ ਅੱਯਾਸ਼ੀ ਅਤੇ ਸ਼ਾਨੋ ਸ਼ੌਕਤ ਕੀ ਹੁੰਦੀ ਹੈ! ਜਿਸਦੇ ਇੱਕ ਸੁਇਟ ਦਾ ਇੱਕ ਦਿਨ ਦਾ ਕਿਰਾਇਆ ਇੱਕ ਮਜ਼ਦੂਰ ਦੀ ਸਾਰੇ ਸਾਲ ਦੀ ਕਮਾਈ ਤੋਂ ਵੀ ਵੱਧ ਹੁੰਦਾ ਹੈ! ਛੱਤਰਪਤੀ ਸ਼ਿਵਾਜੀ ਟਰਮੀਨਲ 'ਤੇ ਸਭ ਤੋਂ ਵੱਡੀ ਸੰਖਿਆ ਵਿੱਚ ਮਾਰੇ ਗਏ ਲੋਕਾਂ ਲਈ ਇੰਨੀ ਚਿੰਤਾ ਅਤੇ ਦੁੱਖ ਨਹੀਂ ਪ੍ਰਗਟ ਕੀਤਾ ਜਾ ਰਿਹਾ ਜਿਨਾਂ ਕਿ ਤਾਜ ਅਤੇ ਓਬਰਾਏ ਹੋਟਲਾਂ ਵਿੱਚ ਮਰਨ ਵਾਲ਼ਿਆਂ ਲਈ। ਸੀ ਐਸ ਟੀ ਸਟੇਸ਼ਨ ਵਿੱਚ ਮਰਨ ਵਾਲ਼ੇ ਸਾਰੇ ਆਮ ਲੋਕ ਸਨ — ਕੋਈ ਸਾਰੇ ਦਿਨ ਦੀ ਮਿਹਨਤ ਤੋਂ ਬਾਅਦ ਘਰ ਵਾਪਸ ਪਰਤ ਰਿਹਾ ਸੀ, ਕੋਈ ਪਰਿਵਾਰ ਸਮੇਤ ਆਪਣੇ ਪਿੰਡ ਜਾ ਰਿਹਾ ਸੀ, ਕੋਈ ਨੌਕਰੀ ਦੀ ਇੰਟਰਵਿਊ ਲਈ ਟਰੇਨ ਫੜਨ ਆਇਆ ਸੀ। ਪਰ ਇਸ ਸਮਾਜ ਵਿੱਚ ਆਮ ਆਦਮੀ ਦੀ ਜਿੰਦਗੀ ਵੀ ਸਸਤੀ ਹੁੰਦੀ ਹੈ ਅਤੇ ਉਸਦੀ ਮੌਤ ਵੀ।

ਮੁੰਬਈ ਦੀ ਘਟਨਾ ਮਗਰੋਂ ਸੱਨਅਤਕਾਰਾਂ ਤੋਂ ਲੈ ਕੇ ਫਿਲਮ ਸਟਾਰਾਂ ਤੱਕ ਉੱਪਰੀ ਤਬਕੇ ਦੇ ਸਾਰੇ ਲੋਕ ਅਚਾਨਕ ਦਹਿਸ਼ਤਗਰਦੀ ਖਿਲਾਫ਼ ਸੜਕ 'ਤੇ ਉੱਤਰ ਆਏ ਕਿਉਂਕਿ ਇਸ ਹਮਲੇ ਨੇ ਪਹਿਲੀ ਵਾਰ ਉਹਨਾਂ ਵਿੱਚ ਆਪਣੀ ਜਾਨ ਦਾ ਖ਼ੌਫ ਪੈਦਾ ਕਰ ਦਿੱਤਾ ਹੈ। ਹੁਣ ਤੱਕ ਦਹਿਸ਼ਤਗਰਦ ਹਮਲਿਆਂ ਵਿੱਚ ਅਕਸਰ ਆਮ ਲੋਕ ਹੀ ਮਰਦੇ ਸਨ ਅਤੇ ਉਹ ਸੋਚਦੇ ਸਨ ਕਿ ਬੰਦੂਕਧਾਰੀ ਸਕਿਊਰਟੀ ਗਾਰਡਾਂ ਅਤੇ ਉੱਚੀਆਂ ਕੰਧਾਂ ਨਾਲ਼ ਘਿਰੇ ਆਪਣੇ ਮਹਿਲਾਂ ਵਿੱਚ ਉਹ ਸੁਰੱਖਿਅਤ ਹਨ, ਪਰ ਇਸ ਵਾਰ ਉਹਨਾਂ ਨੂੰ ਲੱਗਣ ਲੱਗਿਆ ਕਿ ਹੁਣ ਤਾਂ ਹੱਦ ਹੀ ਹੋ ਗਈ! ਹੁਣ ਤਾਂ ਅਸੀਂ ਵੀ ਸੁਰੱਖਿਅਤ ਨਹੀਂ!

ਇਸਦਾ ਇੱਕ ਦੂਜਾ ਪਹਿਲੂ ਵੀ ਹੈ। ਇਸ ਘਟਨਾ ਨੇ ਦੇਸ਼ ਦੀ ਚੋਰ, ਭ੍ਰਿਸ਼ਟ, ਅੱਯਾਸ਼ ਅਤੇ ਅਪਰਾਧੀ ਨੇਤਾਸ਼ਾਹੀ ਖਿਲਾਫ ਆਮ ਲੋਕਾਂ ਦੇ ਰੋਸ ਨੂੰ ਸੁਰ ਦੇਣ ਦਾ ਇੱਕ ਜ਼ਰੀਆ ਵੀ ਬਣ ਗਈ। ਲੀਡਰਾਂ ਦੀ ਲੁੱਟ-ਘਸੁੱਟ, ਨਿਕੰਮਾਪਣ ਅਤੇ ਖੁਦ ਭਿਆਨਕ ਖਰਚੀਲੀ ਸੁਰੱਖਿਆ ਪ੍ਰਣਾਲ਼ੀ ਵਿੱਚ ਰਹਿੰਦੇ ਹੋਏ ਲੋਕਾਂ ਦੀ ਸੁਰੱਖਿਆ 'ਤੇ ਧਿਆਨ ਨਾ ਦੇਣ ਵਾਲ਼ੇ ਲੀਡਰਾਂ 'ਤੇ ਲੋਕਾਂ ਦਾ ਸਾਲਾਂ ਤੋਂ ਇਕੱਠਾ ਹੋਇਆ ਗੁੱਸਾ ਫੁੱਟ ਪਿਆ। ਇਸ ਘਟਨਾ 'ਤੇ ਲੋਕਾਂ ਦੀ ਪ੍ਰਤੀਕਿਰਿਆ ਦੇ ਕਈ ਪਹਿਲੂ ਸਨ ਪਰ ਸਭ ਤੋਂ ਵੱਧ ਨਫ਼ਰਤ ਅਤੇ ਗੁੱਸਾ ਹਰ ਪਾਰਟੀ ਦੀ ਨੇਤਾਸ਼ਾਹੀ ਦੇ ਖਿਲਾਫ ਸੀ। ਕਿਸੇ ਨੇ ਕਿਹਾ ਕਿ ਨੇਤਾ ਹਰ ਵਾਰੀ ਕਹਿੰਦੇ ਹਨ ਕਿ ਉਹ ਲੋਕਾਂ ਲਈ ਆਪਣੀ ਜਾਨ ਨਿਛਾਵਰ ਕਰ ਦੇਣਗੇ ਤਾਂ ਕਿਉਂ ਨਹੀਂ ਉਹ ਆਪਣੀ ਸੁਰੱਖਿਆ ਛੱਡ ਕੇ ਲੋਕਾਂ ਵਿੱਚ ਆ ਜਾਂਦੇ। ਇੱਕ ਇਸਤਰੀ ਨੇ ਕਿਹਾ ਕਿ ਜਿੰਨੀ ਸੁਰੱਖਿਆ ਹਰ ਇੱਕ ਨੇਤਾ ਨੂੰ ਦਿੱਤੀ ਜਾਂਦੀ ਹੈ ਉਸ ਵਿੱਚ ਬੱਚਿਆਂ ਦੇ ਹਰ ਇੱਕ ਸਕੂਲ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ — ਕੀ ਸੈਂਕੜੇ ਬੱਚਿਆਂ ਦੀ ਜਾਨ ਇੱਕ ਨੇਤਾ ਤੋਂ ਵੀ ਘੱਟ ਕੀਮਤੀ ਹੈ? ਬਿਨਾਂ ਸ਼ੱਕ ਲੋਕਾਂ ਦੇ ਗੁੱਸੇ ਦਾ ਇਹ ਉਭਾਰ ਫੌਰੀ ਹੈ ਅਤੇ ਕਿਸੇ ਜਥੇਬੰਦ ਅੰਦੋਲਨ ਦੀ ਘਾਟ ਵਿੱਚ ਜਲਦੀ ਹੀ ਇਹ ਸ਼ਾਂਤ ਹੋ ਜਾਵੇਗਾ, ਪਰ ਇਸਨੇ ਸੱਤ੍ਹਾ ਪੱਖ ਵਾਲ਼ਿਆਂ ਦੀ ਪੂਰੀ ਜਮਾਤ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਕਰਵਾ ਦਿੱਤਾ ਹੋਵੇਗਾ ਕਿ ਲੋਕਾਂ ਦੇ ਮਨਾਂ ਵਿੱਚ ਲੀਡਰਾਂ ਖਿਲਾਫ਼ ਕਿਸ ਹੱਦ ਤੱਕ ਨਫ਼ਰਤ ਭਰੀ ਹੋਈ ਹੈ।

ਮੁੰਬਈ ਦੀ ਘਟਨਾ ਕੋਈ ਵੱਖਰੀ ਘਟਨਾ ਨਹੀਂ ਹੈ ਅਤੇ ਨਾ ਹੀ ਸੁਰੱਖਿਆ ਦੇ ਸਰਕਾਰੀ ਤੌਰ ਤਰੀਕਿਆਂ ਨੂੰ ਚੁਸਤ-ਦਰੁਸਤ ਕਰਨ ਨਾਲ਼ ਅਜਿਹੀਆਂ ਘਟਨਾਵਾਂ ਦੇ ਮੁੜ ਦੁਹਰਾਓ ਨੂੰ ਰੋਕਿਆ ਜਾ ਸਕਦਾ ਹੈ। ਸਵਾਲ ਨੂੰ ਵਿਆਪਕ ਸੰਦਰਭਾਂ ਵਿੱਚ ਦੇਖਣਾ ਹੋਵੇਗਾ। ਦਹਿਸ਼ਤਗਰਦੀ ਇੱਕ ਸੰਸਾਰ ਵਿਆਪੀ ਵਰਤਾਰਾ ਵੀ ਹੈ। ਜਿਸ ਦੀਆਂ ਜੜ੍ਹਾਂ ਸਾਮਰਾਜਵਾਦੀ ਦੇਸ਼ਾਂ ਦੀਆਂ ਨੀਤੀਆਂ ਵਿੱਚ ਹਨ। ਭਾਰਤੀ ਸਮਾਜ ਦਾ ਵੀ ਇਹ ਇੱਕ ਲਾਇਲਾਜ ਰੋਗ ਬਣ ਚੁੱਕਿਆ ਹੈ ਜਿਸ ਨੂੰ ਇੱਥੋਂ ਦੀਆਂ ਆਰਥਿਕ-ਰਾਜਨੀਤਕ ਹਾਲਤਾਂ ਨੇ ਪੈਦਾ ਕੀਤਾ ਹੈ ਅਤੇ ਖਾਦ-ਪਾਣੀ ਦਿੱਤਾ ਹੈ। ਇਹ ਪੂੰਜੀਵਾਦੀ ਢਾਂਚੇ ਦੇ ਚੌਤਰਫਾ ਸੰਕਟ ਦਾ ਇੱਕ ਹੋਰ ਪ੍ਰਗਟਾਵਾ ਹੈ। ਵੱਖ-ਵੱਖ ਰੂਪਾਂ ਵਿੱਚ ਦਹਿਸ਼ਤਗਰਦ ਘਟਨਾਵਾਂ ਪੂਰੇ ਦੇਸ਼ ਵਿੱਚ ਹੋ ਰਹੀਆਂ ਹਨ। ਇਸ ਢਾਂਚੇ ਕੋਲ਼ ਇਸਦਾ ਕੋਈ ਹੱਲ ਨਹੀਂ ਹੈ, ਸਗੋਂ ਢਾਂਚੇ ਦਾ ਆਰਥਿਕ ਸੰਕਟ ਇਸ ਲਈ ਹੋਰ ਜ਼ਮੀਨ ਤਿਆਰ ਕਰ ਰਿਹਾ ਹੈ। ਦਹਿਸ਼ਤਗਰਦੀ ਇਸ ਢਾਂਚੇ ਦਾ ਇੱਕ ਅਜਿਹਾ ਨਾਸੂਰ ਹੈ ਜੋ ਰਿਸਦਾ ਰਹੇਗਾ ਅਤੇ ਸਮਾਜ ਵਿੱਚ ਕਲ਼ੇਸ਼ ਅਤੇ ਤਕਲੀਫ਼ ਪੈਦਾ ਕਰਦਾ ਰਹੇਗਾ। ਲੋਕਾਂ ਨੂੰ ਆਪਸ ਵਿੱਚ ਲੜਾਉਣ ਵਾਲ਼ੇ ਇਸ ਲੁਟੇਰੇ ਅਤੇ ਅਤਿਆਚਾਰੀ ਢਾਂਚੇ ਦੇ ਖਾਤਮੇ ਨਾਲ਼ ਹੀ ਇਸ ਨਾਸੂਰ ਦਾ ਵੀ ਅੰਤ ਹੋਵੇਗਾ।


ਲੋਕਾਂ ਦਾ ਇੱਕ ਹਿੱਸਾ ਇਨਾਂ ਗੱਲਾਂ ਨੂੰ ਸਮਝਦਾ ਵੀ ਹੈ ਪਰ ਲੋਕਾਂ ਦਾ ਵੱਡਾ ਹਿੱਸਾ ਅੰਨ੍ਹੇ ਕੌਮਵਾਦੀ ਜਨੂੰਨ ਵਿੱਚ ਵਹਿਣ ਵੀ ਲੱਗਿਆ ਹੈ। ਹਾਕਮ ਜਮਾਤ ਦੇ ਹਿੱਤ ਵੀ ਇਸ ਨਾਲ਼ ਪੂਰੇ ਹੁੰਦੇ ਹਨ। ਦਹਿਸ਼ਤਗਰਦੀ ਰੋਕਣ ਦੇ ਨਾਂ 'ਤੇ ਕੌਮੀ ਜਾਂਚ ਏਜੰਸੀ ਗਠਿਤ ਕਰਨ ਅਤੇ ਪੋਟਾ ਤੋਂ ਵੀ ਸਖਤ ਕਾਨੂੰਨ ਬਣਾਉਣ ਦੀਆਂ ਜਿਹੜੀਆਂ ਕਵਾਇਦਾਂ ਕੀਤੀਆਂ ਜਾ ਰਹੀਆਂ ਹਨ ਉਹਨਾਂ ਨਾਲ਼ ਦਹਿਸ਼ਤਗਰਦੀ ਨੂੰ ਤਾਂ ਰੋਕਿਆ ਨਹੀਂ ਜਾ ਸਕੇਗਾ। ਪਰ ਇਸਦੀ ਅਸਲੀ ਵਰਤੋਂ ਹੋਵੇਗੀ ਕਿਰਤੀਆਂ ਦੀਆਂ ਲਹਿਰਾਂ ਨੂੰ ਕੁਚਲਣ ਲਈ। ਰਾਸੂਕਾ ਅਤੇ ਟਾਡਾ ਤੋਂ ਲੈ ਕੇ ਪੋਟਾ ਤੱਕ ਇਸਦੀਆਂ ਉਦਾਹਰਨਾਂ ਹਨ।

ਇਸ ਤਰਾਂ ਦੀ ਦਹਿਸ਼ਤਗਰਦੀ ਲੋਕਾਂ ਦੀ ਅਸਲੀ ਮੁਕਤੀ ਲਹਿਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਦਹਿਸ਼ਤਗਰਦੀ ਦੇ ਰਾਹ ਨਾਲ਼ ਲੋਕ ਕੁੱਝ ਨਹੀਂ ਹਾਸਿਲ ਕਰ ਸਕਦੇ। ਅਸਲੀ ਸਵਾਲ ਇੱਕ ਇਨਕਲਾਬੀ ਬਦਲ ਖੜ੍ਹਾ ਕਰਨ ਦਾ ਹੈ। ਕਿਰਤੀ ਜਮਾਤ ਦੇ ਉੱਨਤ ਜਮਾਤੀ ਤੌਰ 'ਤੇ ਸੁਚੇਤ ਤੱਤਾਂ ਨੂੰ ਇਸ ਗੱਲ ਨੂੰ ਸਮਝਣਾ ਹੋਵੇਗਾ ਅਤੇ ਵਿਸ਼ਾਲ ਕਿਰਤੀ ਲੋਕਾਂ ਨੂੰ ਇਸ ਲਈ ਜਥੇਬੰਦ ਕਰਨ ਦੀ ਤਿਆਰੀ ਕਰਨੀ ਹੋਵੇਗੀ।

● ● ● ● ● ● ● ●

79 ਵੇਂ ਸ਼ਹਾਦਤ ਦਿਵਸ (23 ਮਾਰਚ,2009) 'ਤੇ ਵਿਸ਼ੇਸ਼

ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿੱਚ ਇਨਕਲਾਬ ਦੇ ਅਰਥ



"ਇਨਕਲਾਬੀ ਵਿਸ਼ਵਾਸ਼ ਰੱਖਦੇ ਹਨ ਕਿ ਉਹਨਾਂ ਦੇ ਦੇਸ਼ ਦੀ ਬੰਦ ਖਲਾਸੀ ਇਨਕਲਾਬੀ ਢੰਗ ਰਾਹੀਂ ਹੀ ਹੋਵੇਗੀ। ਇਨਕਲਾਬ ਜਿਸਦੀ ਉਹ ਕਾਮਨਾ ਕਰਦੇ ਹਨ ਅਤੇ ਜਿਸ ਲਈ ਉਹ ਲਗਾਤਾਰ ਕੰਮ ਕਰ ਰਹੇ ਹਨ, ਸਿਰਫ਼ ਬਦੇਸ਼ੀ ਸਰਕਾਰ ਅਤੇ ਉਸ ਦੇ ਹਮਾਇਤੀਆਂ ਅਤੇ ਜਨਤਾ ਵਿਚਾਲੇ ਹਥਿਆਰਬੰਦ ਲੜਾਈ ਦੀ ਸ਼ਕਲ ਵਿੱਚ ਹੀ ਨਹੀਂ ਹੋਵੇਗਾ ਸਗੋਂ ਇੱਕ ਨਵੇਂ ਸਮਾਜਿਕ ਢਾਂਚੇ ਦਾ ਸੂਚਕ ਹੋਵੇਗਾ। ਇਹ ਯੁੱਗ ਪਲਟਾ ਪੂੰਜੀਵਾਦ ਅਤੇ ਹਰ ਤਰ੍ਹਾਂ ਦੇ ਜਮਾਤੀ ਵਖਰੇਵਿਆਂ ਅਤੇ ਵਿਤਕਰਿਆਂ ਦਾ ਖ਼ਾਤਮਾ ਕਰ ਦੇਵੇਗਾ। ਅੱਜ ਜੋ ਲੱਖਾਂ ਲੋਕ ਭੁੱਖ ਮਰੀ ਦੇ ਸ਼ਿਕਾਰ ਹੋ ਰਹੇ ਹਨ ਅਤੇ ਵਿਦੇਸ਼ੀ ਅਤੇ ਦੇਸੀ ਲੁਟੇਰਿਆਂ ਦੇ ਜੂਲੇ ਹੇਠ ਪਿਸ ਰਹੇ ਹਨ ਉਹਨਾਂ ਵਾਸਤੇ ਇਹ ਖੁਸ਼ੀ ਅਤੇ ਖੁਸ਼ਹਾਲੀ ਲਿਆਏਗਾ। ਇਹ ਕੌਮ ਨੂੰ ਨਵਾਂ ਜੀਵਨ ਦੇਵੇਗਾ, ਇਹ ਨਵੇਂ ਸਮਾਜ ਦਾ ਜਨਮ ਦਾਤਾ ਹੋਵੇਗਾ। ਇਸ ਤੋਂ ਵੱਧ ਕੇ ਇਹ ਕਿਰਤੀ ਦੀ ਸਰਦਾਰੀ ਸਥਾਪਤ ਕਰਕੇ ਸਮਾਜਿਕ ਜੋਕਾਂ ਨੂੰ ਸਦਾ ਲਈ ਰਾਜ ਗੱਦੀਉਂ ਹਟਾ ਦੇਵੇਗਾ।" *('ਬੰਬ ਦਾ ਫਲਸਫਾ' ਵਿੱਚੋਂ)*

"...ਸਮਾਜਿਕ ਤਬਦੀਲੀ ਸਦਾ ਤਾਕਤ ਅਤੇ ਖ਼ਾਸ ਸਹੂਲਤਾਂ ਮਾਨਣ ਵਾਲ਼ਿਆਂ ਲਈ ਡਰ ਪੈਦਾ ਕਰਦੀ ਹੈ। ਇਨਕਲਾਬ ਇੱਕ ਅਜਿਹਾ ਕ੍ਰਿਸ਼ਮਾ ਹੈ ਜਿਸ ਨੂੰ ਕੁਦਰਤ ਪਿਆਰ ਕਰਦੀ ਹੈ ਅਤੇ ਜਿਸ ਦੇ ਬਗ਼ੈਰ ਕੋਈ ਉੱਨਤੀ ਨਹੀਂ ਹੋ ਸਕਦੀ, ਨਾ ਕੁਦਰਤ ਵਿੱਚ ਨਾ ਇਨਸਾਨੀ ਕਾਰੋਬਾਰ ਵਿੱਚ। ਇਨਕਲਾਬ ਯਕੀਨਨ ਬਿਨਾਂ ਸੋਚੇ ਸਮਝੇ, ਕਤਲਾਂ ਅਤੇ ਸਾੜ ਫ਼ੂਕ ਦੀ ਦਰਿੰਦਾ ਮੁਹਿੰਮ ਨਹੀਂ ਅਤੇ ਨਾ ਹੀ ਕੁਝ ਕੁ ਬੰਬ ਇੱਧਰ-ਉੱਧਰ ਸੁੱਟਣ ਅਤੇ ਗੋਲੀਆਂ ਚਲਾਉਣਾ ਹੈ ਅਤੇ ਨਾ ਹੀ ਇਹ ਸਭਿਅਤਾ ਦੇ ਸਾਰੇ ਨਿਸ਼ਾਨ ਮਿਟਾਉਣ ਅਤੇ ਸਮੇਂ ਅਨੁਕੂਲ ਇਨਸਾਫ ਅਤੇ ਬਰਾਬਰੀ ਦੇ ਅਸੂਲ ਤਬਾਹ ਕਰਨਾ ਹੈ। ਇਨਕਲਾਬ ਕੋਈ ਮਾਯੂਸੀ ਤੋਂ ਪੈਦਾ ਹੋਇਆ ਫ਼ਲਸਫਾ ਵੀ ਨਹੀਂ ਤੇ ਨਾ ਹੀ ਸਿਰਲੱਥਾਂ ਦਾ ਕੋਈ ਸਿਧਾਂਤ ਹੈ। ਇਨਕਲਾਬ ਰੱਬ ਵਿਰੋਧੀ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ। ਇਹ ਇੱਕ ਪੁਖਤਾ ਤੇ ਜ਼ਿੰਦਾ ਤਾਕਤ ਹੈ। ਨਵੇਂ ਤੇ ਪੁਰਾਣੇ ਦੀ, ਜੀਵਨ ਤੇ ਮੌਤ, ਰੌਸ਼ਨੀ ਅਤੇ ਹਨ੍ਹੇਰੇ ਦੀ ਅੰਤਰੀਵੀ ਟੱਕਰ ਦਾ ਇਜ਼ਹਾਰ ਹੈ, ਕੋਈ ਇਤਫ਼ਾਕ ਨਹੀਂ ਹੈ, ਨਾ ਕੋਈ ਸੰਗੀਤਮਈ ਇਕਸਾਰਤਾ ਹੈ ਅਤੇ ਨਾ ਹੀ ਕੋਈ ਤਾਲ ਜੋ ਕਿ ਇਨਕਲਾਬ ਬਗ਼ੈਰ ਆਈ ਹੋਏ। 'ਗੋਲੀਆਂ ਦਾ ਰਾਗ' ਜਿਸ ਬਾਰੇ ਕਵੀ ਗਾਉਂਦੇ ਹਨ, ਅਸਲੀਅਤ ਰਹਿਤ ਹੋ ਜਾਵੇਗਾ ਅਗਰ ਇਨਕਲਾਬ ਨੂੰ ਖਲਾਅ ਵਿਚੋਂ ਖ਼ਤਮ ਕਰ ਦਿੱਤਾ ਜਾਵੇ। ਇਨਕਲਾਬ ਇਕ ਨਿਯਮ ਹੈ। ਇਨਕਲਾਬ ਇਕ ਆਦੇਸ਼ ਹੈ ਅਤੇ ਇਨਕਲਾਬ ਸੱਚ ਹੈ।"

('ਹਿੰਦੋਸਤਾਨ ਸੋਸ਼ਲਿਸ਼ਟ ਰੀਪਬਲਿਕਨ ਐਸੋਸੀਏਸ਼ਨ ਦਾ ਮੈਨੀਫੈਸਟੋ' ਵਿੱਚੋਂ)

"ਅਸੀਂ ਦੇਸ਼ ਵਿੱਚ ਬੇਹਤਰ ਤਬਦੀਲੀ ਦੀ ਸਪਿਰਟ ਤੇ ਉੱਨਤੀ ਦੀ ਖ਼ਾਹਸ਼ ਲਈ ਇਸ ਲਫ਼ਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ ਤੇ ਇਕ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਕੰਜੇ ਵਿੱਚ ਜਕੜ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਬਸ ਇਸ ਜਮੂਦ ਤੇ ਬੇਹਰਕਤੀ ਨੂੰ ਤੋੜਨ ਦੀ ਖ਼ਾਤਰ ਇੱਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਇਕ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਗ਼ੈਰ-ਤਰੱਕੀਪਸੰਦ ਤਾਕਤਾਂ ਉਹਨਾਂ ਨੂੰ ਗ਼ਲਤ ਰਾਹ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿੱਚ ਇੱਕ ਹਰਕਤ ਪੈਦਾ ਹੋ ਜਾਵੇ ਅਤੇ ਰੂੜੀਵਾਦੀ ਤਾਕਤਾਂ ਇਨਸਾਨੀ ਉੱਨਤੀ ਦੇ ਰਾਹ ਵਿੱਚ ਰੋੜਾ ਨਾ ਅਟਕਾ ਸਕਣ ਤੇ ਨਾ ਹੀ ਇਸ ਰਾਹ ਨੂੰ ਖ਼ਤਮ ਕਰਨ ਲਈ ਇਕੱਠੀਆਂ ਅਤੇ ਮਜ਼ਬੂਤ ਹੋ ਸਕਣ। ਇਨਸਾਨੀ ਉੱਨਤੀ ਦਾ ਲਾਜ਼ਮੀ ਅਸੂਲ ਇਹੀ ਹੈ ਕਿ ਪੁਰਾਣੀ ਚੀਜ਼ ਨਵੀਂ ਚੀਜ਼ ਲਈ ਥਾਂ ਖ਼ਾਲੀ ਕਰਦੀ ਚਲੀ ਜਾਵੇ।" *('ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਕਿਉਂ' ਵਿਚੋਂ)*

ਮੁਨਾਫ਼ਾ ਅਧਾਰਿਤ ਆਰਥਿਕ ਢਾਂਚੇ ਦੇ ਲਾਇਲਾਜ ਰੋਗ ਦਾ ਇੱਕ ਲੱਛਣ

ਸੰਸਾਰ ਵਿਆਪੀ ਆਰਥਿਕ ਸੰਕਟ

ਅਜੋਕੀ ਸੰਸਾਰ ਵਿਆਪੀ ਮੰਦੀ ਅਤੇ ਆਰਥਿਕ ਤਬਾਹੀ ਬਾਰੇ, ਇਕਦਮ ਸਰਲ ਅਤੇ ਸਿੱਧੇ-ਸਾਦੇ ਢੰਗ ਨਾਲ਼ ਜੇ ਪੂਰੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਅੰਤਹੀਣ ਮੁਨਾਫੇ ਦੀ ਅੰਨ੍ਹੀ ਹਵਸ ਵਿੱਚ ਬੇਤਹਾਸ਼ਾ ਭੱਜਦੀ ਬੇਲਗਾਮ ਵਿੱਤੀ ਪੂੰਜੀ ਅਖੀਰ ਵਿੱਚ ਬੰਦ ਗਲੀ ਦੀ ਆਖਰੀ ਕੰਧ ਨਾਲ਼ ਜਾ ਟਕਰਾਈ ਹੈ। ਇੱਕ ਵਾਰ ਸਭ ਕੁੱਝ ਖਿੰਡ ਗਿਆ ਹੈ। ਪੂੰਜੀਵਾਦੀ ਵਿੱਤ ਅਤੇ ਉਤਪਾਦਨ ਦੀ ਦੁਨੀਆਂ ਵਿੱਚ ਅਰਾਜਕਤਾ ਫੈਲ ਗਈ ਹੈ। ਕੋਈ ਇਸ ਸੰਸਾਰ ਵਿਆਪੀ ਮੰਦੀ ਨੂੰ “ਵਿੱਤੀ ਸੁਨਾਮੀ” ਕਹਿ ਰਿਹਾ ਹੈ ਤਾਂ ਕੋਈ “ਵਿੱਤੀ ਪਰਲ ਹਾਰਬਰ” ਅਤੇ ਕੋਈ ਇਸਦੀ ਤੁਲਨਾ ਵਰਲਡ ਟ੍ਰੇਡ ਟਾਵਰ ਦੇ ਨਾਸ਼ ਨਾਲ਼ ਕਰ ਰਿਹਾ ਹੈ। ਦਰਅਸਲ ਵਿੱਤੀ ਪੂੰਜੀ ਦਾ ਅੰਦਰੂਨੀ ਤਰਕ ਕੰਮ ਹੀ ਇਸ ਤਰਾਂ ਕਰਦਾ ਹੈ ਕਿ ਨਾ ਸੁਲਝਣਯੋਗ ਸੰਕਟ ਦੇ ਮੁਕਾਮ ’ਤੇ ਪਹੁੰਚ ਕੇ ਉਹ ਆਤਮਘਾਤੀ ਦਹਿਸ਼ਤਗਰਦ ਦੀ ਤਰਾਂ ਵਿਵਹਾਰ ਕਰਦੇ ਹੋਏ ਸੰਸਾਰ ਪੂੰਜੀਵਾਦੀ ਅਰਥਚਾਰੇ ਦੀ ਪੂਰੀ ਬਣਤਰ ਵਿੱਚ ਕਾਫੀ ਹੱਦ ਤੱਕ ਜਾਂ ਪੂਰੀ ਤਰਾਂ ਢਹਿਢੇਰੀ ਕਰਨ ਵਾਲ਼ਾ ਵਿਸਫੋਟ ਕਰ ਦਿੰਦੀ ਹੈ।

ਭਾਵੇਂ ਇਸ ਪੂਰੀ ਸਥਿਤੀ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਤਾਂ ਇੱਥੇ ਸੰਭਵ ਨਹੀਂ ਹੈ, ਪਰ ਸੰਖੇਪ ਵਿੱਚ ਗੱਲ ਕਰਦੇ ਹੋਏ ਵੀ ਬਿਹਤਰ ਇਹੀ ਹੋਵੇਗਾ ਕਿ, ਜਿਵੇਂ ਕਿ ਅਕਸਰ ਕਿਹਾ ਜਾਂਦਾ ਹੈ, ਸ਼ੁਰੂ ਤੋਂ ਹੀ ਸ਼ੁਰੂ ਕਰੀਏ।

ਪੂੰਜੀਵਾਦ ਦਾ ਬੀਜ਼ ਸ਼ਬਦ ਹੈ : ਮੁਨਾਫਾ। ਉਹ ਹਰ ਚੀਜ਼ ਨੂੰ ਖ਼ਰੀਦ-ਫ਼ਰੋਖਤ ਦੀ ਚੀਜ਼ ਬਣਾ ਦਿੰਦਾ ਹੈ। ਉਹ ਮਜ਼ਦੂਰ ਦੀ ਕਿਰਤਸ਼ਕਤੀ ਨੂੰ ਵੀ ਜਿਣਸ ਵਿੱਚ ਬਦਲ ਦਿੰਦਾ ਹੈ। ਪੂੰਜੀਪਤੀ ਮਜ਼ਦੂਰ ਨੂੰ ਉਸਦੀ ਕਿਰਤ ਸ਼ਕਤੀ ਦੇ ਕਦਰ ਦੇ ਬਰਾਬਰ ਮਜ਼ਦੂਰੀ ਦਿੰਦਾ ਹੈ ਅਤੇ ਉਸ ਕਦਰ ਤੋਂ ਜਿਆਦਾ ਮਜ਼ਦੂਰ ਦੀ ਕਿਰਤ ਜੋ ਕੁੱਝ ਵੀ ਪੈਦਾ ਕਰਦੀ ਹੈ, ਉਸਨੂੰ ਹੜੱਪ ਲੈਂਦਾ ਹੈ। ਮਜ਼ਦੂਰ ਤੋਂ ਨਿਚੋੜੇ ਗਈ ਇਸ ਵਾਧੂ ਕਦਰ ਨੂੰ ਹੀ ਉਹ ਪੂੰਜੀ ਵਿੱਚ ਬਦਲ ਕੇ ਉਸਦਾ ਨਿਵੇਸ਼ ਕਰਦਾ ਹੈ ਅਤੇ ਫਿਰ ਮਜ਼ਦੂਰ ਨੂੰ ਹੋਰ ਵਧੇਰੇ ਨਿਚੋੜਦਾ ਹੈ। ਜਿੰਨਾ ਵੱਧ ਨਿਚੋੜਿਆ ਜਾਂਦਾ ਹੈ ਨਾ ਵੱਧ ਪੂੰਜੀ ਸੰਗ੍ਰਹਿ ਹੁੰਦਾ ਹੈ ਅਤੇ ਜਿੰਨਾ ਵੱਧ ਪੂੰਜੀ ਸੰਗ੍ਰਹਿ ਹੁੰਦਾ ਹੈ ਉਨਾਂ ਵੱਧ ਨਿਚੋੜਿਆ ਜਾਂਦਾ ਹੈ। ਪੂੰਜੀ ਸੰਗ੍ਰਹਿ ਦਾ ਨਿਰਪੇਖ ਤੇ ਆਮ ਨਿਯਮ ਹੈ ਕਿ ਸਮਾਜ ਦੇ ਇੱਕ ਸਿਰੇ ’ਤੇ ਜਾਇਦਾਦ ਦਾ ਸੰਗ੍ਰਹਿ ਹੁੰਦਾ ਹੈ ਅਤੇ ਦੂਜੇ ਸਿਰੇ ’ਤੇ ਗਰੀਬੀ ਦਾ ਸੰਗ੍ਰਹਿ। ਕੌਮੀ ਆਮਦਨ ਵਿੱਚ ਮਜ਼ਦੂਰੀ ਦਾ ਹਿੱਸਾ ਘੱਟਣ ਅਤੇ ਪੂੰਜੀਪਤੀਆਂ ਦੁਆਰਾ ਲੁਟੀ ਗਈ ਵਾਧੂ ਕਦਰ ਦਾ ਹਿੱਸਾ ਵਧਣ ਨਾਲ ਹੀ ਮਜ਼ਦੂਰ ਜਮਾਤ ਦੀ ਸਾਪੇਖਕ ਗਰੀਬੀ ਵੱਧਦੀ ਜਾ ਰਹੀ ਹੈ ਅਤੇ ਨਾਲ ਹੀ ਮਜ਼ਦੂਰਾਂ ਦੀਆਂ ਕੰਮ ਕਰਨ ਦੀਆਂ ਹਾਲਤਾਂ ਅਤੇ ਜਿੰਦਗੀ ਦੀਆਂ ਹਾਲਤਾਂ ਵਿੱਚ ਲਗਾਤਾਰ ਗਿਰਾਵਟ ਉਸਨੂੰ ਨਿਰਪੇਖ ਕੰਗਾਲੀ ਦੀ ਹਾਲਤ ਵਿੱਚ ਧੱਕਦੀ ਜਾਂਦੀ ਹੈ। ਜਿਆਦਾ ਮੁਨਾਫ਼ਾ ਨਿਚੋੜਣ ਲਈ ਪੂੰਜੀਪਤੀ ਇੱਕ ਪਾਸੇ ਤਾਂ ਕੰਮ ਦੇ ਘੰਟੇ ਵਧਾ ਕੇ ਮਜ਼ਦੂਰ ਨੂੰ ਉਜ਼ਰਤੀ ਗੁਲਾਮ ਬਣਾ ਦਿੰਦੇ ਹਨ, ਦੂਜੇ ਪਾਸੇ ਆਧੁਨਿਕ ਮਸ਼ੀਨਾਂ ਲਾ ਕੇ ਮਜ਼ਦੂਰਾਂ ਦੀ ਵਿਸ਼ਾਲ ਅਬਾਦੀ ਦੀ ਛਾਂਟੀ ਕਰਕੇ ਘੱਟ ਮਜ਼ਦੂਰਾਂ ਤੋਂ ਓਨੀ ਹੀ ਜਾਂ ਉਸ ਤੋਂ ਵੀ ਘੱਟ ਦਿਹਾੜੀ ਦੇ ਕੇ ਜਿਆਦਾ ਉਤਪਾਦਨ ਕਰਦੇ ਹਨ, ਕਿਉਂਕਿ ਕਿਰਤ ਮੰਡੀ ਵਿੱਚ ਮਜ਼ਦੂਰਾਂ ਦੀ ਬਹੁਤਾਤ ਕਰਕੇ ਕਿਰਤ ਸ਼ਕਤੀ ਦਾ ਮੁੱਲ ਘੱਟ ਹੋ ਜਾਂਦਾ ਹੈ। ਸਮੱਸਿਆ ਇਹ ਪੈਦਾ ਹੋ ਜਾਂਦੀ ਹੈ ਕਿ ਮੁਨਾਫ਼ਾ ਨਿਚੋੜਨ ਦੀ ਅੰਨ੍ਹੀ ਹਵਸ ਵਿੱਚ ਪੂੰਜੀਪਤੀ ਅਰਾਜਕ ਢੰਗ ਨਾਲ ਵੱਧ ਤੋਂ ਵੱਧ ਜਿਣਸ ਪੈਦਾ ਕਰਦੇ ਹੋਏ ਪ੍ਰੋਲੇਤਾਰੀ ਸਹਿਤ ਸਾਰੇ ਆਮ ਉਤਪਾਦਕਾਂ ਨੂੰ ਕੰਗਾਲ ਕਰਕੇ ਉਹਨਾਂ ਦੀ ਖਰੀਦ ਸ਼ਕਤੀ ਘੱਟ ਕਰਦੇ ਜਾਂਦੇ ਹਨ। ਖ਼ਰੀਦ ਸ਼ਕਤੀ ਦੇ ਮੁਕਾਬਲੇ ਸਮਾਜਿਕ ਉਤਪਾਦਨ ਦੀ ਬਹੁਤਾਤ ਹੋ ਜਾਂਦੀ ਹੈ। ਗੋਦਾਮਾਂ-ਦੁਕਾਨਾਂ ਵਿੱਚ ਜਿਣਸਾਂ ਤੂੜੀਆਂ ਰਹਿੰਦੀਆਂ ਹਨ ਅਤੇ ਲੋਕ ਉਹਨਾਂ ਨੂੰ ਖਰੀਦ ਨਹੀਂ ਸਕਦੇ। ਵਾਫ਼ਰ ਕਦਰ ਪੂੰਜੀਪਤੀ ਦੇ ਕੋਲ ਨਹੀ ਆ ਸਕਦੀ। ਮੰਦੀ ਛਾ ਜਾਂਦੀ ਹੈ। ਉਤਪਾਦਨ ਰੁਕਣ ਲੱਗਦਾ ਹੈ। ਪੂੰਜੀ ਨਸ਼ਟ ਹੋਣ ਲੱਗਦੀ ਹੈ।

ਨਾਲ ਹੀ, ਪੂੰਜੀਵਾਦ ਦਰਮਿਆਨ ਵੱਖ-ਵੱਖ ਕਾਰਖਾਨਿਆਂ ਵਿੱਚ ਤਾਂ ਉਤਪਾਦਨ ਜੱਥੇਬੰਦ ਰਹਿੰਦਾ ਹੈ, ਪਰ ਸਮਾਜਿਕ ਉਤਪਾਦਨ ਵਿੱਚ ਅਰਾਜਕਤਾ ਮੌਜੂਦ ਰਹਿੰਦੀ ਹੈ। ਜਿਸ ਖੇਤਰ ਵਿੱਚ ਮੁਨਾਫਾ ਜਿਆਦਾ ਹੁੰਦਾ ਹੈ, ਪੂੰਜੀਪਤੀ ਆਪਸ ਵਿੱਚ ਮੁਕਾਬਲਾ ਕਰਦੇ ਹੋਏ ਉੱਧਰ ਭੱਜ ਨਿਕਲਦੇ ਹਨ ਅਤੇ ਓਨਾ ਪੈਦਾ ਕਰ ਦਿੰਦੇ ਹਨ ਜਿੰਨੇ ਦੇ ਖਰੀਦਦਾਰ ਨਹੀਂ ਹੁੰਦੇ। ਵਪਾਰਕ ਗਤੀਵਿਧੀਆਂ ਵੀ ਨਕਲੀ ਮੰਗਾਂ ਪੈਦਾ ਕਰਕੇ ਸਮਾਜ ਦੀ ਅਸਲੀ ਖਰੀਦ ਸ਼ਕਤੀ ਨੂੰ ਲੁਕਾਉਂਦੀਆਂ ਹਨ। ਜਦੋਂ ਤੱਕ ਮੰਡੀ ਵਿੱਚ ਭਾਅ ਵਧਦੇ ਰਹਿੰਦੇ ਹਨ, ਵਪਾਰੀ ਸਨਅਤਕਾਰਾਂ ਨੂੰ ਮਾਲ ਦਾ ਆਰਡਰ ਦਿੰਦੇ ਰਹਿੰਦੇ ਹਨ ਅਤੇ ਬੈਂਕਰ ਉਨ੍ਹਾਂ ਦੋਨਾਂ ਨੂੰ ਕਰਜ ਮੁਹੱਈਆ ਕਰਵਾਉਂਦੇ ਰਹਿੰਦੇ ਹਨ। ਇਸ ਤਰਾਂ ਮੰਡੀ ਵਿੱਚ ਇੱਕ ਨਕਲੀ ਅਮੀਰੀ ਬਣੀ ਰਹਿੰਦੀ ਹੈ ਜੋ ਸਾਪੇਖਿਕ ਅਤਿਉਤਪਾਦਨ ’ਤੇ ਪਰਦਾ ਪਾਉਣ ਦਾ ਕੰਮ ਕਰਦੀ ਹੈ। ਜਦੋਂ ਇਹ ਪਰਦਾ ਹਟਦਾ ਹੈ ਤਾਂ ਮੰਦੀ ਅਤੇ ਆਰਥਿਕ ਸੰਕਟ ਦਾ ਦੌਰ ਸਾਹਮਣੇ ਆਉਂਦਾ ਹੈ। ਕਈ ਉਤਪਾਦਨ ਹੁੰਦੇ ਹਨ ਜੋ ਨਕਲੀ ਅਮੀਰੀ ਦੇ ਇਸ ਪਰਦੇ ਨੂੰ ਜਿਆਦਾ ਤੋਂ ਜਿਆਦਾ ਲੰਮੇ ਸਮੇਂ ਤੱਕ ਬਣਾਈ ਰਖਦੇ ਹਨ ਅਤੇ ਇਹ ਸਮਾਂ ਜਿਨਾਂ ਹੀ ਲੰਬਾ ਹੁੰਦਾ ਹੈ, ਪਰਦਾ ਉਤਰਨ ਤੋਂ ਬਾਅਦ ਦੀ ਅਸਲੀਅਤ ਵੀ ਉਨੀ ਹੀ ਵਧੇਰੇ ਭਿਆਨਕ ਹੁੰਦੀ ਹੈ। ਜਿਵੇਂ, ਸੂਦ ਤੋਂ ਮੁਨਾਫਾ ਕਮਾਉਣ ਵਾਲ਼ੀ ਬੈਂਕਿੰਗ ਪੂੰਜੀ ਖਾਸ ਕਰਕੇ ਮੱਧਵਰਗੀ ਉਪਭੋਗਤਾਵਾਂ ਨੂੰ ਕਾਰਖਾਨੇ ਵਿੱਚ ਬਣੇ ਮਾਲ ਖਰੀਦਣ ਲਈ ਤਰਾਂ-ਤਰਾਂ ਦੇ ਦਿਲ ਖਿੱਚਵੇਂ ਕਰਜ-ਪੈਕੇਜ ਦਿੰਦੀਆਂ ਹਨ। ਸਾਰੇ ਬੈਂਕਾਂ ਉਪਭੋਗਤਾਵਾਂ ਨੂੰ ਲੁਭਾਉਣ ਲਈ ਜਿਆਦਾ ਤੋਂ ਜਿਆਦਾ ਲੁਭਾਵਣੀਆਂ ਸ਼ਰਤਾਂ

’ਤੇ ਕਰਜ ਦੇਣ ਲਈ ਲੁਭਾਉਂਦੇ ਹਨ। ਫਿਰ ਉਨਾਂ ਦੀ ਇਹੀ ਤਿਕੜਮਬਾਜੀ ਉਦੋਂ ਆਤਮਘਾਤੀ ਸਿੱਧ ਹੋ ਜਾਂਦੀ ਹੈ ਜਦੋਂ ਪਹੁੰਚ ਤੋਂ ਵੱਧ ਲੈ ਚੁੱਕੇ ਲੋਕ ਕਰਜ ਨਹੀਂ ਮੋੜ ਪਾਉਂਦੇ, ਨਤੀਜੇ ਵਜੋਂ ਬੈਂਕ ਡੁੱਬਣ ਲਗਦੇ ਹਨ, ਵਿੱਤ ਮੰਡੀ ਵਿੱਚ ਮੰਦੀ ਆ ਜਾਂਦੀ ਹੈ, ਜੋ ਅਸਲੀ ਉਤਪਦਨ ਦੇ ਖੇਤਰ ਵਿੱਚ ਗਿਰਾਵਟ ਅਤੇ ਮੰਦੀ ਨੂੰ ਹੋਰ ਵਧੇਰੇ ਗੰਭੀਰ ਬਣਾ ਦਿੰਦੀ ਹੈ। ਅੱਗੇ ਅਸੀਂ ਦੇਖਾਂਗੇ ਕਿ ਇਹੀ ਚੀਜ਼ ਵਧੇਰੇ ਵਿੱਤੀ ਮੁਸ਼ਕਿਲਾਂ ਨਾਲ਼ ਉਸ ਅਮਰੀਕੀ ਸਬਪ੍ਰਾਈਮ ਸੰਕਟ ਦੇ ਰੂਪ ਵਿੱਚ ਵਾਪਰੀ, ਜਿਸ ਤੋਂ ਵਰਤਮਾਨ ਸੰਸਾਰਵਿਆਪੀ ਮੰਦੀ ਦੀ ਸ਼ੁਰੂਆਤ ਹੋਈ।

ਉਨੀਵੀਂ ਸਦੀ ਤੋਂ ਹੀ ਪੂੰਜੀਵਾਦ ਇੱਕ ਕੁੰਡਲੀਦਾਰ ਰਸਤੇ ਤੋਂ ਹੋ ਕੇ, ਸੰਕਟ-ਮੰਦੀ ਦੇ ਦੌਰ, ਉਭਰਨ ਦੇ ਦੌਰ ਅਤੇ ਫਿਰ ਤੇਜ਼ੀ ਦੇ ਦੌਰ ਦੇ ਚੱਕਰਾਂ ਵਿੱਚੋਂ ਹੋ ਕੇ ਲੰਘਦਾ ਰਹਿੰਦਾ ਸੀ। **ਫਰੈਡਰਿਕ ਏਂਗਲਜ਼** ਨੇ ਇਸਦਾ ਵਰਨਣ ਇਸ ਤਰਾਂ ਕੀਤਾ ਸੀ : “ਰਫ਼ਤਾਰ ਤੇਜ ਹੋ ਜਾਂਦੀ ਹੈ; ਹੌਲ਼ੇ ਕਦਮ ਤੇਜ ਕਦਮਾਂ ਵਿੱਚ ਬਦਲ ਜਾਂਦੇ ਹਨ। ਉਦਯੋਗਿਕ ਤੇਜ ਕਦਮ ਦੌੜਦੇ ਤੇਜ ਕਦਮਾਂ ਵਿੱਚ ਬਦਲ ਜਾਂਦੇ ਹਨ। ਦੌੜਦੇ ਕਦਮ ਉਦਯੋਗ, ਵਣਜ, ਕਰੈਡਿਟ ਅਤੇ ਸੱਟਾਬਾਜ਼ਾਰੀ ਸਰਗਰਮੀਆਂ ਦੀ ਲੰਗੜੀ ਦੌੜ ਵਿੱਚ ਫਰਾਟਾ ਬਣ ਜਾਂਦੇ ਹਨ। ਅਖੀਰ ਵਿੱਚ, ਕਈ ਅਖੀਰੀ, ਬਦਹਵਾਸ ਛਾਲ਼ਾਂ ਤੋਂ ਬਾਅਦ ਇਹ ਵਿਨਾਸ਼ ਦੇ ਢੇਰ ਵਿੱਚ ਜਾ ਡਿਗਦੇ ਹਨ।” ਪੂੰਜੀਵਾਦ ਸੰਕਟ ਅਤੇ ਮੰਦੀ, ਉਸ ਤੋਂ ਉਭਰਦਾ ਅਤੇ ਫਿਰ ਤੇਜ਼ੀ ਦੇ ਗੇੜਾਂ ਵਿੱਚੋਂ ਲਗਾਤਾਰ ਲੰਘਦਾ ਰਿਹਾ ਹੈ। ਪਰ ਹਰ ਅਗਲੀ ਵਾਰ ਸੰਕਟ ਪਹਿਲਾਂ ਤੋਂ ਗੰਭੀਰ ਹੋ ਕੇ ਆਉਂਦਾ ਰਿਹਾ ਹੈ। ਸੰਕਟ ਦੇ ਦੋ ਚੱਕਰਾਂ ਵਿਚਲਾ ਫਰਕ ਲਗਾਤਾਰ ਘੱਟ ਹੁੰਦਾ ਜਾਂਦਾ ਰਿਹਾ ਹੈ ਅਤੇ ਜੇ ਕਦੇ ਅਜਿਹਾ ਨਹੀਂ ਹੁੰਦਾ ਰਿਹਾ ਹੈ ਤਾਂ ਅਗਲੀ ਵਾਰ ਸੰਕਟ ਹੋਰ ਭਿਅੰਕਰ ਰੂਪ ਵਿੱਚ ਸਾਹਮਣੇ ਆਉਂਦਾ ਰਿਹਾ ਹੈ। ਇਸ ਪ੍ਰਕਿਰਿਆ ਵਿੱਚ ਇੱਕ ਨਵਾਂ ਮੁਕਾਮ ਸੀ 1930 ਦੇ ਦਹਾਕੇ ਦੀ ਮਹਾਂਮੰਦੀ ਅਤੇ ਆਰਥਿਕ ਮਹਾਂਵਿਨਾਸ਼ ਅਤੇ ਬੁਢਾਪੇ ਦੇ ਲਾਇਲਾਜ , ਅੰਤਕਾਰੀ ਰੋਗ ਜਿਹੇ ਨਵੇਂ ਵਰਤਾਰੇ ਸਾਹਮਣੇ ਆਏ 1970 ਦੇ ਦਹਾਕੇ ਦੇ ਲਗਾਤਾਰ ਜਾਰੀ ਲੰਬੇ ਸਮੇਂ ਦੀ ਆਰਥਿਕ ਮੰਦੀ ਦੇ ਰੂਪ ਵਿੱਚ। 1973-74 ਤੋਂ ਬਾਅਦ ਤੋਂ ਹੀ ਸਥਿਤੀ ਇਹ ਹੈ ਕਿ ਰੋਗੀ ਦੀ ਸਿਹਤ ਵਿੱਚ-ਵਿੱਚ ਸੰਭਲਦੀ ਰਹੀ ਹੈ, ਕੁੱਝ ਰਾਹਤ ਤੇ ਉਮੀਦਾਂ ਦੇ ਆਸਾਰ ਨਜ਼ਰ ਆਉਂਦੇ ਹਨ ਅਤੇ ਫਿਰ ਰੋਗੀ ਨੀਮਬੇਹੋਸ਼ੀ ਵਿੱਚ ਚਲਾ ਜਾਂਦਾ ਹੈ। ਯਾਣੀ ਆਵਰਤੀ ਗੇੜ ਦੀ ਲੜੀ ਵਿੱਚ ਆਉਣ ਵਾਲ਼ੇ ਸੰਕਟ ਦੇ ਦੌਰਾਂ ਤੋਂ ਬਾਅਦ ਢਾਂਚਾਗਤ ਸੰਕਟ ਦਾ ਇੱਕ ਅਜਿਹਾ ਦੌਰ ਸ਼ੁਰੂ ਹੁੰਦਾ ਹੈ, ਜਿਸ ਦੇ ਵਿੱਚ-ਵਿੱਚ ਰਾਹਤ ਅਤੇ ਸਾਪੇਖਕ ਤੇਜੀ ਦੀਆਂ ਕੁੱਝ ਭੁਲੇਖਾਪਾਊ ਤਰੰਗਾਂ ਉਠਦੀਆਂ ਰਹੀਆਂ ਹਨ ਅਤੇ ਹੁਣ ਸਤੰਬਰ-ਅਕਤੂਬਰ, 2008 ਵਿੱਚ, ਲਗਭਗ ਦੋ ਸਾਲਾਂ ਤੱਕ ਸਬਪ੍ਰਾਈਮ ਸੰਕਟ ਦੀ ਮੌਜੂਦਗੀ ਤੋਂ ਬਾਅਦ ਅਮਰੀਕਾ ਵਿੱਚ ਵਿੱਤੀ ਵਿਨਾਸ਼ ਦੇ ਨਾਲ਼ ਹੀ ਸੰਸਾਰ ਵਿੱਤੀ ਪ੍ਰਣਾਲ਼ੀ ਦੇ ਮੂਧੇ ਮੂੰਹ ਡਿੱਗਣ ਅਤੇ ਅਸਲੀ ਅਰਥਚਾਰੇ ਵਿੱਚ ਖੜੋਤ ਅਤੇ ਖਿੰਡਣ-ਸੁੰਗੜਨ ਦਾ ਜੋ ਸਿਲਸਿਲਾ ਇੱਕ ਨਵੀਂ ਸੰਸਾਰ ਵਿਆਪੀ ਮੰਦੀ ਦੇ ਰੂਪ ਵਿੱਚ ਸਾਹਮਣੇ ਆਇਆ ਹੈ ਉਸ ਨੇ ਪੂਰੀ ਦੁਨੀਆਂ ਵਿੱਚ ਉਥਲ-ਪੁਥਲ ਮਚਾ ਦਿੱਤੀ ਹੈ। ਪਰ ਬਿਹਤਰ ਹੋਵੇਗਾ ਕਿ ਅੱਜ ਪੈਦਾ ਹੋਈਆਂ ਹਾਲਤਾਂ ਨੂੰ ਠੀਕ-ਠੀਕ ਸਮਝਣ ਲਈ ਅਸੀਂ ਥੋੜ੍ਹਾ ਪਿੱਛੇ ਮੁੜ ਕੇ ਲੜੀ ਵਾਰ ਗੱਲ ਨੂੰ ਅੱਗੇ ਵਧਾਈਏ।

ਉਨੀਵੀਂ ਸਦੀ ਦੇ ਆਖਰੀ ਚੌਥੇ ਹਿੱਸੇ ਤੱਕ ਯੂਰਪ ਅਤੇ ਅਮਰੀਕਾ ਵਿੱਚ ਪੂੰਜੀ ਸੰਗ੍ਰਹਿ ਅਤੇ ਪੂੰਜੀਵਾਦੀ ਆਰਥਿਕ ਵਿਕਾਸ ਤੇਜ ਰਫ਼ਤਾਰ ਨਾਲ਼ ਦੌੜਦੇ ਹੋਏ ਖੜੋਤ ਦੇ ਦੌਰ ਵਿੱਚ ਤਬਦੀਲ ਹੋ ਚੁੱਕੇ ਸਨ। ਆਪਸ ਵਿੱਚ ਮੁਕਾਬਲਾ ਕਰਦੇ ਹੋਏ ਯੂਰਪੀ ਪੂੰਜੀਪਤੀਆਂ ਨੇ ਆਪਣੇ ਮੁਨਾਫੇ ਨੂੰ ਉਸ ਹੱਦ ਤੱਕ ਵਧਾ ਲਿਆ ਸੀ ਕਿ ਹੁਣ ਹੋਰ ਕਮਾਉਣ ਦੀ ਗੁੰਜਾਇਸ਼ ਨਹੀਂ ਰਹਿ ਗਈ ਸੀ। ਬਸਤੀਆਂ ਦੀ ਜਿਹੜੀ ਲਗਾਤਾਰ ਲੁੱਟ ਨੇ ਯੂਰਪ ਵਿੱਚ ਸੱਨਅਤੀ ਇਨਕਲਾਬ ਲਈ ਜ਼ਰੂਰੀ ਸ਼ੁਰੂਆਤੀ ਪੂੰਜੀ ਮੁਹੱਈਆ ਕੀਤੀ ਸੀ, ਉਹੀ ਹੁਣ ਪੂੰਜੀ ਦੀ ਬਹੁਤਾਤ ਦੇ ਸੰਕਟ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਹੀ ਸੀ। ਇਸ ਸਮੱਸਿਆ ਦੇ ਹੱਲ ਦੇ ਯਤਨਾਂ ਨੇ ਕਈ ਨਵੀਆਂ ਪ੍ਰਕਿਰਿਆਵਾਂ ਨੂੰ ਜਨਮ ਦਿੱਤਾ। 1873-1896 ਦੀ ਪਹਿਲੀ ਮੰਦੀ ਦੇ ਦੌਰ ਵਿੱਚ, ਵਿਦੇਸ਼ੀ ਉਸਾਰੀ ਅਤੇ ਨਿਰਯਾਤ ਦੇ ਪੱਧਰ ਵਿੱਚ ਵਾਧੇ ਦੇ ਨਾਲ਼-ਨਾਲ਼, ਯੂਰਪੀ ਮਹਾਂਦੀਪ ਦੇ ਕਈ ਦੇਸ਼ ਅਤੇ ਅਮਰੀਕਾ ਬ੍ਰਿਟਿਸ਼ ਚੌਧਰ ਨੂੰ ਚੁਣੌਤੀ ਦੇਣ ਲੱਗੇ ਸਨ। ਪੂੰਜੀ ਦੇ ਸੰਕੇਦਰਣ ਦੀ ਪ੍ਰਕਿਰਿਆ ਤੇਜ਼ ਹੋ ਗਈ, ਇਜ਼ਾਰੇਦਾਰੀ ਮੁੱਖ ਪ੍ਰਵਿਰਤੀ ਬਣਨ ਲੱਗੀ, ਵੱਡੀਆਂ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਨੂੰ ਹੜੱਪ ਕਰ ਲਿਆ ਅਤੇ ਗਲ਼ਵੱਢ ਮੁਕਾਬਲੇ ਵਿੱਚ ਟਿਕੇ ਰਹਿਣ ਲਈ, ਭਾਅ ਅਤੇ ਉਤਪਾਦਨ ਨੀਤੀਆਂ ’ਤੇ ਕੰਟਰੋਲ ਕਰਨ ਲਈ ਉਹਨਾਂ ਨੇ ਕਾਰਟਲ, ਟਰੱਸਟ, ਹੋਲਡਿੰਗ ਕੰਪਨੀ, ਵਿਸ਼ਾਲ ਕਾਰਪੋਰੇਸ਼ਨਾਂ ਆਦਿ ਤਰਾਂ-ਤਰਾਂ ਦੀਆਂ ਸੰਸਥਾਵਾਂ ਖੜ੍ਹੀਆਂ ਕੀਤੀਆਂ। ਇਜ਼ਾਰੇਦਾਰ ਬਣਨ ਵਾਲ਼ੇ ਪੂੰਜੀਪਤੀ ਘਰਾਣੇ ਦੇਸ਼ਾਂ ਦਰਮਿਆਨ ਵੀ ਮਜ਼ਦੂਰਾਂ ਅਤੇ ਹੋਰ ਸਿੱਧੇ ਉਤਪਾਦਕਾਂ ਨੂੰ ਨਿਚੋੜਨ ਲਈ ਗਲ਼ਾ-ਵੱਢ ਮੁਕਾਬਲਾ ਕਰ ਰਹੇ ਸਨ ਅਤੇ ਕੌਮਾਂਤਰੀ ਪੱਧਰ ’ਤੇ ਵੀ, ਵੱਖ-ਵੱਖ ਪੂੰਜੀਵਾਦੀ ਦੇਸ਼ਾਂ ਦੇ ਪੂੰਜੀਪਤੀ ਆਪਣੇ-ਆਪਣੇ ਦੇਸ਼ਾਂ ਦੀਆਂ ਰਾਜਸੱਤਾਵਾਂ ਦੇ ਸਹਾਰੇ ਨਵੀਆਂ ਮੰਡੀਆਂ ਲਈ ਮੁਕਾਬਲਾ ਕਰ ਰਹੀਆਂ ਸਨ। ਨਵੀਆਂ-ਨਵੀਆਂ ਬਸਤੀਆਂ ਲਈ ਲੁੱਟ-ਖੋਹ ਤੀਬਰ ਹੋ ਚੁੱਕੀ ਸੀ। ਆਪਣੇ ਵਿਸ਼ਾਲ ਭੂ ਭਾਗ ਵਿੱਚ ਕਾਲ਼ੇ ਗੁਲਾਮਾਂ ਅਤੇ ਮਜ਼ਦੂਰਾਂ ਦੀ ਕਿਰਤ ਨੂੰ ਨਿਚੋੜ ਕੇ ਅਥਾਹ ਪੂੰਜੀ ਸੰਗ੍ਰਹਿ ਤੋਂ ਬਾਅਦ ਅਮਰੀਕੀ ਪੂੰਜੀਪਤੀ ਨੂੰ (ਜਿਆਦਾਤਰ ਲਾਤਿਨੀ ਅਮਰੀਕੀ ਦੇਸ਼ਾਂ ਦੀਆਂ ਮੁਕਤੀ-ਜੰਗਾਂ ਵਿੱਚ ਸਪੇਨੀ ਬਸਤੀਵਾਦੀਆਂ ਦੇ ਪਿੱਛੇ ਹਟਣ ਤੋਂ ਬਾਅਦ) ਲਾਤਿਨ ਅਮਰੀਕਾ ਨੂੰ ਲੁੱਟ ਦਾ ਰਾਖਵਾਂ ਖੇਤਰ ਬਣਾਉਣ ਦਾ ਮੌਕਾ ਮਿਲ਼ ਚੁੱਕਿਆ ਸੀ। ਪੂੰਜੀ ਦੀ ਬਹੁਤਾਤ ਦੇ ਰੂਪ ਵਿੱਚ ਪ੍ਰਗਟ ਹੋਣ ਵਾਲ਼ੇ ਵਾਧੂ ਉਤਪਾਦਨ ਦੇ ਸੰਕਟ ਨੂੰ ਹੱਲ ਕਰਨ ਲਈ ਯੂਰਪੀ ਬਸਤੀਵਾਦੀਆਂ ਨੇ ਬਸਤੀਆਂ ਵਿੱਚ ਪੂੰਜੀ ਦੇ ਨਿਰਯਾਤ ਦੀ ਸ਼ੁਰੂਆਤ ਕੀਤੀ, ਜਿਹੜੀ ਹੌਲ਼ੀ-ਹੌਲ਼ੀ ਜਿਣਸ ਦੇ ਨਿਰਯਾਤ ’ਤੇ ਭਾਰੂ ਹੋ ਗਈ। ਪੂੰਜੀ ਦੇ ਨਿਰਯਾਤ ਨੂੰ ਤੇਜ ਅਤੇ ਆਸਾਨ ਬਣਾਉਣ ਲਈ ਬੈਂਕਿੰਗ ਪੂੰਜੀ ਅਤੇ ਸੱਨਅਤੀ ਪੂੰਜੀ ਮਿਲ਼ ਕੇ ਇੱਕ ਹੋ ਗਏ ਅਤੇ ਸਾਮਰਾਜਵਾਦੀ ਵਿੱਤੀ ਪੂੰਜੀ ਦਾ ਜਨਮ ਹੋਇਆ, ਜਿਸ ਨੇ ਫਿਰ ਅੱਗੇ ਜਾ ਕੇ ਆਰਥਿਕ ਪ੍ਰਣਾਲ਼ੀ ਦੀਆਂ

ਕੰਟਰੋਲ ਕਰਨ ਵਾਲ਼ੀਆਂ ਚੋਟੀਆਂ 'ਤੇ ਕਬਜਾ ਕਰ ਲਿਆ। ਉਂਝ ਤਾਂ ਬੈਂਕ ਅਤੇ ਹੋਰ ਮੁਦਰਾ ਪੂੰਜੀ ਪਹਿਲਾਂ ਤੋਂ ਮੌਜੂਦ ਸਨ ਜਿਹੜੇ ਸੱਨਅਤਾਂ, ਵਪਾਰ, ਸਰਕਾਰਾਂ ਅਤੇ ਆਮ ਲੋਕਾਂ ਨੂੰ ਕਰਜਾ ਦੇਣ ਦਾ ਅਤੇ ਵਿਆਜ ਲੈਣ ਦਾ ਕੰਮ ਕਰਦੇ ਸਨ। ਪਰ ਉਨੀਵੀਂ ਸਦੀ ਦੇ ਅੰਤ ਤੱਕ ਵਿੱਤੀ ਪੂੰਜੀ ਦੇ ਅਦਿੱਖ ਹੱਥ ਪੱਛਮੀ ਦੇਸ਼ਾਂ ਵਿੱਚ ਇਜ਼ਾਰੇਦਾਰ ਘਰਾਣਿਆਂ ਰਾਹੀਂ ਸਾਰੀਆਂ ਸੱਨਅਤੀ ਸਰਗਰਮੀਆਂ ਨੂੰ ਕੰਟਰੋਲ ਕਰਨ ਨਾਲ਼ ਹੀ ਬਸਤੀਆਂ ਨੂੰ ਵੀ ਕੰਟਰੋਲ ਕਰਨ ਲੱਗੇ ਸਨ।

ਉਨੀਵੀਂ ਸਦੀ ਦੇ ਨੌਂਵੇਂ ਦਹਾਕੇ ਤੋਂ ਲੈ ਕੇ ਪਹਿਲੀ ਸੰਸਾਰ ਜੰਗ ਦੀ ਸ਼ੁਰੂਆਤ ਤੱਕ ਬਸਤੀਵਾਦੀ ਤਾਕਤਾਂ ਨੇ ਹਰ ਸਾਲ ਔਸਤਨ 2,40,000 ਵਰਗ ਮੀਲ ਬਸਤੀਆਂ ਦਾ ਵਿਸਥਾਰ ਕੀਤਾ ਜਿਹੜਾ ਉਸ ਸਦੀ ਦੇ ਪਹਿਲੇ 75 ਵਰ੍ਹਿਆਂ ਦੇ ਹਰ ਸਾਲ ਔਸਤ ਵਿਸਤਾਰ ਨਾਲੋਂ 3 ਗੁਣਾ ਸੀ। 20ਵੀਂ ਸਦੀ ਸ਼ੁਰੂ ਹੁੰਦੇ ਹੁੰਦੇ ਘਰੇਲੂ ਮੰਡੀ-ਨਿਰਦੇਸ਼ਿਤ ਯੂਰਪੀ-ਅਮਰੀਕੀ ਪੂੰਜੀਵਾਦ ਇਜ਼ਾਰੇਦਾਰ ਕੰਪਨੀਆਂ ਦੁਆਰਾ ਕੰਟਰੋਲ ਸਾਮਰਾਜਵਾਦ ਦੀ ਸ਼ਕਲ ਅਖਤਿਆਰ ਕਰ ਚੁੱਕਿਆ ਸੀ। ਯੂਰਪ, ਅਮਰੀਕਾ ਦੇ ਅੰਦਰੂਨੀ ਅਤੇ ਵਿਦੇਸ਼-ਵਪਾਰ ਦੋਨਾਂ ਹੀ ਖੇਤਰਾਂ ਵਿੱਚ "ਸੁਤੰਤਰ ਵਪਾਰ" ਦੀ ਥਾਂ ਰਾਖਵਾਂਕਰਨ ਲੈ ਚੁੱਕਿਆ ਸੀ। ਬਸਤੀਆਂ ਦੀਆਂ ਰਾਖਵੀਆਂ ਮੰਡੀਆਂ ਦੇ ਰੂਪ ਵਿੱਚ ਪੂਰੀ ਦੁਨੀਆਂ ਸਾਮਰਾਜਵਾਦੀਆਂ ਵਿੱਚ ਵੰਡੀ ਹੋਈ ਸੀ, ਉਸ ਦੀ ਮੁੜ ਵੰਡ ਲਈ ਜੰਗ ਲਾਜ਼ਮੀ ਸੀ। ਖਾਸ ਕਰਕੇ ਜਰਮਨ ਸਾਮਰਾਜਵਾਦ ਆਪਣੀ ਵਧਦੀ ਆਰਥਿਕ ਸ਼ਕਤੀ ਨਾਲ਼ ਬ੍ਰਿਟੇਨ ਨੂੰ ਜੰਗੀ ਤੌਰ 'ਤੇ ਚੁਣੌਤੀ ਦੇ ਰਿਹਾ ਸੀ। ਇਸ ਦਾ ਆਖਰੀ ਸਿੱਟਾ ਪਹਿਲੀ ਸੰਸਾਰ ਜੰਗ (1914-19) ਦੇ ਰੂਪ ਵਿੱਚ ਸਾਹਮਣੇ ਆਇਆ। ਜੰਗ ਵਿੱਚ ਹਾਰਿਆ ਜਰਮਨੀ ਤਾਂ ਸੰਸਾਰ ਮੰਡੀ ਵਿੱਚ ਆਪਣੀ ਹਿੱਸੇਦਾਰੀ ਨਹੀਂ ਵਧਾ ਸਕਿਆ ਪਰ ਸਾਮਰਾਜਵਾਦੀ ਪ੍ਰਣਾਲ਼ੀ ਦੀ ਚੋਟੀ 'ਤੇ ਬੈਠੇ ਬ੍ਰਿਟੇਨ ਨੂੰ ਕਾਫੀ ਨੁਕਸਾਨ ਭੁਗਤਣਾ ਪਿਆ। ਅਮਰੀਕਾ ਨੂੰ ਕੋਈ ਨੁਕਸਾਨ ਨਹੀਂ ਹੋਇਆ, ਉਲ਼ਟਾ ਜੰਗ ਨਾਲ਼ ਤਬਾਹ ਯੂਰਪ ਦੇ ਮੁੜ ਉਸਾਰੀ ਕਾਰਜਾਂ ਵਿੱਚ ਪੂੰਜੀ ਲਾ ਕੇ ਉਸਨੇ ਖੂਬ ਮੁਨਾਫਾ ਕਮਾਇਆ। ਜਰਮਨੀ ਨੇ ਫਿਰ ਤੇਜੀ ਨਾਲ਼ ਆਪਣੀਆਂ ਉਤਪਾਦਕ ਸ਼ਕਤੀਆਂ ਦਾ ਵਿਕਾਸ ਕੀਤਾ ਅਤੇ ਜਪਾਨ ਅਤੇ ਇਟਲੀ ਨਾਲ਼ ਗੁੱਟ ਬਣਾ ਕੇ ਹਮਲਾਵਰ ਢੰਗ ਨਾਲ਼ ਮੁੜ ਸੰਸਾਰ ਮੰਡੀ ਵਿੱਚ ਸਰਦਾਰੀ ਲਈ ਆਪਣੀ ਦਾਅਵੇਦਾਰੀ ਪੇਸ਼ ਕੀਤੀ ਜਿਸ ਦਾ ਨਤੀਜਾ ਦੂਜੀ ਸੰਸਾਰ ਜੰਗ (1939-45) ਦੇ ਰੂਪ ਵਿੱਚ ਸਾਹਮਣੇ ਆਇਆ। ਦੋ ਸੰਸਾਰ ਜੰਗਾਂ ਵਿਚਲਾ ਸਮਾਂ ਇਤਿਹਾਸਕ ਹਫੜਾ-ਦਫੜੀ ਭਰਿਆ ਦੌਰ ਸੀ —1930 ਦੇ ਦਹਾਕੇ ਦੀ ਮਹਾਂਮੰਦੀ, ਸੰਸਾਰ ਮੰਡੀ ਦੀ ਵੰਡ ਦੀ ਖਿੱਚੋਤਾਣ ਵਿੱਚ ਨਵੇਂ-ਨਵੇਂ ਵਪਾਰਕ ਗੁੱਟਾਂ ਅਤੇ ਮੁਦਰਾ ਗੁੱਟਾਂ ਦਾ ਨਿਰਮਾਣ, ਡਾਲਰ ਗੋਲਡ ਸਟੈਂਡਰਡ ਦੀ ਸਥਾਪਨਾ...ਆਦਿ। **ਪਰ ਪੂੰਜੀਵਾਦੀ ਸੰਸਾਰ ਨੂੰ ਝੰਜੋੜ ਦੇਣ ਵਾਲ਼ੀ ਸਭ ਤੋਂ ਵੱਧ ਯੁੱਗ ਪਲ਼ਟਾਊ ਘਟਨਾ ਸੀ— ਰੂਸ ਵਿੱਚ ਹੋਇਆ 1917 ਦਾ ਪਹਿਲਾ ਸਮਾਜਵਾਦੀ ਇਨਕਲਾਬ।** ਖਾਨਾਜੰਗੀ ਅਤੇ ਉਲ਼ਟ ਇਨਕਲਾਬ ਦੇ ਯਤਨਾਂ ਤੋਂ ਉਭਰਨ ਬਾਅਦ ਸਮਾਜਵਾਦੀ ਉਸਾਰੀ ਦੇ ਵਰ੍ਹਿਆਂ ਦੌਰਾਨ ਸੋਵੀਅਤ ਯੂਨੀਅਨ ਵਿੱਚ ਯੂਰਪੀ ਸੱਨਅਤੀ ਇਨਕਲਾਬ ਦੀ ਰਫ਼ਤਾਰ ਨੂੰ ਵੀ ਪਿੱਛੇ ਛੱਡ ਦੇਣ ਵਾਲ਼ੀ ਗਤੀ ਨਾਲ਼ ਆਰਥਿਕ ਪ੍ਰਗਤੀ ਹੋਈ। ਦੂਜੀ ਸੰਸਾਰ ਜੰਗ ਵਿੱਚ ਨਾਜ਼ੀਆਂ ਦੀ ਹਾਰ ਸੋਵੀਅਤ ਫ਼ੌਜਾਂ ਦੇ ਹੱਥੋਂ ਹੀ ਸੰਭਵ ਹੋ ਸਕੀ।

ਬਸਤੀਆਂ ਵਿੱਚ ਪੂੰਜੀ-ਨਿਰਯਾਤ ਦੇ ਤਰਕਸ਼ੀਲ ਸਿੱਟੇ ਨੇ ਬਸਤੀਵਾਦੀਆਂ ਦੇ ਨਾ ਚਾਹੁੰਦੇ ਹੋਏ ਵੀ ਬਸਤੀਵਾਦੀ-ਅਰਧਬਸਤੀਵਾਦੀ ਆਰਥਿਕ-ਸਮਾਜਿਕ ਸੰਰਚਨਾਵਾਂ ਵਿੱਚ ਪੂੰਜੀਵਾਦ ਦੇ ਬੀਜ਼ ਪਾ ਦਿੱਤੇ। ਪੁਰਾਣੀਆਂ ਪ੍ਰਤੀਰੋਧ-ਜੰਗਾਂ ਦੀ ਥਾਂ ਕੌਮੀ ਮੁਕਤੀ ਘੋਲ਼ਾਂ ਨੇ ਲੈ ਲਈ, ਜਿਨਾਂ ਲਈ ਸਮਾਜਵਾਦੀ ਸੋਵੀਅਤ ਯੂਨੀਅਨ ਪ੍ਰੇਰਨਾ ਅਤੇ ਮਦਦ ਦਾ ਅਹਿਮ ਸੋਮਾ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਪੂਰਬੀ ਯੂਰਪ ਸਮਾਜਵਾਦੀ ਕੈਂਪ ਵਿੱਚ ਸ਼ਾਮਿਲ ਹੋ ਗਿਆ। ਚੀਨ ਵਿੱਚ ਜਗੀਰਦਾਰੀ-ਸਾਮਰਾਜਵਾਦ ਵਿਰੋਧੀ ਨਵਜਮਹੂਰੀ ਇਨਕਲਾਬ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਮੁਕੰਮਲ ਹੋਇਆ। ਉੱਤਰੀ ਵੀਅਤਨਾਮ ਅਤੇ ਉੱਤਰੀ ਕੋਰੀਆ ਦੀ ਕੌਮੀ ਮੁਕਤੀ ਵੀ ਕਮਿਊਨਿਸਟ ਅਗਵਾਈ ਵਿੱਚ ਹਾਸਿਲ ਹੋਈ। ਨਾਲ਼ ਹੀ, ਬਸਤੀਆਂ ਦੀ ਮੁਕਤੀ ਦੀ ਅਰੁਕ ਲੜੀ ਸ਼ੁਰੂ ਹੋ ਗਈ ਜਿਹੜੀ ਲਗਭਗ 1970 ਦੇ ਦਹਾਕੇ ਤੱਕ ਜਾਰੀ ਰਹੀ।

ਹੁਣ ਅਮਰੀਕਾ ਦੀ ਹਾਲਤ 'ਤੇ ਚਰਚਾ ਥੋੜ੍ਹਾ ਪਿੱਛੇ ਮੁੜਦੇ ਹਾਂ। ਪਹਿਲੀ ਸੰਸਾਰ ਜੰਗ ਵਿੱਚ ਕੋਈ ਨੁਕਸਾਨ ਭੁਗਤਣ ਦੀ ਬਜਾਇ ਅਮਰੀਕਾ ਨੇ ਯੂਰਪ ਵਿੱਚ ਵੀ ਮੁੜ ਉਸਾਰੀ ਦੇ ਕਾਰਜਾਂ ਵਿੱਚ ਪੂੰਜੀ ਲਾ ਕੇ ਖੂਬ ਮੁਨਾਫਾ ਕਮਾਇਆ। "ਆਟੋ ਮੋਬਾਇਲ-ਇਨਕਲਾਬ" ਵਿੱਚ ਵੀ ਉਹ ਮੋਹਰੀ ਸੀ। ਤੇਜ਼ ਵਿਕਾਸ ਨੇ ਜ਼ਲਦੀ ਹੀ ਉਸਦੇ ਸਾਹਮਣੇ ਵਾਧੂ ਉਤਪਾਦਨ ਅਤੇ ਪੂੰਜੀ ਦੀ ਬਹੁਤਾਤ ਦਾ ਸੰਕਟ ਲਿਆ ਖੜ੍ਹਾ ਕੀਤਾ ਜਿਸ ਦਾ ਨਤੀਜਾ 1930 ਦੇ ਦਹਾਕੇ ਦੀ ਮਹਾਂਮੰਦੀ ਅਤੇ ਆਰਥਿਕ ਨਿਘਾਰ ਦੇ ਰੂਪ ਵਿੱਚ ਸਾਹਮਣੇ ਆਇਆ। ਕਿਉਂਕਿ ਸਾਮਰਾਜਵਾਦੀ ਦੌਰ ਵਿੱਚ ਪੂੰਜੀ ਦੇ ਕੌਮੀ ਧੜਿਆਂ ਦੁਆਰਾ ਜਥੇਬੰਦ "ਮੰਡੀ ਰਾਖਵਾਂਕਰਨ " ਦੇ ਬਾਵਜੂਦ ਸੰਸਾਰ ਆਰਥਿਕ ਪ੍ਰਣਾਲ਼ੀ ਜਿਆਦਾ ਉਲਝੀ ਹੋਈ ਸੀ, ਇਸ ਲਈ ਅਮਰੀਕਾ ਤੋਂ ਪੈਦਾ ਹੋਈ ਮਹਾਂਮੰਦੀ ਦੀ ਹਨ੍ਹੇਰੀ ਨੇ ਯੂਰਪ ਨੂੰ ਅਤੇ ਬਸਤੀਆਂ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਜਦੋਂ ਵਿਕਸਿਤ ਦੇਸ਼ਾਂ ਵਿੱਚ ਜਿਣਸ ਵਿਕਣ ਦੀ ਗੁੰਜਾਇਸ਼ ਘੱਟ ਹੋਵੇ ਤਾਂ ਬਸਤੀਆਂ ਵਿੱਚ ਕੱਚਾ ਮਾਲ ਅਤੇ ਕਾਰਖਾਨਾ-ਉਤਪਾਦਾਂ ਦੀ ਸਪਲਾਈ 'ਤੇ ਵੀ ਪ੍ਰਭਾਵ ਪੈਣਾ ਹੀ ਸੀ। ਬ੍ਰਿਟਿਸ਼ ਅਰਥਸ਼ਾਸਤਰੀ **ਜਾਨ ਮੈਨਾਰਡ ਕੀਨਸ** ਦੇ "ਕਲਿਆਣਕਾਰੀ ਰਾਜ" ਦੇ ਨੁਸਖਿਆਂ ਅਤੇ ਅਮਰੀਕੀ ਰਾਸ਼ਟਰਪਤੀ **ਰੂਜ਼ਵੇਲਟ** ਦੇ "ਨਿਊ ਡੀਲ" ਨੇ ਅਮਰੀਕਾ ਨੂੰ ਮਹਾਂ ਮੰਦੀ ਤੋਂ ਉਭਾਰਨ ਵਿੱਚ ਅਹਿਮ ਰੋਲ਼ ਅਦਾ ਕੀਤਾ। ਇਨਾਂ ਦੋਨਾਂ ਦਾ ਸਾਰਤੱਤ ਇੱਕ ਹੀ ਸੀ। ਕੀਨਸ ਦਾ ਕਹਿਣਾ ਸੀ ਕਿ ਕਿਉਂਕਿ ਪੂੰਜੀ ਦੀ ਸੁਤੰਤਰ ਗਤੀ ਖੁਦ ਪੂੰਜੀਵਾਦ ਸਾਹਮਣੇ ਹੀ ਹੋਂਦ ਦਾ ਸੰਕਟ ਪੈਦਾ ਕਰ ਦਿੰਦੀ ਹੈ ਅਤੇ ਪੂੰਜੀਪਤੀਆਂ ਦਾ ਮੁਨਾਫਾ ਕਮਾਉਣ ਦਾ ਮੁਕਾਬਲਾ ਅੰਤ ਵਿੱਚ ਵਾਧੂ ਉਤਪਾਦਨ ਅਤੇ ਮੰਦੀ ਦਾ ਸੰਕਟ ਪੈਦਾ ਕਰ ਦਿੰਦੀ ਹੈ, ਇਸ ਲਈ ਪੂੰਜੀਵਾਦ ਨੂੰ ਪੂੰਜੀਪਤੀਆਂ ਤੋਂ ਬਚਾਉਣ

ਲਈ ਰਾਜ ਦੀ ਦਖਲ ਅੰਦਾਜੀ ਕਈ ਰੂਪਾਂ ਵਿੱਚ ਲਾਜ਼ਮੀ ਹੁੰਦੀ ਹੈ। ਇੱਕ ਤਾਂ ਇਹ ਕਿ ਆਰਥਿਕ ਵਿਕਾਸ ਵਿੱਚ ਸੰਤੁਲਨ ਲਿਆਉਣ ਲਈ, ਜਿਹੜੇ ਖੇਤਰਾਂ ਵਿੱਚ ਪੂੰਜੀਪਤੀ ਨਿਵੇਸ਼ ਨਹੀਂ ਕਰ ਰਹੇ ਹਨ, ਉਹਨਾਂ ਵਿੱਚ ਰਾਜ ਖੁਦ ਪੂੰਜੀਪਤੀ ਦੀ ਭੂਮਿਕਾ ਨਿਭਾਉਂਦੇ ਹੋਏ ਨਿਵੇਸ਼ ਕਰੇ ਮਤਲਬ ਕਿ ਲੋਕਾਂ ਦੇ ਪੈਸੇ ਨੂੰ ਨਿਵੇਸ਼ ਕਰਕੇ ਪੂੰਜੀਵਾਦ ਦਾ ਮਤਲਬ ਸਿੱਧ ਕਰੇ। ਦੂਜਾ, ਕਿਰਤੀ ਲੋਕਾਂ ਦੇ ਸਮਾਜਿਕ ਵਿਸਫੋਟਾਂ ਨਾਲ਼ ਢਾਂਚੇ ਨੂੰ ਬਚਾਉਣ ਲਈ ਰਾਜ ਅੱਗੇ ਆ ਕੇ ਸਮਾਜਿਕ ਸੁਰੱਖਿਆ ਦੀਆਂ ਕੁੱਝ ਸਕੀਮਾਂ ਲਾਗੂ ਕਰੇ ਅਤੇ ਪੂੰਜੀਪਤੀਆਂ 'ਤੇ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਮਜ਼ਦੂਰਾਂ ਨੂੰ ਕੁੱਝ ਹੱਕ-ਰਿਆਇਤਾਂ ਦੇਣ ਲਈ ਦਬਾਅ ਬਣਾਏ। ਤੀਜਾ, ਮੰਦੀ ਦੀ ਮਾਰ ਨਾਲ਼ ਪੂੰਜੀਵਾਦੀ ਉਤਪਾਦਨ ਪ੍ਰਣਾਲ਼ੀ ਤਬਾਹ ਹੋ ਜਾਵੇ ਤਾਂ ਉਸ ਸਮੇਂ ਉਸਨੂੰ ਵਿਸ਼ੇਸ਼ ਮਦਦ ਦੇ ਕੇ ਫਿਰ ਤੋਂ ਖੜ੍ਹਾ ਕਰੇ ਅਤੇ ਵੱਡੇ ਪੈਮਾਨੇ 'ਤੇ ਬੇਰੋਜ਼ਗਾਰ ਮਜ਼ਦੂਰ ਅਬਾਦੀ ਨੂੰ ਵੀ ਰਾਹਤ ਦੇ ਕੇ ਸਮਾਜਿਕ ਅਸੰਤੋਸ਼ ਦੇ ਵਿਸਫੋਟ ਨੂੰ ਰੋਕੇ। ਨਿਸ਼ਚਿਤ ਹੈ ਕਿ ਇਸ ਸਭ ਦਾ ਭਾਰ ਵੀ ਸਰਕਾਰੀ ਖਜਾਨੇ ਨੂੰ, ਭਾਵ ਕਿ ਜਨਤਾ ਨੇ ਹੀ ਭੁਗਤਣਾ ਸੀ। ਕੀਨਸ ਦੇ "ਕਲਿਆਣਕਾਰੀ ਰਾਜ" ਦੇ ਨੁਸਖਿਆਂ ਨੇ ਅਸਲੀਅਤ ਵਿੱਚ ਕੁੱਝ ਫਾਰਮੂਲੇ ਸਮਾਜਵਾਦ ਤੋਂ ਉਧਾਰੇ ਲਏ ਸਨ। ਉਸ ਦਾ ਇੱਕ ਉਦੇਸ਼ ਪੂੰਜੀਵਾਦ ਨੂੰ ਆਰਥਿਕ ਸੰਕਟ ਤੋਂ ਉਭਾਰਨਾ ਤਾਂ ਸੀ ਹੀ, ਦੂਜਾ ਅਹਿਮ ਉਦੇਸ਼ ਮਜ਼ਦੂਰ ਅਸੰਤੋਸ਼ 'ਤੇ ਸੁਧਾਰ-ਕਲਿਆਣ ਦੇ ਛਿੱਟੇ ਮਾਰ ਕੇ ਸਮਾਜਵਾਦ ਦੇ ਖਿਲਾਫ ਇੱਕ ਵਿਚਾਰਕ ਮੋਰਚੇਬੰਦੀ ਕਰਨਾ ਵੀ ਸੀ। ਰੂਜਵੇਲਟ ਦੇ 'ਨਿਊ ਡੀਲ' ਨੇ ਕੀਨਸੀਆਈ ਨੁਸਖਿਆਂ 'ਤੇ ਹੀ ਅਮਲ ਕਰਦੇ ਹੋਏ ਅਮਰੀਕਾ ਨੂੰ ਮੰਦੀ ਤੋਂ ਉਭਾਰਨ ਵਿੱਚ ਅਹਿਮ ਭੂਮਿਕਾ ਨਿਭਾਈ। ਉੱਧਰ ਜੰਗ ਦੀਆਂ ਤਿਆਰੀਆਂ ਨੇ ਯੂਰਪ ਨੂੰ ਮੰਦੀ ਤੋਂ ਰਾਹਤ ਦੇ ਦਿੱਤੀ।

ਦੂਜੀ ਸੰਸਾਰ ਜੰਗ ਤੋਂ ਬਾਅਦ ਸਮਾਜਵਾਦੀ ਦੇਸ਼ਾਂ ਵਿੱਚ ਉੱਭਰੇ ਨਵੇਂ ਸ਼ਕਤੀ-ਸੰਤੁਲਨ ਦੇ ਅਨੁਰੂਪ ਸੰਸਾਰ ਪੂੰਜੀਵਾਦੀ ਢਾਂਚੇ ਦਾ ਪੁਨਰਗਠਨ ਹੋਇਆ। ਜਰਮਨੀ, ਜਾਪਾਨ ਅਤੇ ਇਟਲੀ ਦਾ ਨਾਸ਼ ਹੋ ਜਾਣ, ਪੂਰੇ ਯੂਰਪ ਦੇ ਤਬਾਹ ਹੋ ਜਾਣ ਅਤੇ ਇੰਗਲੈਂਡ ਦੇ ਦਿਵਾਲੀਏਪਣ ਦੇ ਕੰਢੇ ਖੜ੍ਹਾ ਹੋ ਜਾਣ ਤੋਂ ਬਾਅਦ ਨਵੇਂ ਪੂੰਜੀਵਾਦੀ ਸੰਸਾਰ ਦੇ ਸਿਖਰ 'ਤੇ ਅਮਰੀਕਾ ਬਿਰਾਜਮਾਨ ਹੋਇਆ ਜੋ ਜੰਗ ਦੀ ਤਬਾਹੀ ਤੋਂ ਨਾ ਸਿਰਫ ਬਿਨਾਂ ਪ੍ਰਭਾਵਿਤ ਹੋਏ ਬਚ ਨਿੱਕਲਿਆ ਸੀ, ਸਗੋਂ ਜੰਗ ਨੇ ਉਸਦੇ ਅਰਥਚਾਰੇ ਨੂੰ ਮਹਾਂਮੰਦੀ 'ਚੋਂ ਕੱਢ ਕੇ ਨਵੀਂ ਸਿਹਤ ਬਖਸ਼ਣ ਦਾ ਕੰਮ ਕੀਤਾ ਸੀ। ਜੰਗ ਨਾਲ਼ ਤਬਾਹ ਯੂਰਪ ਦੀ ਮੁੜ ਉਸਾਰੀ ਵਿੱਚ ਪੂੰਜੀ ਲਾ ਕੇ ਅਮਰੀਕਾ ਨੇ ਖੂਬ ਮੁਨਾਫਾ ਕਮਾਇਆ। ਜਰਮਨੀ ਅਤੇ ਜਪਾਨ ਨੂੰ ਫਹੁੜੀਆਂ ਦਿੰਦੇ ਹੋਏ ਮਾਰਕ ਅਤੇ ਜੇਨ ਨੂੰ ਤਾਕਤਵਰ ਬਣਾਉਣ ਦੀ ਪ੍ਰਕਿਰਿਆ ਵਿੱਚ ਡਾਲਰ ਖੁਦ ਵੀ ਆਪਣੀ ਤਾਕਤ ਵਧਾਉਂਦਾ ਰਿਹਾ। **ਬ੍ਰੇਟਨਵੁਡਸ ਸਮਝੌਤੇ** (1944) ਨੇ ਇਸੇ ਨਵੇਂ ਆਰਥਿਕ ਯਥਾਰਥ ਨੂੰ ਸਮੇਟਿਆ। ਡਾਲਰ ਦੁਨੀਆਂ ਭਰ ਦੀਆਂ ਮੁਦਰਾਵਾਂ ਦਾ ਸਰਦਾਰ ਬਣਿਆਂ, ਵਿਸ਼ਵ ਵਿੱਤੀ ਢਾਂਚੇ ਵਿੱਚ **ਡਾਲਰ-ਗੋਲਡ ਸਟੈਂਡਰਡ** ਲਾਗੂ ਹੋਇਆ ਯਾਣੀ ਅਮਰੀਕਾ ਨੇ ਸਾਰੇ ਦੇਸ਼ਾਂ ਦੇ ਕੇਂਦਰੀ ਬੈਂਕਾਂ ਵਿੱਚ ਜਮਾਂ ਡਾਲਰਾਂ ਦਾ ਮੁੱਲ ਸੋਨੇ ਵਿੱਚ ਚੁਕਾਉਣ ਦਾ ਵਾਅਦਾ ਕੀਤਾ। ਅਮਰੀਕੀ ਪੂੰਜੀ ਦੇ ਹਿੱਤਾਂ ਨੂੰ ਸਿਰੇ 'ਤੇ ਰਖਦੇ ਹੋਏ ਪੂਰੇ ਸਾਮਰਾਜਵਾਦੀ ਗਿਰੋਹ ਦੀ ਪੂੰਜੀ ਦੇ ਸੰਸਾਰਵਿਆਪੀ ਵੇਗ ਨੂੰ ਉਚਿਤ ਚੈਨਲਾਂ ਨਾਲ਼ ਸੰਚਾਲਿਤ-ਨਿਰਦੇਸ਼ਿਤ ਕਰਨ ਲਈ **ਵਿਸ਼ਵ ਬੈਂਕ** ਅਤੇ **ਆਈ.ਐੱਮ.ਐੱਫ** ਜਿਹੀਆਂ ਕੌਮਾਂਤਰੀ ਸੰਸਥਾਵਾਂ ਬਣੀਆਂ। 1947 ਦੇ ਗੈਟ ਕਰਾਰ ਨੇ ਸਾਮਰਾਜਵਾਦੀ ਪੂੰਜੀ ਅਤੇ ਮੁੱਖ ਤੌਰ 'ਤੇ ਅਮਰੀਕੀ ਪੂੰਜੀ ਦੇ ਰਾਹ ਦੀਆਂ ਵਪਾਰਕ ਰੁਕਾਵਟਾਂ ਨੂੰ ਘੱਟ ਕਰਕੇ ਸੰਸਾਰ-ਮੰਡੀ 'ਤੇ ਉਸਦੀ ਚੌਧਰ ਨੂੰ ਪੁਖਤਾ ਬਣਾਉਣ ਦਾ ਯਤਨ ਕੀਤਾ।

ਅਮਰੀਕਾ ਨੇ ਤੀਜੀ ਦੁਨੀਆਂ ਦੇ ਬਹੁਤੇਰੇ ਦੇਸ਼ਾਂ ਵਿੱਚ ਬਸਤੀਵਾਦ ਦੀ ਰਾਖ 'ਤੇ ਆਪਣਾ ਇੱਕ ਨਵਬਸਤੀਵਾਦੀ ਢਾਂਚਾ ਖੜ੍ਹਾ ਕੀਤਾ। ਇਨਾਂ ਅਮਰੀਕੀ ਨਵਬਸਤੀਆਂ ਵਿੱਚ, ਇਸ ਤੋਂ ਪਹਿਲਾਂ ਕਿਸੇ ਤਾਨਾਸ਼ਾਹ ਦੀ ਸੱਤਾ ਹੁੰਦੀ ਸੀ, ਦੇਸ਼ ਦੀ ਅਜ਼ਾਦੀ ਬਸ ਨਾ ਮਾਤਰ ਦੀ ਹੁੰਦੀ ਸੀ, ਲੋਕਾਂ ਦੇ ਜਮਹੂਰੀ ਅਧਿਕਾਰ ਨਾ ਮਾਤਰ ਹੁੰਦੇ ਸਨ ਅਤੇ ਅਰਥਚਾਰਾ ਪੂਰੀ ਤਰਾਂ ਅਮਰੀਕੀ ਅਰਥਚਾਰੇ ਨਾਲ਼ ਨੱਥੀ ਹੁੰਦਾ ਸੀ। ਜੋ ਨਵੇਂ ਅਜਾਦ ਦੇਸ਼ ਸਨ ਉਹਨਾਂ ਨੂੰ ਪੂੰਜੀ ਅਤੇ ਤਕਨਾਲੋਜੀ ਦੇ ਕੇ, ਸਿੱਧੇ ਅਤੇ ਆਈ.ਐੱਮ.ਐਫ,-ਵਿਸ਼ਵ ਬੈਂਕ ਜ਼ਰੀਏ ਕਰਜ ਅਤੇ ਦਾਨ ਦੇ ਕੇ (ਜਾਂ, ਵਿਆਜ ਵਸੂਲ ਕੇ ਅਤੇ ਪੂੰਜੀ ਨਿਵੇਸ਼ ਦੇ ਅਨੁਕੂਲ ਸ਼ਰਤਾਂ ਹਾਸਿਲ ਕਰਕੇ) ਤੇ ਵਿਸ਼ਵ ਬੈਂਕ 'ਤੇ ਆਪਣੀ ਹੋਂਦ ਦਾ ਲਾਭ ਲੈ ਕੇ ਅਮਰੀਕਾ ਆਪਣੀ ਲੁੱਟ ਦਾ ਸ਼ਿਕਾਰ ਬਣਾਉਂਦਾ ਸੀ। ਇਨਾਂ ਦੇਸ਼ਾਂ ਦੇ ਸ਼ਾਸਕ ਪੂੰਜੀਪਤੀ ਅੰਤਰਸਾਮਰਾਜਵਾਦੀ ਮੁਕਾਬਲੇ ਦਾ ਲਾਭ ਉਠਾ ਕੇ ਜਾਂ ਆਪਣੇ ਦੇਸ਼ ਦੇ ਲੋਕਾਂ ਨੂੰ ਨਿਚੋੜਕੇ 'ਪਬਲਿਕ ਸੈਕਟਰ' ਖੜ੍ਹਾ ਕਰਕੇ ਸਾਮਰਾਜਵਾਦੀ ਦਬਾਅ ਦਾ ਮੁਕਾਬਲਾ ਕਰਦੇ ਸਨ ਅਤੇ ਆਪਣੇ ਆਰਥਿਕ ਵਿਕਲਪਾਂ ਦਾ ਵਿਸਥਾਰ ਕਰਦੇ ਸਨ, ਪਰ ਕੁੱਲ ਮਿਲਾ ਕੇ ਉਨਾਂ ਦੀ ਭੂਮਿਕਾ ਨਵੇਂ ਵਿਸ਼ਵਢਾਂਚੇ ਵਿੱਚ ਸਾਮਰਾਜਵਾਦ ਦੇ "ਜੂਨੀਅਰ ਪਾਰਟਨਰ" ਦੀ ਹੀ ਸੀ। 1980 ਦੇ ਦਹਾਕੇ ਤੱਕ ਦੁਨੀਆਂ ਦੀਆਂ ਜਿਆਦਾਤਰ ਬਸਤੀਆਂ ਦਾ ਖਾਤਮਾ ਹੋ ਚੁੱਕਿਆ ਸੀ। ਹੁਣ ਨਵੇਂ ਸੰਸਾਰ ਢਾਂਚੇ ਵਿੱਚ ਮੁੱਖ ਤੌਰ 'ਤੇ ਉਤਪਾਦਕ ਸ਼ਕਤੀਆਂ ਦੇ ਵਿਕਾਸ ਅਤੇ ਪੂੰਜੀ ਦੀ ਤਾਕਤ ਦੇ ਬੂਤੇ ਹੀ ਸਾਮਰਾਜਵਾਦੀ (ਜਿਨਾਂ ਵਿੱਚ ਅਮਰੀਕਾ ਪ੍ਰਮੁੱਖ ਸੀ) ਦੇਸ਼ ਪਿਛੜੇ ਪੂੰਜੀਵਾਦੀ ਦੇਸ਼ਾਂ ਦੇ ਲੋਕਾਂ ਨੂੰ ਲੁੱਟਦੇ ਸਨ ਅਤੇ ਇਨਾਂ ਵਿੱਚ ਇਨਾਂ ਪੱਛੜੇ ਦੇਸ਼ਾਂ ਦੇ ਪੂੰਜੀਪਤੀ ਸ਼ਾਸਕ ਉਨਾਂ ਦੇ ਸਹਿਯੋਗੀ ਦੀ ਭੂਮਿਕਾ ਅਦਾ ਕਰਦੇ ਸਨ। ਰਾਜਨੀਤਕ ਦਬਾਅ ਦਾ ਪਹਿਲੂ ਮੌਜੂਦ ਰਹਿੰਦਾ ਸੀ, ਪਰ ਗੌਣ ਰੂਪ ਵਿੱਚ।

1956 ਵਿੱਚ ਸੋਵੀਅਤ ਯੂਨੀਅਨ ਵਿੱਚ ਪੂੰਜੀਵਾਦੀ ਮੁੜਬਹਾਲੀ ਦੇ ਕੁੱਝ ਹੀ ਸਾਲਾਂ ਬਾਅਦ, ਸਮਾਜਵਾਦੀ ਅਤੀਤ ਦੀ ਵਿਸ਼ੇਸ਼ ਸਮਾਜਿਕ-ਆਰਥਿਕ ਤਾਣੇਬਾਣੇ ਦਾ ਲਾਭ ਉਠਾ ਕੇ ਮੁਕਾਬਲਤਨ ਕਮਜ਼ੋਰ ਉਤਪਾਦਕ ਸ਼ਕਤੀਆਂ ਹੋਣ ਦੇ ਬਾਵਜੂਦ ਸੋਵੀਅਤ ਯੂਨੀਅਨ ਇੱਕ ਹਮਲਾਵਰ ਸਾਮਰਾਜਵਾਦੀ ਅਤਿਮਹਾਂਸ਼ਕਤੀ ਦੇ ਰੂਪ ਵਿੱਚ ਉਭਰਿਆ। ਅਮਰੀਕਾ ਦੇ ਨਾਲ਼ ਉਸਦੇ ਮੁਕਾਬਲੇ ਦਾ ਲਾਭ ਤੀਜੀ ਦੁਨੀਆਂ ਦੀ ਸਰਮਾਏਦਾਰੀ ਨੇ ਵੀ ਉਠਾਇਆ ਅਤੇ ਦੂਜੇ ਪਾਸੇ ਜਰਮਨੀ ਅਤੇ ਜਾਪਾਨ ਜਿਹੀਆਂ ਨਵੇਂ ਸਿਰੇ ਤੋਂ ਉਭਰਦੀਆਂ ਸਾਮਰਾਜਵਾਦੀ ਸ਼ਕਤੀਆਂ ਨੇ ਵੀ।

ਦੂਜੀ ਸੰਸਾਰ ਜੰਗ ਤੋਂ ਬਾਅਦ ਲਗਭਗ ਦੋ ਦਹਾਕਿਆਂ ਤੱਕ ਪੂੰਜੀਵਾਦੀ ਸੰਸਾਰ ਦਾ ਵਿਕਾਸ ਅਸਧਾਰਨ ਤੇਜ ਗਤੀ ਨਾਲ਼ ਹੋਇਆ। ਜੰਗ ਨਾਲ਼ ਹੋਏ ਨੁਕਸਾਨ ਦੀ ਪੂਰਤੀ, ਜੰਗ ਦੌਰਾਨ ਆਮ ਉਪਭੋਗਤਾ ਸਮੱਗਰੀਆਂ ਦੇ ਉਤਪਾਦਨ ਵਿੱਚ ਹੋਈ ਕਟੌਤੀ ਨਾਲ਼ ਪੈਦਾ ਹੋਈ ਘਾਟ ਦੀ ਪੂਰਤੀ, ਜੰਗ ਲਈ ਵਿਕਸਿਤ ਤਕਨਾਲੋਜ਼ੀ ਦੀ ਜੰਗੀ ਉਤਪਾਦਨਾਂ ਵਿੱਚ ਵਰਤੋਂ, ਠੰਡੀ ਜੰਗ ਦੀ ਨਵੀਂ ਲੜੀ ਅਤੇ ਕਰਜੇ, ਦਾਨ, ਸਹਾਇਤਾ ਅਤੇ ਸਿੱਧੇ ਪੂੰਜੀ-ਨਿਵੇਸ਼ ਦੇ ਜ਼ਰੀਏ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ (ਜਿੱਥੇ ਪੂੰਜੀਵਾਦੀ ਵਿਕਾਸ ਦੀ ਪ੍ਰਕਿਰਿਆ ਜ਼ਾਰੀ ਸੀ) ਪੂੰਜੀ ਨਿਰਯਾਤ ਦੇ ਫਲਸਰੂਪ ਪੰਜਾਹ ਅਤੇ ਸੱਠ ਦੇ ਦਹਾਕੇ ਵਿੱਚ ਪੂੰਜੀ ਸੰਗ੍ਰਹਿ ਲਈ ਅਨੁਕੂਲ ਹਾਲਤਾਂ ਤਿਆਰ ਹੋਈਆਂ। ਲੱਗਿਆ ਜਿਵੇਂ ਇੱਕ ਵਾਰ ਫਿਰ ਪੂੰਜੀਵਾਦ ਦਾ ਸੁਨਹਿਰੀ ਦੌਰ ਆ ਗਿਆ। ਪਰ ਇਹ ਸੁਪਨਾ ਛੇਤੀ ਹੀ ਟੁੱਟ ਗਿਆ। ਪੂੰਜੀ ਸੰਗ੍ਰਹਿ ਦਾ ਖਾਸਾ ਇਹ ਹੈ ਕਿ ਉਹ ਮੰਗ ਦੀ ਉਨ੍ਹਾਂ ਪ੍ਰੇਰਕ ਸ਼ਕਤੀਆਂ ਨੂੰ ਖਤਮ ਕਰ ਦਿੰਦਾ ਹੈ ਜੋ ਉਸਦੇ ਲਈ ਅਨੁਕੂਲ ਮਾਹੌਲ ਤਿਆਰ ਕਰਦੀਆਂ ਹਨ ਅਤੇ ਉਹੀ ਹੋਇਆ। 1960 ਦੇ ਦਹਾਕੇ ਦਾ ਅੰਤ ਹੁੰਦੇ ਹੁੰਦੇ ਇਹ ਸਥਿਤੀ ਪੈਦਾ ਹੋ ਚੁੱਕੀ ਸੀ, ਜਿਸਦਾ ਸਿੱਟਾ 1974-75 ਦੀ ਤੀਬਰ ਮੰਦੀ ਦੇ ਰੂਪ ਵਿੱਚ ਸਾਹਮਣੇ ਆਇਆ। ਯੂਰਪ , ਖਾਸ ਕਰਕੇ, ਜਰਮਨੀ ਅਤੇ ਜਾਪਾਨ ਵਿਦੇਸ਼ ਵਪਾਰ ਅਤੇ ਵਿੱਤੀ ਖੇਤਰ ਵਿੱਚ ਅਮਰੀਕਾ ਦੀ ਨਿਰਵਿਵਾਦ ਸਰਦਾਰੀ ਨੂੰ ਚੁਣੌਤੀ ਦੇਣ ਦੀ ਸਥਿਤੀ ਵਿੱਚ ਪਹੁੰਚਦੇ ਜਾ ਰਹੇ ਸਨ। ਡਾਲਰ ਦੀ ਸ਼ਕਤੀ ਵਿੱਚ ਆਈ ਸਿੱਧੀ ਗਿਰਾਵਟ ਦੇ ਕਾਰਨ 1971 ਵਿੱਚ ਡਾਲਰ ਦਾ ਸੋਨੇ ਨਾਲ਼ ਤੋੜ-ਵਿਛੋੜਾ ਹੋ ਗਿਆ।

ਇਹ ਪੂਰੀ ਸਥਿਤੀ ਅਮਰੀਕੀ ਚੌਧਰ ਦੇ ਖਾਤਮੇ ਦੀ ਨਹੀਂ, ਸਗੋਂ ਉਸਦੇ ਗਲਬੇ ਦੇ ਇੱਕ ਨਵੇਂ ਦੌਰ ਦੀ ਸ਼ੁਰੁਆਤ ਦਾ ਸੰਕੇਤ ਦੇ ਰਹੀ ਸੀ। ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਅਮਰੀਕੀ ਪੂੰਜੀ ਦੀ ਘੁਸ-ਪੈਠ, ਕੌਮਾਂਤਰੀ ਵਿੱਤੀ ਸੰਸਥਾਵਾਂ 'ਤੇ ਉਸਦਾ ਗਲਬਾ ਸੋਵੀਅਤ ਸਾਮਰਾਜਵਾਦ ਦੀ ਜੰਗੀ ਸ਼ਕਤੀ ਦਾ ਮੁਕਾਬਲਾ ਕਰਨ ਵਿੱਚ ਯੂਰਪ ਦੀ ਮਜ਼ਬੂਰੀ — ਇਹਨਾਂ ਬਹੁਤੇਰੇ ਕਾਰਨਾਂ ਕਰਕੇ ਅਮਰੀਕਾ ਨੂੰ ਆਪਣਾ ਗਲਬਾ ਬਣਾਈ ਰੱਖਣ ਵਿੱਚ ਮਦਦ ਮਿਲ ਰਹੀ ਸੀ। ਇੱਕ ਅਹਿਮ ਕਾਰਨ ਡਾਲਰ-ਗੋਲਡ ਸਟੈਂਡਰਡ ਦੇ ਟੁੱਟਣ ਦੇ ਬਾਵਜੂਦ ਵਿਸ਼ਵ-ਮੁਦਰਾ ਦੇ ਰੂਪ ਵਿੱਚ ਡਾਲਰ ਦੀ ਮੌਜੂਦਗੀ ਵੀ ਰਹੀ ਹੈ। ਅੱਜ ਤੱਕ ਦੀ ਸਥਿਤੀ ਵੀ ਇਹੀ ਰਹੀ ਹੈ ਕਿ ਕੌਮਾਂਤਰੀ ਵਪਾਰ ਦੀ ਵੀ ਮੁੱਖ ਮੁਦਰਾ ਡਾਲਰ ਹੈ ਅਤੇ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ (ਕੁੱਝ ਇੱਕ ਨੂੰ ਛੱਡ ਕੇ) ਦਾ ਵਿਦੇਸ਼ੀ ਮੁਦਰਾ ਭੰਡਾਰ ਡਾਲਰ ਵਿੱਚ ਹੈ। ਡਾਲਰ ਦੀ ਸਥਿਤੀ ਜੇ ਇੱਕ ਝਟਕੇ ਨਾਲ਼ ਬਦਲੇ ਤਾਂ ਨਾ ਸਿਰਫ ਇਹਨਾਂ ਸਾਰੇ ਦੇਸ਼ਾਂ ਦੇ ਅਰਥਚਾਰੇ ਵਿੱਚ ਸਗੋਂ ਪੂਰੇ ਸੰਸਾਰ ਅਰਥਤੰਤਰ ਵਿੱਚ ਭੂਚਾਲ ਆ ਜਾਵੇਗਾ। ਇਹੀ ਕਾਰਨ ਹੈ ਕਿ ਦੁਨੀਆਂ ਦਾ ਸਭ ਤੋਂ ਵੱਡਾ ਕਰਜਦਾਰ ਹੋਣ ਦੇ ਬਾਵਜੂਦ ਅਮਰੀਕਾ ਡਾਲਰ ਛਾਪ ਕੇ ਆਪਣੇ ਘਾਟੇ ਦੀ ਪੂਰਤੀ ਕਰ ਲੈਂਦਾ ਹੈ ਅਤੇ ਕਰਜਦਾਤਾ ਦੇਸ਼ਾਂ ਨੂੰ ਅਮਰੀਕੀ ਸਰਕਾਰੀ ਬਾਂਡਾਂ ਦੇ ਕਾਗਜ਼ ਫੜਾ ਜਾਂਦਾ ਹੈ।

1976 ਵਿੱਚ ਚੀਨ ਵਿੱਚ ਪੂੰਜੀਵਾਦ ਦੀ ਮੁੜਬਹਾਲੀ ਅਤੇ ਅੱਸੀ ਦੇ ਦਹਾਕੇ ਦੇ ਅੰਤ ਤੱਕ ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਵਿੱਚ ਰਾਜਕੀ ਪੂੰਜੀਵਾਦੀ ਢਾਂਚੇ ਦੇ ਟੁੱਟਣ ਅਤੇ ਉੱਥੇ ਪੱਛਮੀ ਢੰਗ ਦੇ ਨਵਕਲਾਸਿਕੀ ਪੂੰਜੀਵਾਦ ਦੀ ਸਥਾਪਨਾ ਤੋਂ ਬਾਅਦ ਅਮਰੀਕਾ, ਯੂਰਪ ਅਤੇ ਜਾਪਾਨ ਦੇ ਸਾਹਮਣੇ ਪੂੰਜੀ-ਨਿਵੇਸ਼ ਦਾ ਨਵਾਂ ਖੇਤਰ ਸਾਹਮਣੇ ਆਇਆ। ਇੱਧਰ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਸਾਹਮਣੇ ਵੀ, ਪੱਛਮੀ ਦੇਸ਼ਾਂ ਨੂੰ ਚੁਣੌਤੀ ਦੇਣ ਵਾਲ਼ੀ ਇੱਕ ਮਹਾਂਸ਼ਕਤੀ ਦੇ ਖਿੰਡਾਅ ਤੋਂ ਬਾਅਦ, ਪੱਛਮੀ ਸਾਮਰਾਜਵਾਦੀ ਦਬਾਅ ਅੱਗੇ ਝੁਕਣ ਤੋਂ ਬਿਨਾਂ ਦੂਜਾ ਕੋਈ ਰਾਹ ਨਹੀਂ ਬਚਿਆ ਸੀ। ਦੂਜੇ, ਰਾਜਕੀ ਪੂੰਜੀਵਾਦੀ ਢਾਂਚਾ ਖੜ੍ਹਾ ਕਰਕੇ ਸਾਪੇਖਕ ਅਜ਼ਾਦੀ ਦੇ ਨਾਲ਼ ਪੂੰਜੀਵਾਦੀ ਵਿਕਾਸ ਦੀਆਂ ਸੰਭਾਵਨਾਵਾਂ ਵੀ ਇਨਾਂ ਦੇਸ਼ਾਂ ਵਿੱਚ ਸੁੰਗੜ ਗਈਆਂ ਸਨ। ਨਾਲ਼ ਹੀ, ਹੁਣ ਤੱਕ ਕਾਫੀ ਆਰਥਿਕ ਸ਼ਕਤੀ ਜੁਟਾ ਚੁੱਕੀ ਇਨਾਂ ਦੇਸ਼ਾਂ ਦੀ ਨਿੱਜੀ ਇਜ਼ਾਰੇਦਾਰ ਸਰਮਾਏਦਾਰੀ ਵੀ ਰਾਜਕੀ ਅਦਾਰਿਆਂ ਦੇ ਨਿੱਜੀਕਰਨ ਅਤੇ ਪੱਛਮੀ ਦੇਸ਼ਾਂ ਤੋਂ ਪੂੰਜੀ ਅਤੇ ਤਕਨਾਲੋਜ਼ੀ ਲੈਣ ਲਈ ਦਬਾਅ ਬਣਾ ਰਹੀ ਸੀ। ਨਤੀਜੇ ਵਜੋਂ, ਤੀਜੀ ਦੁਨੀਆਂ ਦੇ ਦੇਸ਼ਾਂ ਨੇ ਅਮਰੀਕੀ ਅਗਵਾਈ ਵਾਲ਼ੇ ਪੱਛਮੀ ਖੇਮੇ ਅਤੇ ਆਈ.ਐੱਮ.ਐੱਫ. -ਵਿਸ਼ਵ ਬੈਂਕ-ਗੈਟ (ਹੁਣ ਵਿਸ਼ਵ ਵਪਾਰ ਸੰਗਠਨ) ਨਿਰਦੇਸ਼ਿਤ ਨੁਸਖਿਆਂ-ਨੀਤੀਆਂ ਨੂੰ ਸਵੀਕਾਰ ਕਰਕੇ ਆਪਣੇ ਦੇਸ਼ਾਂ ਦੇ ਬਜ਼ਾਰਾਂ ਨੂੰ ਸਾਮਰਾਜਵਾਦੀ ਪੂੰਜੀ ਲਈ ਲਗਭਗ ਪੂਰੀ ਤਰਾਂ ਖੋਲ੍ਹ ਦਿੱਤਾ। ਪੂਰੀ ਦੁਨੀਆਂ ਵਿੱਚ ਨਵਉਦਾਰਵਾਦੀ ਨੀਤੀਆਂ ਦਾ ਨਵਾਂ ਦੌਰ ਸ਼ੁਰੂ ਹੋ ਚੁੱਕਿਆ ਸੀ। ਸਾਮਰਾਜਵਾਦੀਆਂ ਅਤੇ ਪੱਛੜੇ ਦੇਸ਼ਾਂ ਦੇ ਪੂੰਜੀਪਤੀਆਂ ਦੀ ਇਸ ਗੱਲ 'ਤੇ ਆਮ ਸਹਿਮਤੀ ਸੀ ਕਿ ਸਾਰੇ ਕੀਨਸੀਆਈ ਨੁਸਖਿਆਂ ਨੂੰ ਤਿਆਗ ਕੇ ਸਿੱਖਿਆ, ਸਿਹਤ ਆਦਿ ਸਾਰੇ ਖੇਤਰਾਂ ਨੂੰ ਵੀ ਪੂੰਜੀ ਨਿਵੇਸ਼ ਦਾ ਖੇਤਰ ਬਣਾ ਦਿੱਤਾ ਜਾਵੇ ਅਤੇ ਰਾਜ ਕਿਰਤੀਆਂ ਦੇ ਹਿੱਤਾਂ ਦੀ ਕਾਨੂੰਨੀ ਹਿਫਾਜਤ ਦਾ ਕੰਮ ਪੂਰੀ ਤਰਾਂ ਛੱਡ ਕੇ ਪੂੰਜੀਪਤੀਆਂ ਨੂੰ ਉਨਾਂ ਤੋਂ ਵੱਧ ਤੋਂ ਵੱਧ ਵਾਧੂ ਕਦਰ ਨਿਚੋੜਨ ਦੇਵੇ। ਬਾਵਜੂਦ ਇਸਦੇ, ਸੰਸਾਰ ਅਰਥਚਾਰੇ ਵਿੱਚ 1973-74 ਤੋਂ ਜਾਰੀ ਲਮਕਵੀਂ ਮੰਦੀ ਦਾ ਰਿਕਾਰਡ ਤੋੜ ਲੰਬਾ ਦੌਰ ਜਾਰੀ ਰਿਹਾ। ਵਿੱਚ-ਵਿੱਚ ਸੁਧਾਰ ਦੇ ਕੁੱਝ ਲੱਛਣ ਦਿਸਦੇ ਸਨ, ਫਿਰ ਪੁਰਾਣਾ ਰੋਗ ਅਤੇ ਹੋਰ ਜਿਆਦਾ ਤੀਖਣ ਹੋ ਕੇ ਉਭਰ ਆਉਂਦਾ ਸੀ। 1970 ਦੇ ਦਹਾਕੇ ਵਿੱਚ ਸੰਸਾਰ ਅਰਥਚਾਰੇ ਵਿੱਚ ਕਰਜਾ ਨਾ ਮੋੜ ਸਕਣ ਦਾ ਸੰਕਟ ਅਤੇ ਵਿਦੇਸ਼ੀ ਮੁਦਰਾ ਵਟਾਂਦਰਾਂ ਦਰਾਂ ਦੀ ਨਾ ਕਾਬੂ ਕਰਨ ਯੋਗ ਅਸਥਿਰਤਾ ਸਾਹਮਣੇ ਆਈ। ਫਿਰ 1990 ਤੋਂ ਬਾਅਦ ਵਿੱਤ ਦਾ ਅਣਕਿਆਸਾ ਕੌਮਾਂਤਰੀਕਰਨ ਹੋਇਆ ਤੇ ਕਰਜੇ ਅਤੇ ਸੱਟੇਬਾਜ਼ੀ ਦੀ ਘਟਾ ਛਾ ਗਈ।

ਸ਼ੇਅਰ ਦਲਾਲਾਂ ਅਤੇ ਬਾਂਡਜ਼ ਦੇ ਵਪਾਰੀਆਂ ਦੀ ਵਿੱਤੀ ਦੁਨੀਆਂ ਪਹਿਲਾਂ ਵੀ ਮੌਜੂਦ ਸੀ, ਪਰ ਕੁੱਲ ਮਿਲਾਕੇ ਸੱਟੇਬਾਜ਼ੀ ਉਦਯੋਗ ਦੀ ਲਗਾਤਾਰ ਧਾਰਾ 'ਤੇ ਉਠਣ ਵਾਲ਼ੇ ਬੁਲਬੁਲੇ ਦੀ ਤਰਾਂ ਹੀ ਸੀ। ਵਿੱਤ ਦੀ ਦੁਨੀਆਂ ਵਿੱਚ ਸ਼ੇਅਰ ਬਾਜ਼ਾਰ ਨਹੀਂ, ਸਗੋਂ ਬੈਂਕ ਦੀ ਭੂਮਿਕਾ ਪ੍ਰਧਾਨ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਇਸ ਸਥਿਤੀ ਵਿੱਚ ਤਬਦੀਲੀ ਆਉਣੀ ਸ਼ੁਰੂ ਹੋਈ ਅਤੇ ਪਿਛਲੀ ਸਦੀ ਦੇ ਨੌਵੇਂ ਦਹਾਕੇ ਤੱਕ ਸਥਿਤੀ ਇਹ ਹੋ ਗਈ ਕਿ ਵਿੱਤੀ

ਪੂੰਜੀ ਨੇ ਅਸਲੀ ਆਰਥਿਕ ਉਤਪਾਦਨ ਦੀ ਆਮ ਸਹਾਇਕ ਭੂਮਿਕਾ ਤੋਂ ਪੂਰੀ ਤਰਾਂ ਅਜ਼ਾਦ ਹੋ ਕੇ, ਸੰਪੂਰਨ ਵਿਸ਼ਵ ਅਰਥਚਾਰੇ 'ਤੇ ਆਪਣੀ ਚੌਧਰ ਕਾਇਮ ਕਰ ਲਈ। ਬੈਂਕ ਅਤੇ ਬੀਮਾਂ ਕੰਪਨੀਆਂ ਵੀ ਅਸਲੀ ਉਤਪਾਦਨ ਵਿੱਚ ਨਿਵੇਸ਼ ਦੀ ਬਜਾਇ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਕਰਨ ਲੱਗੀਆਂ। ਤਾਂ ਕਿ ਤੁਰਤ-ਫੁਰਤ ਮੁਨਾਫਾ ਨਿਸ਼ਚਿਤ ਹੋ ਜਾਵੇ। ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਵੀ ਜੋ ਪੂੰਜੀ ਆ ਰਹੀ ਹੈ, ਉਸ ਦਾ ਵੱਡਾ ਹਿਸਾ ਉਸ ਅਵਾਰਾ ਪੂੰਜੀ ਦਾ ਹੈ ਜੋ ਤੁਰੰਤ ਮੁਨਾਫੇ ਦੀ ਆਸ ਵਿੱਚ ਦੁਨੀਆਂ ਭਰ ਦੇ ਸ਼ੇਅਰ ਬਜ਼ਾਰਾਂ ਦਾ ਚੱਕਰ ਕੱਟਦੀ ਰਹਿੰਦੀ ਹੈ। ਵਿਦੇਸ਼ੀ (ਅਤੇ ਦੇਸੀ ਵੀ) ਪੂੰਜੀ ਦਾ ਇੱਕ ਛੋਟਾ ਹਿੱਸਾ ਉਤਪਾਦਨ ਕਾਰਵਾਈਆਂ ਵਿੱਚ ਲੱਗ ਰਿਹਾ ਹੈ ਅਤੇ ਉਸਦਾ ਵੀ ਵੱਡਾ ਭਾਗ ਨਵੇਂ ਕਾਰਖਾਨੇ ਲਾਉਣ ਦੀ ਬਜਾਇ ਪਹਿਲਾਂ ਤੋਂ ਖੜ੍ਹੇ ਕਾਰਖਾਨਿਆਂ ਦੇ ਕਬਜਿਆਂ ਵਿੱਚ ਲੱਗ ਰਿਹਾ ਹੈ। ਕੀਨਸ ਨੇ 1936 ਵਿੱਚ ਲਿਖਿਆ ਸੀ :"*ਉਦਯੋਗ ਦੀ ਸਥਾਈ ਧਾਰਾ 'ਤੇ ਉੱਠਣ ਵਾਲ਼ੇ ਸੱਟੇਬਾਜ਼ੀ ਦੇ ਬੁਲਬੁਲੇ ਕੋਈ ਨੁਕਸਾਨ ਨਹੀਂ ਪਹੁੰਚਾ ਸਕਦੇ। ਪਰ ਸਥਿਤੀ ਉਦੋਂ ਗੰਭੀਰ ਹੋ ਜਾਂਦੀ ਹੈ ਜਦੋਂ ਉਦਯੋਗ ਹੀ ਸੱਟੇਬਾਜ਼ੀ ਦੇ ਭੰਵਰ ਵਿੱਚ ਸਤ੍ਹਾ 'ਤੇ ਤੈਰਨ ਵਾਲ਼ਾ ਬੁਲਬੁਲਾ ਬਣ ਜਾਂਦਾ ਹੈ। ਜਦੋਂ ਕਿਸੇ ਦੇਸ਼ ਵਿੱਚ ਪੂੰਜੀਵਾਦ ਦਾ ਵਿਕਾਸ ਜੁਆਘਰਾਂ ਦਾ ਬਾਈਪ੍ਰੋਡਕਟ ਬਣ ਜਾਂਦਾ ਹੈ, ਤਾਂ ਪੂਰੀ ਸੰਭਾਵਨਾ ਹੈ ਕਿ ਗੱਲ ਵਿਗੜ ਜਾਵੇ।*" ਕੀਨਸ ਨੇ ਉਦੋਂ ਸ਼ਾਇਦ ਇਹ ਸੋਚਿਆ ਵੀ ਨਹੀਂ ਹੋਵੇਗਾ ਕਿ ਅੱਧੀ ਸਦੀ ਬਾਅਦ ਹੀ ਉਸਦੀ ਇਹ ਗੱਲ ਕਿਸੇ ਇੱਕ ਕੌਮੀ ਅਰਥਚਾਰੇ ਨਹੀਂ ਸਗੋਂ ਪੂਰੇ ਸੰਸਾਰ ਅਰਥਚਾਰੇ ਲਈ ਇੱਕ ਸਚਾਈ ਬਣ ਜਾਵੇਗੀ। ਅੱਜ ਪੂੰਜੀ ਦਾ ਜੋ ਵੀ ਸੰਸਾਰਵਿਆਪੀ ਪ੍ਰਸਾਰ ਦਿਖਾਈ ਦੇ ਰਿਹਾ ਹੈ ਉਹ ਸੰਸਾਰ ਦੇ ਪ੍ਰਮੁੱਖ ਮੁਦਰਾ ਬਜ਼ਾਰਾਂ ਵਿੱਚ ਕਰਜਾ ਦੇਣ ਵਿੱਚ ਲਗਾਤਾਰ ਵਾਧੇ, ਮੁਦਰਾ ਪੂੰਜੀ ਵਿੱਚ ਕੌਮਾਂਤਰੀ ਆਵਾਗਮਨ ਅਤੇ ਸੱਟੇਬਾਜ਼ੀ ਦੇ ਰੂਪ ਵਿੱਚ ਹੈ। ਕਾਰਖਾਨਾ ਉਤਪਾਦਨ ਅਤੇ ਕੱਚੇਮਾਲ ਦੀ ਲੁੱਟ ਜਿਹੀਆਂ ਉਤਪਾਦਕ ਕਾਰਵਾਈਆਂ ਵਿੱਚ ਨਿਵੇਸ਼ ਨਾਮਾਤਰ ਹੀ ਹੋ ਰਿਹਾ ਹੈ। ਮੁੱਖ ਤੌਰ 'ਤੇ ਨਿਵੇਸ਼ ਸ਼ੇਅਰ ਬਾਜ਼ਾਰ ਬੀਮਾ ਜਿਹੇ ਵਿੱਤੀ ਖੇਤਰਾਂ ਵਿੱਚ ਜਾਂ ਵਿਗਿਆਪਨ, ਮੀਡੀਆ ਆਦਿ ਗੈਰਉਤਪਾਦਕ ਖੇਤਰਾਂ ਵਿੱਚ ਹੋ ਰਿਹਾ ਹੈ।

•

ਅਮਰੀਕੀ ਸਬਪ੍ਰਾਈਮ ਸੰਕਟ ਅਤੇ ਉਸਤੋਂ ਬਾਅਦ ਸੰਸਾਰ ਵਿਆਪੀ ਮੰਦੀ ਅਸਲ ਵਿੱਚ ਉਸੇ ਅੰਦੇਸ਼ੇ ਦਾ ਸਹੀ ਸਿੱਧ ਹੋਣਾ ਹੈ ਜੋ ਕੀਨਸ ਨੇ 1936 ਵਿੱਚ ਪ੍ਰਗਟ ਕੀਤਾ ਸੀ। ਮੌਜੂਦਾ ਸੰਕਟ ਨੂੰ ਠੀਕ ਤਰਾਂ ਸਮਝਣ ਲਈ ਇਸ ਦੀਆਂ ਕੁੱਝ ਉਸ ਤੋਂ ਪਹਿਲਾਂ ਦੀਆਂ ਕੜੀਆਂ ਦੀ ਵੀ ਚਰਚਾ ਜ਼ਰੂਰੀ ਹੈ।

ਨਵਉਦਾਰਵਾਦੀ ਨੀਤੀਆਂ ਜਾਂ ਸੰਸਾਰੀਕਰਨ ਦੇ ਦੌਰ ਵਿੱਚ ਪਹਿਲੀ ਵਾਰ, ਅਤਿ ਉਤਪਾਦਨ ਅਤੇ ਪੂੰਜੀ ਦੀ ਬਹੁਤਾਤ ਦੇ ਪੁਰਾਣੇ ਪੂੰਜੀਵਾਦੀ ਸੰਕਟ ਦਾ ਹੀ ਪ੍ਰਗਟਾਵਾ ਪੂਰਬੀ ਏਸ਼ੀਆਈ ਸੰਕਟ ਦੇ ਰੂਪ ਵਿੱਚ ਸਾਹਮਣੇ ਆਇਆ। ਇਸ ਸੰਕਟ ਨਾਲ਼ ਨਿਪਟਣ ਲਈ ਅਮਰੀਕਾ ਦੇ ਫੇਡਰਲ ਰਿਜ਼ਰਵ ਬੈਂਕ ਨੇ ਵਿਆਜ ਦਰਾਂ ਬੇਹੱਦ ਘਟਾ ਦਿੱਤੀਆਂ ਸਨ। ਇਨ੍ਹਾਂ ਦਾ ਲਾਭ ਡਾਟ ਕਾਮ ਕੰਪਨੀਆਂ ਨੇ ਉਠਾਇਆ। ਇਨਾਂ ਕੰਪਨੀਆਂ ਦਾ ਉਦੇਸ਼ ਸੀ ਇੰਟਰਨੈੱਟ ਤਕਨਾਲੋਜੀ ਦੇ ਅਧਾਰ 'ਤੇ ਆਇਡੀਆ ਵੇਚਣਾ। ਇਸਦਾ ਮੰਨਣਾ ਸੀ ਕਿ ਸ਼ੁਰੂਆਤ ਵਿੱਚ ਕੁੱਝ ਘਾਟਾ ਖਾ ਕੇ, ਫਿਰ ਬ੍ਰਾਂਡ ਜਾਗਰੁਕਤਾ ਪੈਦਾ ਕਰਕੇ ਆਪਣੇ ਉਤਪਾਦਾਂ ਅਤੇ ਸੇਵਾਵਾਂ ਨੂੰ ਵੇਚਕੇ ਕਾਫੀ ਮੁਨਾਫਾ ਕਮਾਇਆ ਜਾ ਸਕਦਾ ਹੈ। ਘਾਟਾ ਖਾਣ ਸਮੇਂ ਦੌਰਾਨ ਇਹ ਕੰਪਨੀਆਂ ਵੇਂਚਰ ਪੂੰਜੀ (ਯਾਨੀ ਸ਼ੁਰੂ ਕਰਨ ਲਈ ਸ਼ੁਰੂਆਤੀ ਪੂੰਜੀ) 'ਤੇ ਨਿਰਭਰ ਸਨ, ਜੋ ਫੇਡਰਲ ਰਿਜ਼ਰਵ ਬੈਂਕ ਦੇ ਬੇਹੱਦ ਘੱਟ ਵਿਆਜ ਦਰਾਂ ਤੇ ਆਸਾਨ ਸ਼ਰਤਾਂ ਦੇ ਕਾਰਨ ਉਨਾਂ ਨੂੰ ਉਦੋਂ ਆਸਾਨੀ ਨਾਲ਼ ਕਰਜੇ ਦੇ ਰੂਪ ਵਿੱਚ ਪ੍ਰਾਪਤ ਹੋ ਰਹੀ ਸੀ। ਛੇਤੀ ਹੀ ਇਨਾਂ ਕੰਪਨੀਆਂ ਦੇ ਸ਼ੇਅਰਾਂ ਦੇ ਭਾਅ ਆਸਮਾਨ ਛੂਹਣ ਲੱਗੇ। ਮਾਰਚ, 2000 ਇਸ ਡਾਟ ਕਾਮ ਬੁਲਬੁਲੇ ਦਾ ਸਿਖਰ ਸੀ। ਹੁਣ ਤੱਕ ਭਾਵੀ ਮੁਨਾਫੇ ਦੀ ਉਮੀਦ ਵਿੱਚ ਸੈਂਕੜੇ ਡਾਟ ਕਾਮ ਕੰਪਨੀਆਂ ਫੇਡਰਲ ਰਿਜ਼ਰਵ ਬੈਂਕ ਦੀਆਂ ਘੱਟ ਵਿਆਜ ਦਰਾਂ ਦੇ ਸਹਾਰੇ ਲਗਾਤਾਰ ਹਾਨੀ ਵਿੱਚ ਚੱਲ ਕਰ ਰਹੀਆਂ ਸਨ। ਜ਼ਾਹਿਰ ਹੈ ਕਿ ਨੈਟਵਰਕ ਪ੍ਰਭਾਵ ਨਾਲ਼ ਇਨਾਂ ਸਾਰੀਆਂ ਕੰਪਨੀਆਂ ਲਈ ਮੁਨਾਫਾ ਕਮਾ ਸਕਣਾ ਸੰਭਵ ਨਹੀਂ ਸੀ। ਹਰ ਸੈਕਟਰ ਵਿੱਚ ਸਿਰਫ ਇੱਕ ਦੋ ਅਜਿਹੇ ਜੇਤੂ ਹੀ ਹੋ ਸਕਦੇ ਸਨ ਜੋ ਪ੍ਰਚਾਰ ਅਤੇ ਸੱਟੇਬਾਜ਼ੀ ਦੇ ਜ਼ਰੀਏ ਹਾਨੀ ਦੇ ਦੌਰ ਵਿੱਚ ਆਪਣੇ ਉਪਭੋਗਤਾਵਾਂ ਦੀ ਸੰਖਿਆ ਇੰਨੀ ਵਧਾ ਲੈਂਦੇ ਸਨ ਕਿ ਬਾਅਦ ਵਿੱਚ ਮੁਨਾਫਾ ਕਮਾ ਸਕਣ। 2001 ਤੱਕ ਸਥਿਤੀ ਇਹ ਹੋ ਗਈ ਕਿ ਭਾਵੀ ਮੁਨਾਫੇ ਦਾ ਇੰਤਜ਼ਾਰ ਕਰਦੀਆਂ ਸੈਂਕੜੇ ਡਾਟ ਕਾਮ ਕੰਪਨੀਆਂ ਆਪਣੀ ਵੇਂਚਰ ਪੂੰਜੀ ਖਰਚ ਕਰਨ ਤੋਂ ਬਾਅਦ ਦਿਵਾਲੀਆ ਹੋ ਗਈਆਂ। ਛਾਂਟੀ ਅਤੇ ਤਾਲਾਬੰਦੀ ਹੋਈ, ਸ਼ੇਅਰ ਬਾਜ਼ਾਰ ਭਾਰੀ ਮੰਦੀ ਦਾ ਸ਼ਿਕਾਰ ਹੋ ਗਿਆ। ਮੰਡੀ ਵਿੱਚ ਨਕਦੀ ਵਿੱਚ ਭਾਰੀ ਕਮੀ ਆਈ ਅਤੇ ਪੂਰਾ ਅਮਰੀਕੀ ਅਰਥਚਾਰਾ ਇੱਕ ਗੰਭੀਰ ਮੰਦੀ ਵੱਲ ਵਧਣ ਲੱਗਿਆ। ਡਾਟ ਕਾਮ ਬੁਲਬੁਲਾ ਫਟ ਚੁੱਕਿਆ ਸੀ।

ਫੌਰੀ ਗੰਭੀਰ ਮੰਦੀ ਨੂੰ ਦੇਖਦੇ ਹੋਏ ਫੇਡਰਲ ਰਿਜ਼ਰਵ ਬੈਂਕ ਨੇ ਵਿਆਜ ਦਰਾਂ ਨੂੰ ਇਤਿਹਾਸਕ ਤੌਰ 'ਤੇ ਹੇਠਲੇ ਪੱਧਰ ਤੱਕ ਡੇਗ ਦਿੱਤਾ ਕਿਉਂਕਿ ਉਪਭੋਗਤਾ ਸਮੱਗਰੀਆਂ ਦੀ ਖਰੀਦ ਵਿੱਚ ਭਾਰੀ ਕਮੀ ਆਉਣ ਲੱਗੀ ਸੀ ਅਤੇ ਖਪਤ ਖਰਚ ਨੂੰ ਡਿਗਣ ਤੋਂ ਰੋਕਣ ਲਈ ਇਹ ਜਰੂਰੀ ਹੋ ਗਿਆ ਸੀ ਕਿ 'ਵੈਲਥ ਇਫੈਕਟ' ਪੈਦਾ ਕੀਤੇ ਜਾਣ ਅਤੇ ਉਪਭੋਗਤਾਵਾਂ ਨੂੰ ਆਸਾਨ ਕਰਜੇ ਉਪਲਬਧ ਕਰਵਾਏ ਜਾਣ। ਅਮਰੀਕੀ ਰੀਅਲ ਇਸਟੇਟ ਦੀ ਸ਼ਕਤੀਸ਼ਾਲੀ ਲਾਬੀ ਨੇ ਅਮਰੀਕੀਆਂ ਦੇ ਮਕਾਨ ਮਾਲਕ ਬਣਨ ਦੇ ਸੁਪਨੇ ਨੂੰ ਪਾਗਲਪਨ ਦੀਆਂ ਹੱਦਾਂ ਤੱਕ ਵਧਾਇਆ। ਆਮ ਲੋਕ ਇਹ ਵੀ ਮੰਨਦੇ ਹਨ ਕਿ ਅਵਾਰਾ ਪੂੰਜੀ ਵਿੱਚ ਨਿਵੇਸ਼ ਇੱਕ ਜੋਖਮ ਮੁਕਤ ਅਤੇ ਭਰੋਸੇਮੰਦ ਨਿਵੇਸ਼ ਹੈ। ਸਿੱਟੇ ਵਜੋਂ, ਡਾਟਕਾਮ ਬੁਲਬੁਲੇ ਦੇ ਫਟਣ ਤੋਂ ਬਾਅਦ ਜਿਵੇਂ ਹੀ ਸ਼ੇਅਰਾਂ ਦੀਆਂ ਕੀਮਤਾਂ ਡਿੱਗੀਆਂ, ਰਿਅਲ ਇਸਟੇਟ ਸਟਾਕ ਮਾਰਕੀਟ ਦੁਆਰਾ ਸ਼ੁਰੂ ਕੀਤੇ ਗਏ ਸੱਟੇਬਾਜ਼ੀ ਦੇ ਪਾਗਲਪਣ ਦਾ ਇੱਕ ਪਹਿਲਾ ਨਿਕਾਸੀ ਦਰਵਾਜਾ ਬਣ ਗਿਆ।

ਬੈਂਕ ਅਤੇ ਵਿੱਤੀ ਸੰਸਥਾਨ ਉੱਚੇ ਦਰਜੇ ਦੇ ਕਰਜਈ ਲੋਕਾਂ ਨੂੰ, ਰਕਮ ਦੀ ਵਾਪਸੀ ਦੀ ਵਧੇਰੇ ਪਕਿਆਈ ਨਾਲ਼ ਜੋ

ਕਰਜਾ ਦਿੰਦੇ ਹਨ, ਉਨਾਂ ਵਿੱਚ ਪਹਿਲਾ ਹੁੰਦਾ ਹੈ 'ਏ.ਏ.ਏ' ਕਰਜ਼ ਪ੍ਰਾਈਮ ਕਰਜ਼। ਇਸਤੋਂ ਬਾਅਦ ਆਉਂਦਾ ਹੈ 'ਅਲਟਰਨੇਟਿਵ ਏ' ਕਰਜ ਜਿਸ ਵਿੱਚ ਵੱਧ ਜੋਖਮ ਹੁੰਦਾ ਹੈ। ਇਸਤੋਂ ਬਾਅਦ ਤੀਜੀ ਸ਼੍ਰੇਣੀ ਸਬਪ੍ਰਾਈਮ ਕਰਜੇ ਦੀ ਬਣਾਈ ਗਈ, ਜਿਸਨੂੰ ਉਨ੍ਹਾਂ ਲੋਕਾਂ ਨੂੰ ਦਿੱਤਾ ਗਿਆ ਜੋ ਪਹਿਲੀਆਂ ਦੋ ਸ਼੍ਰੇਣੀਆਂ ਲਈ ਨਹੀਂ ਕਰਜ ਵਿੱਚ ਆਉਂਦੇ ਸਨ, ਇਸ ਲਈ ਪੂੰਜੀ ਦੀ ਪ੍ਰਚੂਰਤਾ ਨਾਲ਼ ਗ੍ਰਸਤ ਅਮਰੀਕੀ ਵਿੱਤੀ ਬਜ਼ਾਰ ਉਨਾਂ ਨੂੰ ਛੱਡ ਨਹੀਂ ਸਕਦਾ ਸੀ, ਖਾਸ ਤੌਰ 'ਤੇ ਉਦੋਂ ਜਦੋਂ ਪਹਿਲੀਆਂ ਦੋ ਸ਼੍ਰੇਣੀਆਂ ਦੇ ਕਰਜੇ ਦਾ ਬਾਜ਼ਾਰ ਖ਼ਤਮ ਹੋ ਗਿਆ ਸੀ। ਫਲਸਰੂਪ ਨਿਵੇਸ਼ ਬੈਂਕਾਂ ਅਤੇ ਮਾਰਟਗੇਜ ਬੈਂਕਾਂ ਨੇ ਅੰਨ੍ਹੇਵਾਹ ਸਬਪ੍ਰਾਈਮ ਕਰਜੇ ਦਿੱਤੇ। ਕਰਜੇ ਦੇ ਤਰਾਂ-ਤਰਾਂ ਦੇ ਪੈਕੇਜ ਬਣਾ ਕੇ ਕਈ ਵਿੱਤੀ ਸੰਸਥਾਵਾਂ ਨੂੰ — ਜਿਵੇਂ ਬੀਮਾਂ ਕੰਪਨੀਆਂ, ਵਣਜ ਬੈਂਕਾਂ ਅਤੇ ਹੇਜ ਫੰਡਜ ਨੂੰ ਵੇਚਿਆ ਗਿਆ, ਇਸ ਉਮੀਦ ਦੇ ਨਾਲ਼ ਕਿ ਇਸਦੇ ਖਤਰੇ ਦੀ ਵੰਡ ਹੋ ਜਾਵੇਗੀ ਅਤੇ ਬੁਰੇ ਕਰਜ਼ਿਆਂ ਦੇ ਸੰਕਟ ਨਾਲ਼ ਕੋਈ ਇੱਕ ਬੈਂਕ ਕੰਗਾਲ ਨਹੀਂ ਹੋਵੇਗਾ।

ਸਬਪ੍ਰਾਈਮ ਸੰਕਟ ਦੀ ਸ਼ੁਰੂਆਤ 2006 ਦੇ ਪਹਿਲੇ ਅੱਧ ਵਿੱਚ ਹੋਈ। ਇਹ ਤੱਥ ਆਮ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਅਮਰੀਕਾ ਵਪਾਰ ਘਾਟੇ ਦਾ ਸ਼ਿਕਾਰ ਹੈ ਅਤੇ ਪਿਛਲੀ ਸਦੀ ਦੇ ਅੰਤ ਤੱਕ ਉਹ ਦੁਨੀਆਂ ਦਾ ਸਭ ਤੋਂ ਵੱਡਾ ਕਰਜਦਾਰ ਦੇਸ਼ ਬਣ ਚੁੱਕਿਆ ਸੀ। ਕਹਾਵਤ ਹੈ ਕਿ ਦੁਨੀਆਂ ਪੈਦਾ ਕਰਦੀ ਹੈ, ਅਮਰੀਕਾ ਉਪਭੋਗ ਕਰਦਾ ਹੈ। ਭਾਵੇਂ ਡਾਲਰ ਦੀ ਵਿਸ਼ਵ ਮੁਦਰਾ ਹੋਣ ਦੀ ਸਥਿਤੀ ਦਾ ਲਾਭ ਉਸਦੇ ਪੱਖ ਵਿੱਚ ਹੈ, ਪਰ ਇਹ ਸਥਿਤੀ ਫਿਰ ਵੀ ਬਹੁਤ ਦਿਨਾਂ ਤੱਕ ਨਹੀਂ ਚੱਲ ਸਕਦੀ, ਇਸਦਾ ਅਹਿਸਾਸ ਅਮਰੀਕੀ ਸਾਮਰਾਜਵਾਦੀਆਂ ਨੂੰ ਵੀ ਹੈ। ਭਾਰੀ ਕੌਮੀ ਕਰਜੇ ਅਤੇ ਵਪਾਰ ਘਾਟੇ ਦੇ ਕਾਰਨ ਅਮਰੀਕੀ ਫੈਡਰਲ ਰਿਜ਼ਰਵ ਬੈਂਕ ਨੇ ਜਦੋਂ ਆਪਣੀਆਂ ਵਿਆਜ ਦਰਾਂ ਵਧਾ ਦਿੱਤੀਆਂ ਤਾਂ ਨਿਵੇਸ਼ ਬੈਂਕਾਂ ਅਤੇ ਮਾਰਟਗੇਜ ਵਪਾਰ ਦੇ ਵੱਡੇ ਖਿਡਾਰੀਆਂ ਨੂੰ ਵੀ ਆਪਣੀਆਂ ਵਿਆਜ ਦਰਾਂ ਵਧਾਉਣੀਆਂ ਪਈਆਂ। ਇਸਦੀ ਸਭ ਤੋਂ ਭੈੜੀ ਸੱਟ ਵੱਜੀ ਸਬਪ੍ਰਾਈਮ ਕਰਜੇ ਲੈਣ ਵਾਲ਼ੇ ਲੋਕਾਂ 'ਤੇ, ਜਿਨਾਂ ਨੇ ਬਦਲਵੀਆਂ ਵਿਆਜ ਦਰਾਂ ਦੇ ਤਹਿਤ ਕਰਜ ਲੈ ਰੱਖੇ ਸਨ। ਅਜਿਹੇ ਲੋਕਾਂ ਨੇ ਕਰਜ ਦੇ ਭੁਗਤਾਨ ਵਿੱਚ ਆਪਣੀ ਅਸਮਰੱਥਾ ਪ੍ਰਗਟ ਕਰ ਦਿੱਤੀ। 2007 ਤੱਕ ਸੌ ਤੋਂ ਵੀ ਵਧੇਰੇ ਸਬਪ੍ਰਾਈਮ ਕਰਜਦਾਤਾ ਦਿਵਾਲੀਆ ਹੋ ਗਏ। ਅਮਰੀਕਾ ਦਾ 65 ਖਰਬ ਡਾਲਰ ਦਾ ਮਾਰਟਗੇਜ ਬਾਜ਼ਾਰ ਫਹਿਫੇਰੀ ਹੋ ਗਿਆ। ਕਰਜਾ ਮੋੜਨ ਵਿੱਚ ਅਸਮਰੱਥ ਲੋਕਾਂ ਦੇ ਘਰਾਂ ਦੀ ਨਿਲਾਮੀ ਸ਼ੁਰੂ ਹੋਈ। ਪਰ 'ਹਾਊਸਿੰਗ ਬੂਮ' ਖਤਮ ਹੋਣ ਤੋਂ ਬਾਅਦ ਘਰਾਂ ਦੀਆਂ ਕੀਮਤਾਂ ਵਿੱਚ ਭਾਰੀ ਕਮੀ ਆ ਗਈ ਸੀ ਅਤੇ ਘਰ ਖਰੀਦਣ ਵਿੱਚ ਲੋਕਾਂ ਦੀ ਦਿਲਚਸਪੀ ਖ਼ਤਮ ਹੋ ਚੁੱਕੀ ਸੀ।

ਇਸ ਤਰਾਂ ਨਿਲਾਮੀਆਂ ਤੋਂ ਹੁਣ ਕੋਈ ਫਾਈਦਾ ਨਹੀਂ ਸੀ। ਨਤੀਜੇ ਵਜੋਂ ਪੂੰਜੀ ਬਾਜ਼ਾਰ ਦੇ ਖਿਡਾਰੀਆਂ ਦੀ ਪੂੰਜੀ ਫਸਣ ਲੱਗੀ। ਬਾਜ਼ਾਰ ਵਿੱਚ ਤਰਲਤਾ ਦੀ ਘਾਟ, ਯਾਣੀ ਨਕਦੀ ਦੀ ਘਾਟ ਪੈਦਾ ਹੋ ਗਈ। ਤਰਲਤਾ ਦੀ ਘਾਟ ਕਾਰਨ ਕਈ ਨਿਵੇਸ਼ ਬੈਂਕ ਦੀਵਾਲੀਏ ਦੇ ਸ਼ਿਕਾਰ ਹੋ ਗਏ, 'ਕ੍ਰੇਡਿਟ ਕ੍ਰੰਚ' ਦੀ ਸਥਿਤੀ ਪੈਦਾ ਹੋ ਗਈ। ਕਈ ਵੱਡੇ ਨਿਵੇਸ਼ ਬੈਂਕਾਂ ਅਤੇ ਹੇਜ਼ ਫੰਡਜ਼ ਦੇ ਦਿਵਾਲੀਆ ਹੋਣ ਕਰਕੇ ਸਟਾਕ ਮਾਰਕੀਟ ਵਿੱਚ ਵੀ ਨਿਘਾਰ ਦਾ ਖਤਰਾ ਪੈਦਾ ਹੋ ਗਿਆ। ਉਪਭੋਗਤਾਵਾਂ ਨੇ ਹੋਰ ਵਧੇਰੇ ਖਰਚ ਕਰਨ ਅਤੇ ਉਪਭੋਗਤਾ ਖਰੀਦਾਰੀਆਂ ਕਰਨ ਦੀ ਯੋਗਤਾ ਗੁਆ ਦਿੱਤੀ। ਇਸ ਨਾਲ਼ ਸਥਿਰ ਪੂੰਜੀ, ਅਤੇ ਇਕੀਵਟੀ ਅਤੇ ਡੇਰੀਵੇਟਿਵ ਬਜ਼ਾਰ ਵਿੱਚ ਅਸਥਿਰਤਾ ਵਧੀ। ਅਮਰੀਕਾ ਦੇ ਕੁੱਲ ਘਰੇਲੂ ਉਤਪਾਦ ਦਾ 70 ਪ੍ਰਤੀਸ਼ਤ ਉਪਭੋਗਤਾ ਖਰੀਦਾਰੀਆਂ ਤੋਂ ਆਉਂਦਾ ਹੈ। ਇਸ ਲਈ ਜ਼ਾਹਿਰ ਹੈ ਕਿ ਉਪਭੋਗਤਾ ਖਰੀਦਾਰੀਆਂ ਦੀ ਕਮੀ ਨੇ ਅਸਲੀ ਅਰਥਚਾਰੇ 'ਤੇ ਗੰਭੀਰ ਬੁਰਾ ਪ੍ਰਭਾਵ ਛੱਡਿਆ। ਸਿਰਫ ਅਮਰੀਕਾ ਹੀ ਨਹੀਂ, ਸਗੋਂ ਪੂਰੀ ਦੁਨੀਆਂ ਦੇ ਅਸਲੀ ਅਰਥਚਾਰੇ 'ਤੇ ਵੀ ਇਸਦਾ ਪ੍ਰਭਾਵ ਪੈਣ ਲੱਗਿਆ। ਇਹ ਪ੍ਰਭਾਵ ਦੋ ਰਾਹਾਂ ਨਾਲ਼ ਪਿਆ। ਇੱਕ ਤਾਂ ਜੋ ਦੇਸ਼ ਮੁੱਖ ਤੌਰ 'ਤੇ ਅਮਰੀਕੀ ਬਾਜ਼ਾਰ ਲਈ ਪੈਦਾ ਕਰਦੇ ਸਨ (ਜਿਵੇਂ ਨਿਰਯਾਤ ਨਿਰਦੇਸ਼ਿਤ ਚੀਨੀ ਉਤਪਾਦਨ ਢਾਂਚੇ ਦੇ ਸਮਾਨਾਂ ਦਾ ਸਭ ਤੋਂ ਵੱਡਾ ਖਰੀਦਦਾਰ ਅਮਰੀਕਾ ਹੈ ਅਤੇ ਜਾਪਾਨ, ਯੂਰਪੀ ਦੇਸ਼ਾਂ, ਭਾਰਤ ਆਦਿ ਜਿਆਦਾਤਰ ਦੇਸ਼ਾਂ ਤੋਂ ਅਮਰੀਕਾ ਕੁੱਝ ਨਾ ਕੁੱਝ ਖਰੀਦਦਾ ਹੈ), ਉਨਾਂ ਦੇ ਅਰਥਚਾਰੇ ਦਾ ਮੰਦਾ ਪੈਣਾ ਸੁਭਾਵਿਕ ਸੀ। ਦੂਜਾ ਪ੍ਰਭਾਵ ਅੱਜ ਪੂਰੀ ਦੁਨੀਆਂ ਦੇ ਸ਼ੇਅਰ ਬਜ਼ਾਰਾਂ ਦੇ ਆਪਸ ਵਿੱਚ ਜੁੜੇ ਹੋਣ ਕਰਕੇ ਪੈਣਾ ਸੀ। ਅਮਰੀਕਾ ਦੇ ਸ਼ੇਅਰ ਬਾਜ਼ਾਰ ਦੇ ਹੇਠਾਂ ਆਉਂਦੇ ਹੀ, ਪੂਰੀ ਦੁਨੀਆਂ ਵਿੱਚ ਉਸਦਾ ਅਸਰ ਪੈਣਾ ਹੀ ਸੀ। ਭਾਰਤ ਅਤੇ ਚੀਨ ਜਿਹੇ ਅਰਥਚਾਰਿਆਂ ਵਿੱਚ ਜਿਸ ਵਿਦੇਸ਼ੀ ਸੰਸਥਾਗਤ ਨਿਵੇਸ਼ ਕਾਰਨ ਸ਼ੇਅਰ ਬਾਜ਼ਾਰ ਦੇ ਭਾਅ ਅਸਮਾਨ ਛੂੰਹਦੇ ਹਨ, ਉਸਦਾ ਵੱਡਾ ਹਿੱਸਾ ਹੇਜ਼ ਫੰਡਜ਼ ਦੀ ਪੂੰਜੀ ਦਾ ਹੁੰਦਾ ਹੈ ਜੋ ਸਬਪ੍ਰਾਈਮ ਸੰਕਟ ਜਿਹੇ ਪੂੰਜੀ ਬਾਜ਼ਾਰ ਦੇ ਕਿਸੇ ਸੰਕਟ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੀ ਹੈ। ਸੰਕਟ ਦੇ ਦੌਰ ਵਿੱਚ ਅਜਿਹੀ ਪੂੰਜੀ ਸ਼ੇਅਰ ਬਾਜ਼ਾਰ ਤੋਂ ਭੱਜਣਾ ਸ਼ੁਰੂ ਕਰ ਦਿੰਦੀ ਹੈ ਅਤੇ ਜਬਰਦਸਤ ਅਸਥਿਰਤਾ ਪੈਦਾ ਹੋ ਜਾਂਦੀ ਹੈ। ਅਮਰੀਕੀ ਸਬਪ੍ਰਾਈਮ ਦੇ ਵਧਣ ਨਾਲ਼ ਹੀ ਮਾਰਟਗੇਜ ਕਰਜਿਆਂ ਦੀ ਅਦਾਇਗੀ ਕਰਨ ਲਈ ਪੂਰੀ ਦੁਨੀਆਂ ਦੇ ਵਿੱਤ ਬਾਜ਼ਾਰ ਵਿੱਚ ਪੂੰਜੀ ਦੀ ਕਮੀ ਹੋ ਗਈ। ਵਿੱਤੀ ਪੂੰਜੀ ਦੇ ਸੰਸਾਰੀਕਰਨ, ਯਾਣੀ ਸੰਸਾਰਿਕ ਪੂੰਜੀ ਬਾਜ਼ਾਰ ਦੇ ਵੱਧ ਤੋਂ ਵੱਧ ਆਪਸ ਵਿੱਚ ਜੁੜ ਜਾਣ ਤੋਂ ਬਾਅਦ ਅਜਿਹਾ ਹੋਣਾ ਲਾਜ਼ਮੀ ਸੀ। ਸਥਿਤੀ ਇਹ ਸੀ ਕਿ ਸਤੰਬਰ 2007 ਵਿੱਚ ਬ੍ਰਿਟੇਨ ਦਾ ਪ੍ਰਮੁੱਖ ਮਾਰਟਗੇਜ ਬੈਂਕ **'ਨਾਰਦਰਨ ਰਾਕ'** ਲੋਕਾਂ ਦੁਆਰਾ 2 ਖਰਬ ਡਾਲਰ ਕੱਢਣ ਦੀ ਵਜਾਹ ਕਰਕੇ ਦੀਵਾਲੀਆ ਹੋਣ ਕੰਢੇ ਪਹੁੰਚ ਗਿਆ। ਬੈਂਕ ਆਫ ਇੰਗਲੈਂਡ ਨੇ ਉਸਨੂੰ ਦਖਲਅੰਦਾਜੀ ਕਰਕੇ ਬਚਾਇਆ। ਬ੍ਰਿਟਿਸ਼ ਪੂੰਜੀ ਬਾਜ਼ਾਰ ਵਿੱਚ 20 ਅਰਬ ਡਾਲਰ ਪੂੰਜੀ ਇੰਗਲੈਂਡ ਦੇ ਕੇਂਦਰੀ ਬੈਂਕ ਨੇ ਇੰਜੈਕਟ ਕੀਤੀ।

ਇਹ ਸਥਿਤੀ ਸੀ 2008 ਦੀ ਸ਼ੁਰੂਆਤ ਹੋਣ ਤੱਕ। ਲੋਕ ਇਹ ਸਮਝ ਰਹੇ ਸਨ ਕਿ ਕੁੱਝ ਵਿੱਤੀ ਉਪਾਅ ਕਰਕੇ ਅਤੇ ਕੁੱਝ ਇੰਤਜਾਰ ਤੋਂ ਬਾਅਦ ਸੰਕਟ ਹੌਲ਼ੀ-ਹੌਲ਼ੀ ਹਲਕਾ ਪੈਂਦਾ ਹੋਇਆ ਟਲ਼ ਜਾਵੇਗਾ। ਪਰ ਸਤ੍ਹਾ ਦੇ ਹੇਠਾਂ ਤੋਂ ਵਿੱਤੀ ਢਾਂਚਾ ਅਤੇ ਅਸਲੀ ਅਰਥਚਾਰੇ ਵਿੱਚ ਸੰਸਾਰ ਵਿਆਪੀ ਭੁਚਾਲ ਦੀ

ਪਿੱਠਭੂਮੀ ਤਿਆਰ ਹੋ ਰਹੀ ਸੀ। ਵਿਨਾਸ਼ਕਾਰੀ ਵਿਸਫੋਟ ਹੋਇਆ ਅਕਤੂਬਰ ਦੇ ਪਹਿਲੇ ਹਫ਼ਤੇ ਵਿੱਚ। ਥਾਲ ਸਟ੍ਰੀਟ ਵਿੱਚ ਮੱਚੀ ਉਥਲ-ਪੁਥਲ ਨੇ ਪੂਰੀ ਦੁਨੀਆਂ ਦੀ ਵਿੱਤੀ ਵਿਵਸਥਾ ਨੂੰ ਝੰਜੋੜ ਦਿੱਤਾ। ਪੂਰੀ ਦੁਨੀਆਂ ਦੇ ਵਿੱਤੀ ਬਾਜ਼ਾਰ ਵਿੱਚੋਂ 60 ਖਰਬ ਡਾਲਰ ਦੀ ਰਕਮ ਉਡੰਤਰ ਹੋ ਗਈ। ਇਸ ਤੋਂ ਪਹਿਲਾਂ ਵਿੱਤੀ ਸੰਕਟ ਦੀ ਹਨ੍ਹੇਰੀ ਵਿੱਚ ਸਤੰਬਰ ਮਹੀਨੇ ਵਿੱਚ ਹੀ ਅਮਰੀਕਾ ਦੇ ਪੰਜ ਵੱਡੇ ਬੈਂਕ ਡਿੱਗ ਚੁੱਕੇ ਸਨ। ਉਸਤੋਂ ਵੀ ਪਹਿਲਾਂ, ਮੱਧ ਜੁਲਾਈ ਵਿੱਚ **ਇੰਡੀ ਮੈਕ** ਨਾਮਕ ਮਾਰਟਗੇਜ ਬੈਂਕ ਡਿੱਗ ਚੁੱਕਿਆ ਸੀ। ਉਦੋਂ ਤੋਂ ਅੱਠ ਸਿਰੇ ਦੇ ਬੈਂਕ ਦਿਵਾਲੀਆ ਹੋ ਚੁੱਕੇ ਹਨ। ਸਿਰਫ ਸਿਤੰਬਰ ਦੇ ਤਿੰਨ ਹਫ਼ਤਿਆਂ ਵਿੱਚ **ਲੀਮੈਨ ਬ੍ਰਦਰਜ਼**, **ਮੈਰਿਲ ਲਿੰਚ** ਅਤੇ **ਵਾਸ਼ਿੰਗਟਨ ਮਿਊਚਲ** ਗਾਇਬ ਹੋ ਗਏ ਅਤੇ **ਫੇਨੀ ਮਾਯ** ਅਤੇ **ਫਰੇਡੀ ਮੈਕ** ਦਾ ਕੰਟਰੋਲ ਸਰਕਾਰ ਨੇ ਆਪਣੇ ਹੱਥਾਂ ਵਿੱਚ ਲੈ ਲਿਆ। ਦੁਨੀਆਂ ਦੀ ਸਭ ਤੋਂ ਵੱਡੀ ਬੀਮਾਂ ਕੰਪਨੀ **ਏ.ਆਈ.ਜੀ.** ਨੂੰ ਬਚਾਉਣ ਲਈ ਸਰਕਾਰ ਨੂੰ 85 ਅਰਬ ਡਾਲਰ ਦਾ ਬੇਲਆਊਟ ਦੇਣਾ ਪਿਆ। ਇਸ ਸੰਕਟ ਤੋਂ ਉਭਰਨ ਲਈ ਸਿਤੰਬਰ ਵਿੱਚ ਦਸ ਨਿਵੇਸ਼ ਅਤੇ ਵਣਜ ਬੈਂਕਾਂ ਨੇ ਹੱਥ ਮਿਲਾ ਕੇ 70 ਅਰਬ ਡਾਲਰ ਦੀ ਉਧਾਰ ਸੁਵਿਧਾ ਸਥਾਪਿਤ ਕਰਨ ਦਾ ਫੈਸਲਾ ਲਿਆ, ਪਰ ਬਾਜ਼ਾਰ ਵਿੱਚ ਵਿੱਤੀ ਲੁੱਟਮਾਰ ਦਾ ਮਾਹੌਲ ਬਣਿਆ ਰਿਹਾ। ਮਹਿਜ ਦਸ ਦਿਨ ਉਨਾਂ ਬੈਂਕਾਂ ਦੇ ਕੌਮੀਕਰਨ, ਡੁੱਬਣ ਅਤੇ ਬਚਾਅ ਦੀ ਪ੍ਰਕਿਰਿਆ ਦੇ ਗਵਾਹ ਰਹੇ ਜਿਸ ਵਿੱਚ 10 ਖਰਬ ਡਾਲਰ ਦੀ ਮੌਜੂਦਾ ਜਾਇਦਾਦ ਨਾਲ਼ ਦੁਨੀਆਂ ਦੀ ਸਭ ਤੋਂ ਵੱਡੀ ਬੀਮਾਂ ਕੰਪਨੀ, 15 ਖਰਬ ਡਾਰਲ ਦੀ ਮੌਜੂਦਾ ਜਾਇਦਾਦ ਨਾਲ਼ ਦੁਨੀਆਂ ਦੇ ਦੋ ਵੱਡੇ ਨਿਵੇਸ਼ ਬੈਂਕ ਅਤੇ 18 ਖਰਬ ਡਾਲਰ ਦੀ ਜਾਇਦਾਦ ਨਾਲ਼ ਅਮਰੀਕੀ ਮਾਰਟਗੇਜ ਬਾਜ਼ਾਰ ਦੀਆਂ ਦੋ ਦਿਓ ਕੱਦ ਫਰਮਾਂ ਸ਼ਾਮਿਲ ਸਨ। ਅਕਤੂਬਰ ਦੇ ਪਹਿਲੇ ਹਫਤੇ ਵਿੱਚ ਅਮਰੀਕੀ ਵਿੱਤੀ ਮੰਡੀ ਵਿੱਚ ਆਈ ਸੁਨਾਮੀ ਨੇ ਜਦੋਂ ਪੂਰੀ ਦੁਨੀਆਂ ਦੇ ਵਿੱਤੀ ਢਾਂਚੇ ਨੂੰ ਝੰਜੋੜਕੇ ਰੱਖ ਦਿੱਤਾ ਤਾਂ ਦੁਨੀਆਂ ਭਰ ਦੇ ਸਾਮਰਾਜਵਾਦੀਆਂ ਅਤੇ ਪੂੰਜੀਪਤੀਆਂ ਨੇ, ਉਸਦੇ ਸਿਧਾਂਤਕਾਰਾਂ, ਸਲਾਹਕਾਰਾਂ ਅਤੇ ਰਾਜਨੀਤਕ ਪ੍ਰਤੀਨਿਧੀਆਂ ਨੇ ਜੰਗੀ ਪੱਧਰ 'ਤੇ ਭੱਜ ਦੌੜ ਸ਼ੁਰੂ ਕਰ ਦਿੱਤੀ। ਤਬਾਹੀ ਦਾ ਜੋ 'ਚੇਨ ਰਿਐਕਸ਼ਨ' ਸ਼ੁਰੂ ਹੋਇਆ ਸੀ, ਉਹ ਪੂਰੀ ਦੁਨੀਆਂ ਦੇ ਸ਼ੇਅਰ ਬਾਜ਼ਾਰਾਂ, ਨਿਵੇਸ਼ ਤੇ ਵਣਜ ਬੈਂਕਾਂ ਨੂੰ ਆਪਣੀ ਲਪੇਟ ਵਿੱਚ ਲੈ ਚੁੱਕਿਆ ਸੀ। ਦੁਨੀਆਂ ਦੇ ਅਰਬਪਤੀਆਂ ਦੀ ਪੂੰਜੀ ਵਿੱਚ ਰਾਤੋਰਾਤ ਅਰਬਾਂ ਦੀ ਕਮੀ ਹੋ ਗਈ ਸੀ। ਵਿੱਤੀ ਵਿਨਾਸ਼ ਦੀ ਇਹ ਨਵੀਂ ਲਹਿਰ ਅਸਲੀ ਅਰਥਚਾਰੇ ਵਿੱਚ 2006-07 ਤੋਂ ਹੀ ਜਾਰੀ ਸੰਸਾਰਵਿਆਪੀ ਲਹਿਰ ਨੂੰ ਹੋਰ ਖਤਰਨਾਕ ਬਣਾ ਦੇਵੇਗੀ ਇਹ ਖਦਸ਼ਾ ਵਿਸ਼ਵ ਪੂੰਜੀਵਾਦੀ ਢਾਂਚੇ ਦੇ ਚੌਧਰੀਆਂ ਅਤੇ ਸਿਧਾਂਤਕਾਰਾਂ ਨੂੰ ਦਿਨ-ਰਾਤ ਐਮਰਜੈਂਸੀ ਮੀਟਿੰਗਾਂ ਕਰਕੇ ਹੱਲ ਕੱਢਣ ਲਈ ਮਜ਼ਬੂਰ ਕਰ ਰਿਹਾ ਸੀ। ਤੁਰੰਤ ਅਮਰੀਕਾ ਨੇ ਬਚੀਆਂ ਹੋਈਆਂ ਵਿੱਤੀ ਸੰਸਥਾਵਾਂ ਨੂੰ ਬਚਾਉਣ ਲਈ 700 ਅਰਬ ਡਾਲਰ ਦੇ ਬੇਲਆਊਟ ਪੈਕੇਜ ਦੀ ਘੋਸ਼ਣਾ ਕੀਤੀ ਅਤੇ 250 ਅਰਬ ਡਾਲਰ ਸਿੱਧੇ ਮੋਹਰੀ ਬੈਂਕਾਂ ਨੂੰ ਦੇਣ ਦਾ ਫੈਸਲਾ ਲਿਆ। ਯੂਰਪੀ ਦੇਸ਼ਾਂ ਨੇ 773 ਅਰਬ ਡਾਲਰ ਅਤੇ ਜਾਪਾਨ ਨੇ 275 ਅਰਬ ਡਾਲਰ ਦੇ ਬੇਲਆਊਟ ਪੈਕੇਜ ਦਾ ਐਲਾਨ ਕੀਤੀ। ਇਸਤੋਂ ਬਿਨਾਂ ਬ੍ਰਿਟੇਨ ਨੇ 877 ਅਰਬ ਡਾਲਰ ਖਰਚ ਕਰਕੇ ਬੈਂਕਾਂ ਦਾ ਵੱਡਾ ਹਿੱਸਾ ਖਰੀਦਣ ਦਾ ਫੈਸਲਾ ਲਿਆ। ਸੰਯੁਕਤ ਅਰਬ ਅਮੀਰਾਤ ਨੇ 70 ਅਰਬ ਡਾਲਰ ਦੀ ਸੰਕਟ ਫੰਡਿੰਗ ਕਰਕੇ ਆਪਣੇ ਬੈਂਕ ਜਮਾ 'ਤੇ ਤਿੰਨ ਸਾਲ ਦੀ ਗਰੰਟੀ ਦਿੱਤੀ। ਇਨਾਂ ਸਾਰੇ ਕਦਮਾਂ ਦੇ ਬਾਵਜੂਦ ਮੰਡੀ ਵਿੱਚ ਅਸਥਿਰਤਾ-ਅਨਿਸ਼ਚਿਤਾ ਦਾ ਮਾਹੌਲ ਅਜੇ ਵੀ ਬਣਿਆ ਹੋਇਆ ਹੈ। ਇਹੀ ਨਹੀਂ, ਸੰਕਟ ਰਿਸਕੇ ਅਸਲੀ ਅਰਥਚਾਰੇ ਨੂੰ ਪੂਰੀ ਦੁਨੀਆਂ ਦੇ ਪੈਮਾਨੇ 'ਤੇ ਆਪਣੀ ਚਪੇਟ ਵਿੱਚ ਲੈ ਚੁੱਕਾ ਹੈ। ਅਮਰੀਕੀ ਅਰਥਚਾਰਾ ਸਿਰਫ ਇਸ ਸਾਲ ਦੀ ਤੀਜੀ ਤਿਮਾਹੀ ਵਿੱਚ 0.3 ਪ੍ਰਤੀਸ਼ਤ ਸੁੰਗੜ ਗਿਆ ਅਤੇ ਆਮਦਨ ਵਿੱਚ 8.7 ਪ੍ਰਤੀਸ਼ਤ ਗਿਰਾਵਟ ਆਈ। ਅਮਰੀਕੀ ਅਰਥਤੰਤਰ ਦੇ 2\3 ਭਾਗ ਨੂੰ ਚਲਾਉਣ ਵਾਲ਼ੇ ਉਪਭੋਗਤਾ ਖਰਚਿਆਂ ਵਿੱਚ 3.1 ਪ੍ਰਤੀਸ਼ਤ ਦੀ ਗਿਰਾਵਟ ਆਈ। 1950 ਤੋਂ ਬਾਅਦ ਅਮਰੀਕਾ ਵਿੱਚ ਗੈਰ-ਟਿਕਾਊ ਉਪਭੋਗਤਾ ਸਮਾਨਾਂ ਦੀ ਖਪਤ ਵਿੱਚ ਸਭ ਤੋਂ ਤੇਜ ਗਿਰਾਵਟ ਆਈ ਹੈ। ਮੰਦੀ ਅਤੇ ਅਰਥਚਾਰੇ ਦੇ ਸੁੰਗੜਨ ਦੀ ਇਹੀ ਸਥਿਤੀ ਯੂਰਪ ਅਤੇ ਤੀਜੀ ਦੁਨੀਆਂ ਦੇ ਪੂੰਜੀਵਾਦੀ ਦੇਸ਼ਾਂ ਦੀ ਵੀ ਹੈ। ਅਮਰੀਕਾ, ਯੂਰਪ ਤੋਂ ਲੈ ਕੇ ਚੀਨ ਅਤੇ ਭਾਰਤ ਤੱਕ ਛਾਂਟੀ, ਤਨਖਾਹ ਕਟੌਤੀ, ਲੇਆਫ ਦਾ ਸਿਲਸਿਲਾ ਜਾਰੀ ਹੈ। ਗਲੋਬਲ ਅਸੈਂਬਲੀ ਲਾਈਨ 'ਤੇ ਜੋ ਵਧੇਰੇ ਕਿਰਤ ਭਰਪੂਰ ਕੰਮ ਚੀਨ, ਭਾਰਤ, ਮੈਕਸੀਕੋ ਆਦਿ ਦੇਸ਼ਾਂ ਦੀਆਂ ਵਰਕਸ਼ਾਪਾਂ ਵਿੱਚ ਹੁੰਦੇ ਸਨ, ਉੱਥੇ ਗੰਭੀਰ ਸੰਕਟ ਹੈ। ਨਿਰਯਾਤ ਲਈ ਹੋਣ ਵਾਲ਼ੇ ਉਤਪਾਦਨ ਅਤੇ ਅਜਿਹੀਆਂ ਨਵੀਆਂ ਯੋਜਨਾਵਾਂ ਦਾ ਭਵਿੱਖ ਹਨ੍ਹੇਰਾ ਹੈ। ਨਿਰਯਾਤ-ਨਿਰਭਰਤਾ ਨੂੰ ਘੱਟ ਕਰਕੇ ਦੇਸੀ ਉਪਭੋਗਤਾ ਬਾਜ਼ਾਰ ਨੂੰ ਵਧਾਉਣ ਲਈ ਚੀਨੀ ਸਰਕਾਰ ਨੇ 10 ਨਵੰਬਰ ਨੂੰ ਆਲ ਜੰਜਾਲ ਅਤੇ ਸਰਵਜਨਕ ਕਲਿਆਣ ਕੰਮਾਂ ਲਈ 586 ਅਰਬ ਡਾਲਰ ਦੇ '**ਇਕਨਾਮਿਕ ਇਨਸੈਂਟਿਵ ਪੈਕੇਜ**' ਦੀ ਘੋਸ਼ਣਾ ਕੀਤੀ ਹੈ ਜਿਸ ਨਾਲ਼ ਦੁਨੀਆਂ ਦੀਆਂ ਮੰਡੀਆਂ ਵਿੱਚ ਥੋੜ੍ਹੀ ਤੇਜੀ ਆਈ ਹੈ। ਪਰ ਇਹ ਪੈਕੇਜ ਵੀ, ਸੰਸਾਰ ਅਰਥਚਾਰੇ ਦਾ ਤਾਂ ਦੂਰ, ਚੀਨ ਦਾ ਸੰਕਟ ਹੱਲ ਕਰਨ ਲਈ ਸ਼ਾਇਦ ਹੀ ਸਹੀ ਸਿੱਧ ਹੋਵੇਗਾ।

•

ਕੀਨਸ ਨੇ ਮੰਦੀ ਦੀ ਮਾਰ ਤੋਂ ਪੂੰਜੀਵਾਦੀ ਅਰਥਚਾਰੇ ਨੂੰ ਬਚਾਉਣ ਲਈ ਸਰਵਜਨਕ ਫੰਡ ਦੀ ਪੂੰਜੀ ਨੂੰ ਵਿੱਤੀ ਮੰਡੀ ਵਿੱਚ ਝੋਕਣ ਦੀ ਨਹੀਂ ਸਗੋਂ ਅਸਲੀ ਅਰਥਚਾਰੇ ਵਿੱਚ ਲਾਉਣ ਅਤੇ ਸਿੱਧੇ ਉਪਭੋਗਤਾਵਾਂ ਨੂੰ (ਕਲਿਆਣਕਾਰੀ ਰਾਜਕੀ ਹੱਲਾਂ ਦੁਆਰਾ) ਰਾਹਤ ਦੇਣ ਦਾ ਨੁਸਖਾ ਸੁਝਾਇਆ ਸੀ। ਪਰ ਅੱਜ ਦਾ ਪਰਜੀਵੀ, ਡਕੈਤ, ਗੈਰ ਉਤਪਾਦਕ ਪੂੰਜੀਵਾਦ ਕੀਨਸ ਦੇ ਦੌਰ ਤੱਕ ਵੀ ਵਾਪਸ ਨਹੀਂ ਮੁੜ ਸਕਦਾ। ਉਹ ਸਿਰਫ ਵਿੱਤੀ ਚੌਧਰੀਆਂ ਨੂੰ ਬਚਾਉਣ ਲਈ ਉਨਾਂ ਦੇ ਘਾਟੇ ਦਾ ਭਾਰ ਚੁੱਕਣ ਲਈ ਆਮ ਟੈਕਸ ਅਦਾ ਕਰਨ ਵਾਲ਼ਿਆਂ ਤੋਂ ਉਗਰਾਹੀ ਰਕਮ ਝੋਕ ਸਕਦਾ ਹੈ ਅਤੇ ਉਹ ਹਵਾਈ ਉਮੀਦ ਪਾਲ਼ ਸਕਦਾ ਹੈ ਕਿ ਵਿੱਤੀ ਦੁਨੀਆਂ ਵਿੱਚ ਸਥਿਰਤਾ ਆਉਣ ਨਾਲ਼ ਅਸਲੀ ਅਰਥਚਾਰੇ ਦੀ ਖੜੋਤ ਵੀ ਟੁੱਟ ਜਾਵੇਗੀ। ਪਰ ਇਹ ਇੱਕ ਮਹਿਜ ਹਵਾਈ ਗੱਲ ਹੈ।

ਸੱਚਾਈ ਇਹ ਹੈ ਕਿ ਸਾਮਰਾਜਵਾਦੀ ਦੇਸ਼ ਵਾਧੂ ਉਤਪਾਦਨ ਅਤੇ ਪੂੰਜੀ ਦੀ ਬਹੁਤਾਤ ਨਾਲ਼ ਜਿਹੜੇ ਲਾਇਲਾਜ਼ ਸੰਕਟ ਵਿੱਚ ਫਸੇ ਹੋਏ ਹਨ ਉਸਦੇ ਕਰਕੇ ਲੰਬੇ ਸਮੇਂ ਤੋਂ ਉਤਰਾਵਾਂ-ਚੜ੍ਹਾਵਾਂ ਨਾਲ਼ ਜਾਰੀ ਲਮਕਵੀਂ ਮੰਦੀ ਹੁਣ ਇੱਕ ਅਜਿਹੇ ਗੰਭੀਰ ਦੌਰ ਵਿੱਚ ਦਖਲ ਦਾ ਸੰਕੇਤ ਦੇ ਰਹੀ ਹੈ ਜਿਹੜਾ ਨੇੜਲੇ ਭਵਿੱਖ ਵਿੱਚ ਤਬਾਹਕੁਨ ਤੁਫਾਨਾਂ ਅਤੇ ਆਰਥਿਕ ਤੋੜ-ਫੋੜ ਨੂੰ ਜਨਮ ਦੇ ਸਕਦੀ ਹੈ। ਤੈਅ ਹੈ ਕਿ ਮੁਨਾਫੇ ਲਈ ਉਤਪਾਦਨ ਦਾ ਮੁਕਾਬਲਾ ਕਰਨ ਵਾਲ਼ਿਆਂ ਨੇ ਸਿੱਧੇ ਉਤਪਾਦਕਾਂ ਨੂੰ ਨਿਚੋੜਕੇ ਉਨਾਂ ਦੀ ਖਰੀਦ ਸ਼ਕਤੀ ਨੂੰ ਇਸ ਹੱਦ ਤੱਕ ਘਟਾ ਦਿੱਤਾ ਹੈ ਕਿ ਅਥਾਹ ਪੂੰਜੀ ਦੇ ਨਿਵੇਸ਼ ਲਈ ਉਤਪਾਦਕ ਖੇਤਰ ਵਿੱਚ ਗੁੰਜਾਇਸ਼ ਹੀ ਘੱਟ ਹੈ। ਇਸੇ ਸਾਪੇਖਕ ਵਾਧੂ ਉਤਪਾਦਨ ਦੀ ਹਾਲਤ ਵਿੱਚ ਪੂੰਜੀ ਤੁਰਤ-ਫੁਰਤ ਮੁਨਾਫਾ ਕਮਾਉਣ ਲਈ ਸੱਟਾ ਬਾਜ਼ਾਰ ਵਿੱਚ ਲੱਗ ਰਹੀ ਹੈ ਅਤੇ ਵਿਭਿੰਨ ਗੈਰ ਉਤਪਾਦਕ ਖੇਤਰਾਂ ਵਿੱਚ ਲੱਗ ਰਹੀ ਹੈ। ਹਾਲਤ ਇਹ ਹੈ ਕਿ ਅਸਲੀ ਅਰਥਚਾਰੇ ਵਿੱਚ ਨਿਵੇਸ਼ ਦੀ ਗੁੰਜਾਇਸ਼ ਹੋਣ 'ਤੇ ਵੀ, ਤੁਰਤ-ਫੁਰਤ ਅਤੇ ਜਲਦੀ ਮੁਨਾਫਾ ਕਮਾਉਣ ਲਈ ਮੁਕਾਬਲੇਬਾਜ਼ ਪੂੰਜੀਪਤੀ ਸ਼ੇਅਰ ਬਾਜ਼ਾਰ ਵੱਲ ਤੱਕਦੇ ਹਨ। ਕਿਉਂਕਿ ਪੂੰਜੀਪਤੀਆਂ ਵਿੱਚ ਇਹ ਅੰਨ੍ਹਾ ਮੁਕਾਬਲਾ ਬਣਿਆ ਰਹੇਗਾ ਇਸ ਲਈ ਇਹ ਪ੍ਰਵਿਰਤੀ ਵੀ ਬਣੀ ਰਹੇਗੀ। ਪੂੰਜੀਵਾਦ ਦੇ ਸਾਹਮਣੇ ਕੋਈ ਰਾਹ ਨਹੀਂ ਹੈ।

ਸੰਸਾਰ ਪੂੰਜੀਵਾਦ ਦੇ ਲਾਇਲਾਜ਼ ਢਾਂਚਾਗਤ ਆਰਥਿਕ ਸੰਕਟ ਦੀ ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਜਾਰੀ ਪ੍ਰਕਿਰਿਆ ਵਿੱਚ ਸੰਘਣੀ ਮੰਦੀ ਅਤੇ ਆਰਥਿਕ ਤੋੜ-ਫੋੜ ਦਾ ਜਿਹੜਾ ਇਹ ਨਵਾਂ ਦੌਰ ਆਇਆ ਹੈ, ਇਸ ਨਾਲ਼ ਕੁੱਝ ਫੌਰੀ ਰਾਹਤ ਭਲੇ ਹੀ ਮਿਲ ਜਾਵੇ, ਪਰ ਇਹ ਸਪੱਸ਼ਟ ਹੈ ਕਿ ਸਮੱਸਿਆ ਦਾ ਕੋਈ ਆਖਰੀ ਹੱਲ ਪੂੰਜੀਵਾਦੀ ਦਾਇਰੇ ਦਰਮਿਆਨ ਸੰਭਵ ਨਹੀਂ ਹੈ। ਇਸ ਅਹਿਸਾਸ ਨੇ ਪੂੰਜੀ ਦੇ ਕੈਂਪ ਵਿੱਚ ਘਣੀ ਨਿਰਾਸ਼ਾ ਦਾ ਮਾਹੌਲ ਤਿਆਰ ਕੀਤਾ ਹੈ ਜਦੋਂ ਕਿ ਕਿਰਤ ਦੇ ਕੈਂਪ ਵਿੱਚ ਸਮਾਜਵਾਦੀ ਮੁਕਤੀ-ਯੋਜਨਾਵਾਂ ਦੀ ਮੁੜਉਸਾਰੀ ਦੇ ਅਨੁਕੂਲ ਮਾਹੌਲ ਤਿਆਰ ਕੀਤਾ ਹੈ।

ਅਜੋਕੇ ਸੰਸਾਰ ਵਿਆਪੀ ਆਰਥਿਕ ਸੰਕਟ ਦਾ ਇੱਕ ਸਿੱਟਾ ਜਿਹੜਾ ਜਿਆਦਾ ਨਿਸ਼ਚਿਤ ਹੈ, ਉਹ ਇਹ ਹੈ ਕਿ ਪੂੰਜੀਵਾਦੀ ਸੰਸਾਰ ਦੀ ਅਮਰੀਕੀ ਚੌਧਰ ਦੇ ਦਿਨ ਹੁਣ ਬੀਤਣ ਵਾਲ਼ੇ ਹਨ। ਡਾਲਰ ਦੀ ਹਾਲਤ ਹੁਣ ਬਹੁਤ ਵਰ੍ਹਿਆਂ ਤੱਕ ਸੰਸਾਰ ਮੁਦਰਾ ਦੀ ਨਹੀਂ ਰਹਿ ਸਕੇਗੀ। ਇਰਾਨ ਅਤੇ ਵੈਨਜ਼ੁਏਲਾ ਤੋਂ ਬਾਅਦ ਹੁਣ ਚੀਨ, ਕਈ ਹੋਰ ਲਾਤਿਨੀ ਅਮਰੀਕੀ ਦੇਸ਼ਾਂ ਅਤੇ ਯੂਰਪੀ ਦੇਸ਼ਾਂ ਨੇ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਸਿਰਫ ਡਾਲਰ ਵਿੱਚ ਰੱਖਣ ਦੀ ਬਜਾਇ ਵੰਨਸੁਵੰਨਤਾ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਯੂਰਪ (ਖਾਸ ਕਰਕੇ ਜਰਮਨੀ ਅਤੇ ਫਰਾਂਸ) ਅਮਰੀਕੀ ਗਲਬੇ ਨੂੰ ਚੁਣੌਤੀ ਦੇਣ ਦੀ ਤਿਆਰੀ ਵਿੱਚ ਹਨ। ਰੂਸ ਵਿੱਚ 2020 ਤੱਕ ਆਪਣੀ ਤੇਲ ਕੇਂਦਰਿਤ ਅਰਥ ਪ੍ਰਣਾਲ਼ੀ ਨੂੰ ਤਕਨਾਲੌਜੀ ਕੇਂਦਰਿਤ ਅਰਥਪ੍ਰਣਾਲ਼ੀ ਬਣਾਉਣ ਦੀ ਯੋਜਨਾ 'ਤੇ ਕੰਮ ਕਰਦਾ ਹੋਇਆ ਆਰਥਿਕ-ਰਾਜਨੀਤਕ-ਜੰਗੀ ਪੱਧਰ 'ਤੇ ਅਮਰੀਕਾ ਨੂੰ ਚੁਣੌਤੀ ਦੇਣ ਲੱਗਾ ਹੈ। ਆਉਣ ਵਾਲ਼ੇ ਦਿਨਾਂ ਵਿੱਚ ਵੱਖ-ਵੱਖ ਸਾਮਰਾਜਵਾਦੀ ਤਾਕਤਾਂ ਦੇ ਬਲਾਕਾਂ ਵਿੱਚ ਅੰਤਰ ਸਾਮਰਾਜਵਾਦੀ ਮੁਕਾਬਲਾ ਤਿੱਖਾ ਹੁੰਦਾ ਜਾਵੇਗਾ। ਇਨਾਂ ਬਲਾਕਾਂ ਵਿੱਚ ਭਾਰਤ, ਚੀਨ, ਬ੍ਰਾਜ਼ੀਲ, ਦੱਖਣੀ ਅਫਰੀਕਾ ਜਿਹੇ ਤੀਜੀ ਦੁਨੀਆਂ ਦੇ ਮੁਕਾਬਲਤਨ ਵੱਧ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੀ ਅਹਿੰਮ ਭੂਮਿਕਾ ਹੋਵੇਗੀ। ਵੱਧ ਸੰਭਾਵਨਾ ਹੈ ਕਿ ਡੂੰਘੀ ਹੁੰਦੀ ਜਾਂਦੀ ਸਾਮਰਾਜਵਾਦੀ ਵਿਰੋਧਤਾਈ (ਕੌਮਾਂਤਰੀ ਨਿਗਮਾਂ ਦੇ ਰੂਪ ਵਿੱਚ ਪੂੰਜੀ ਦੇ ਕੌਮਾਂਤਰੀਕਰਨ ਅਤੇ ਨਿਉਕਲੀਅਰ ਪ੍ਰਤੀਰੋਧਕ ਦੀ ਮੌਜੂਦਗੀ ਕਰਕੇ) ਸੰਸਾਰ ਜੰਗ ਦੇ ਰੂਪ ਵਿੱਚ ਤਾਂ ਨਾ ਵਿਸਫੋਟ ਕਰਨ, ਪਰ ਮਹਾਂਦੀਪੀ-ਖੇਤਰੀ ਜੰਗਾਂ ਦੇ ਰੂਪ ਵਿੱਚ ਯੁੱਧ ਜਾਰੀ ਰਹਿਣਗੇ। ਇਹ ਜੰਗਾਂ ਮਜ਼ਦੂਰ ਇਨਕਲਾਬਾਂ ਦੀਆਂ ਹਾਲਤਾਂ ਹੋਰ ਤੇਜੀ ਨਾਲ਼ ਤਿਆਰ ਕਰਨਗੀਆਂ ਅਤੇ ਮਜ਼ਦੂਰ ਇਨਕਲਾਬਾਂ ਦਾ ਨਵਾਂ ਚੱਕਰ ਹੀ ਸਾਮਰਾਜਵਾਦੀ-ਪੂੰਜੀਵਾਦੀ ਜੰਗਾਂ ਨੂੰ ਖਤਮ ਕਰਕੇ ਇਤਿਹਾਸਕ ਕੰਮ ਕਰੇਗਾ।

ਅਕਤੂਬਰ ਇਨਕਲਾਬ ਤੋਂ ਬਾਅਦ, ਕੌਮੀ ਮੁਕਤੀ ਜੰਗ ਅਤੇ ਜਮਹੂਰੀ ਇਨਕਲਾਬ ਸੰਸਾਰ ਮਜ਼ਦੂਰ ਇਨਕਲਾਬ ਦੇ ਨਾਲ਼ ਮੁੱਖ ਜੁੜੇ ਹੋਏ ਮੁੱਖ ਅੰਗ ਸਨ। ਹੁਣ ਦੁਨੀਆਂ ਦੇ ਜਿਨਾਂ ਦੇਸ਼ਾਂ ਵਿੱਚ ਸਾਮਰਾਜਵਾਦ ਦਾ ਸਭ ਤੋਂ ਵੱਧ ਦਬਾਅ ਹੈ, ਜਿੱਥੇ ਨਵੀਂ 'ਟਰੈਂਡ ਸੈਟਰ', 'ਪਾਥ ਬਰੇਕਿੰਗ' ਮਜ਼ਦੂਰ ਇਨਕਲਾਬਾਂ ਦੀ ਜ਼ਮੀਨ ਤਿਆਰ ਹੈ, ਉਹ ਅਜਿਹੇ ਪਿਛੜੇ ਪੂੰਜੀਵਾਦੀ ਦੇਸ਼ ਹਨ ਜਿੱਥੇ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ — ਮਤਲਬ ਕਿ ਨਵੇਂ ਸਮਾਜਵਾਦੀ ਇਨਕਲਾਬ ਦਾ ਪੜਾਅ ਹੈ। ਅਜਿਹੇ ਇਨਕਲਾਬ ਹੀ ਅੱਜ ਸੰਸਾਰ ਮਜ਼ਦੂਰ ਇਨਕਲਾਬ ਦਾ ਮੁੱਖ ਅੰਗ ਹਨ। ਅਕਤੂਬਰ ਇਨਕਲਾਬ ਦਾ ਨਵਾਂ ਐਡੀਸ਼ਨ ਅੱਜ ਇਸੇ ਰੂਪ ਵਿੱਚ ਸੰਭਵ ਹੈ।

ਕਿਰਤ ਅਤੇ ਪੂੰਜੀ ਵਿੱਚ ਸੰਸਾਰ ਇਤਿਹਾਸਕ ਮਹਾਂਜੰਗ ਦਾ ਜਿਹੜਾ ਗੇੜ ਉੱਨੀਵੀਂ ਸਦੀ ਦੇ ਅੱਧ ਵਿੱਚ ਸ਼ੁਰੂ ਹੋਇਆ, ਇਹ 1970 ਦੇ ਦਹਾਕੇ ਵਿੱਚ ਚੀਨ ਵਿੱਚ ਆਖਰੀ ਮਜ਼ਦੂਰ ਕੈਂਪ ਦੇ ਪਤਣ ਤੋਂ ਬਾਅਦ ਖਤਮ ਹੋ ਗਿਆ। ਆਉਣ ਵਾਲ਼ੇ ਸਮੇਂ ਵਿੱਚ ਇਸ ਸੰਸਾਰ-ਇਤਿਹਾਸਕ ਮਹਾਂਜੰਗ ਦਾ ਨਵਾਂ ਚੱਕਰ ਜ਼ਰੂਰ ਹੀ ਸੰਭਵ ਹੈ। ਇੱਕੀਵੀਂ ਸਦੀ ਫੈਸਲਾਕੁਨ, ਨਵੇਂ ਮਜ਼ਦੂਰ ਇਨਕਲਾਬਾਂ ਦੀ ਸਦੀ ਹੋਵੇਗੀ, ਅਕਤੂਬਰ ਇਨਕਲਾਬ ਦੇ ਨਵੇਂ ਐਡੀਸ਼ਨਾਂ ਦੀ ਉਸਾਰੀ ਦੀ ਸਦੀ ਹੋਵੇਗੀ, ਪੂੰਜੀਵਾਦੀ ਸੰਸਾਰ ਦਾ ਅਜੋਕਾ ਸੰਕਟ ਇਸੇ ਇਤਿਹਾਸਕ ਸਚਾਈ ਨੂੰ ਸੱਚ ਸਾਬਿਤ ਕਰਨ ਵਾਲ਼ਾ ਤੱਥ ਹੈ।

ਸੱਤਿਅਮ ਕੰਪਨੀ ਦੇ ਘੋਟਾਲੇ ਵਿੱਚ ਕੁਝ ਵੀ ਨਵਾਂ ਨਹੀਂ ਹੈ...

ਘਪਲਿਆਂ-ਘੋਟਾਲਿਆਂ-ਭ੍ਰਿਸ਼ਟਾਚਾਰ 'ਤੇ ਵਧਣ-ਫੁੱਲਣ ਵਾਲ਼ੇ ਪਰਜੀਵੀ ਪੂੰਜੀਵਾਦ ਦਾ ਚਹਿਰਾ ਅਜਿਹਾ ਹੀ ਹੈ!

ਨਵੇਂ ਸਾਲ ਦੀ ਸ਼ੁਰੂਆਤ ਵਿੱਚ ਸੱਤਿਅਮ ਕੰਪਿਊਟਰਜ਼ ਨਾਂ ਦੀ ਦੇਸ਼ ਦੀ ਸਭ ਤੋਂ ਵਡੀ ਆਈ. ਟੀ. ਕੰਪਨੀ ਦੇ ਮੁੱਖੀ ਰਾਮਲਿੰਗਮ ਰਾਜੂ ਦੁਆਰਾ ਕੀਤੇ ਗਏ 7,000 ਕਰੋੜ ਰੁਪਏ ਦੇ ਘੋਟਾਲੇ ਨੇ ਮੰਦੀ ਨਾਲ਼ ਥਿੜਕ ਰਹੇ ਭਾਰਤੀ ਅਰਥਚਾਰੇ ਨੂੰ ਤਕੜਾ ਝੱਟਕਾ ਦਿੱਤਾ ਹੈ। ਸੱਤਿਅਮ ਕੰਪਿਊਟਰਜ਼ ਉਨ੍ਹਾਂ ਹੀ ਕੰਪਨੀਆਂ ਵਿੱਚੋਂ ਇੱਕ ਹੈ ਜਿਹੜੀਆਂ ਅਸਲੀ ਉਤਪਾਦਨ ਤੋਂ ਅਲੱਗ, ਗੈਰ-ਉਤਪਾਦਕ ਸਰਗਰਮੀਆਂ ਦੇ ਵਿਸ਼ਾਲ ਕਾਰੋਬਾਰ ਨਾਲ਼ ਬੇਹਿਸਾਬ ਕਮਾਈ ਕਰਦੀਆਂ ਹਨ। ਅੱਜ ਦੇ ਪੂੰਜੀਵਾਦ ਦਾ ਤਿੰਨ ਚੌਥਾਈ ਤੋਂ ਵੀ ਵੱਧ ਹਿੱਸਾ ਸ਼ੇਅਰ ਬਜ਼ਾਰ, ਬੈਂਕਿੰਗ, ਬੀਮਾ ਵਰਗੀਆਂ ਵਿੱਤੀ ਸਰਗਰਮੀਆਂ, ਮੀਡੀਆ, ਮਨੋਰੰਜਨ ਅਤੇ ਹਰ ਕਿਸਮ ਦੀਆਂ ਸੇਵਾਵਾਂ ਦੇ ਕਾਰੋਬਾਰ ਨਾਲ਼ ਚਲਦਾ ਹੈ। ਸੱਤਿਅਮ, ਇਨਫੋਸਿਸ, ਵਿਪਰੋ ਜਿਹੀਆਂ ਕੰਪਨੀਆਂ ਜਾਂ ਸਾਫ਼ਟਵੇਅਰ ਕੰਪਨੀਆਂ ਦੇ ਕਾਰੋਬਾਰ ਦਾ ਵੱਡਾ ਹਿੱਸਾ ਵੀ ਇਨ੍ਹਾਂ ਹੀ ਗੈਰ-ਉਤਪਾਦਕ ਸਰਗਰਮੀਆਂ ਲਈ ਹੁੰਦਾ ਹੈ ਜਿਹੜਾ ਦੁਨੀਆਂ ਦੀ ਅਸਲੀ ਸੰਪਤੀ ਵਿੱਚ ਕੁੱਝ ਵੀ ਵਾਧਾ ਨਹੀਂ ਕਰਦਾ।

ਉਂਝ ਤਾਂ ਪੂੰਜੀਵਾਦ ਖੁਦ ਹੀ ਇੱਕ ਬਹੁਤ ਹੀ ਵੱਡੀ ਡਕੈਤੀ ਤੋਂ ਬਿਨਾਂ ਕੁਝ ਵੀ ਨਹੀਂ ਹੈ, ਪਰ ਮੁਨਾਫ਼ਾ ਕਮਾਉਣ ਦੀ ਅੰਨੀ ਹਵਸ ਵਿੱਚ ਸਾਰੇ ਪੂੰਜੀਪਤੀ ਆਪਣੇ ਹੀ ਬਣਾਏ ਕਾਨੂੰਨਾਂ ਨੂੰ ਤੋੜਦੇ ਹਨ। ਯੂਰਪ ਤੋਂ ਲੈ ਕੇ ਅਮਰੀਕਾ ਤੱਕ ਅਜਿਹੀਆਂ ਅਣਗਿਣਤ ਉਦਾਹਰਣਾਂ ਹਨ ਜੋ ਬਿਲਕੁਲ ਸਾਫ ਕਰ ਦਿੰਦੀਆਂ ਹਨ ਕਿ ਪੂੰਜੀਵਾਦ ਵਿੱਚ ਕੋਈ ਵੀ ਪਵਿੱਤਰ ਤੇ ਸਾਫ਼ ਮੁਕਾਬਲਾ ਨਹੀਂ ਹੁੰਦਾ। ਸ਼ੇਅਰਧਾਰਕਾਂ ਨੂੰ ਖਰੀਦਣ-ਫਸਾਉਣ, ਮੁਕਾਬਲੇਬਾਜ਼ ਕੰਪਨੀਆਂ ਦੀ ਜਾਸੂਸੀ ਕਰਾਉਣ, ਰਿਸ਼ਵਤ ਖੁਆਉਣ, ਹਿਸਾਬ-ਕਿਤਾਬ ਵਿੱਚ ਗੜਬੜੀ ਕਰਨ ਜਿਹੀਆਂ ਚੀਜਾਂ ਸਾਮਰਾਜਵਾਦ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਚਲਦੀਆਂ ਰਹੀਆਂ ਹਨ। ਸੱਤਿਅਮ ਨੇ ਬਹੀ-ਖਾਤਿਆਂ ਵਿੱਚ ਧੋਖਾ ਕਰਕੇ ਸਾਲ-ਦਰ-ਸਾਲ ਮੁਨਾਫਾ ਵੱਧ ਦਿਖਾਉਣ ਅਤੇ ਸ਼ੇਅਰਾਂ ਦੇ ਖਰੀਦਦਾਰਾਂ ਨੂੰ ਉੱਲੂ ਬਣਾਉਣ ਦੀ ਜੋ ਤਿਕੜਮ ਕੀਤੀ, ਉਹ ਤਾਂ ਪੂੰਜੀਵਾਦੀ ਦੁਨੀਆਂ ਵਿੱਚ ਹੋਣ ਵਾਲ਼ਾ ਛੋਟਾ ਜਿਹਾ 'ਫਰਾਡ' ਹੈ। ਰਾਜੂ ਫੜਿਆ ਗਿਆ ਤਾਂ ਉਹ ਚੋਰ ਹੈ – ਪਰ ਅਜਿਹਾ ਕਰਨ ਵਾਲ਼ੇ ਦਰਜਨਾਂ ਦੂਜੇ ਪੂੰਜੀਪਤੀ ਅੱਜ ਵੀ ਕਾਰਪੋਰੇਟ ਜਗਤ ਦੇ ਬਾਦਸ਼ਾਹ ਅਤੇ ਮੀਡੀਆਂ ਦੀਆਂ ਅੱਖਾਂ ਦੇ ਤਾਰੇ ਬਣੇ ਹੋਏ ਹਨ।

ਸੱਤਿਅਮ ਕੰਪਨੀ ਦੇ ਘੋਟਾਲੇ ਵਿੱਚ ਜਿੰਨੀਆਂ ਗੱਲਾਂ ਸਾਹਮਣੇ ਆਈਆਂ ਹਨ ਉਹ ਤਾਂ ਪਾਣੀ ਵਿੱਚ ਤੈਰਦੀ ਵਿਸ਼ਾਲ ਬਰਫ ਦੀ ਘਾਟੀ ਦਾ ਉੱਪਰ ਦਿਖਣ ਵਾਲ਼ਾ ਛੋਟਾ ਜਿਹਾ ਹਿੱਸਾ ਹੀ ਹਨ। ਇਸ ਦੀਆਂ ਸਾਰੀਆਂ ਪਰਤਾਂ ਤਾਂ ਸਰਕਾਰ ਵੀ ਉਜਾਗਰ ਨਹੀਂ ਕਰੇਗੀ। ਜੇਕਰ ਇਹ ਪੂਰਾ ਘੋਟਾਲਾ ਸਾਹਮਣੇ ਆ ਗਿਆ ਤਾਂ ਵਿੱਤ (ਫਾਇਨੈਂਸ) ਦਾ ਸਾਰਾ ਹਵਾਈ ਕਾਰੋਬਾਰ ਹੀ ਢਹਿ ਢੇਰੀ ਹੋ ਕੇ ਡਿੱਗ ਜਾਵੇਗਾ। ਕਾਰੋਬਾਰ ਦੀ ਥੋੜੀ ਜਿਹੀ ਵੀ ਸਮਝ ਰੱਖਣ ਵਾਲ਼ਾ ਕੋਈ ਵਿਅਕਤੀ ਇੰਨਾ ਤਾਂ ਸਮਝ ਹੀ ਸਕਦਾ ਹੈ ਕਿ ਇੰਨਾ ਵੱਡਾ ਗੋਰਖਧੰਦਾ ਦੋ-ਚਾਰ ਵਿਅਕਤੀਆਂ ਦੀ ਖੇਡ ਨਹੀਂ ਹੋ ਸਕਦਾ। ਅੰਕੜਿਆਂ ਦੀ ਹੇਰਾਫੇਰੀ, ਸਰਕਾਰੀ ਅਧਿਕਾਰੀਆਂ-ਮੰਤਰੀਆਂ ਆਦਿ ਨੂੰ ਮੋਟੀ ਰਕਮ ਖੁਆਉਣ ਤੋਂ ਲੈ ਕੇ ਹਰ ਤਰ੍ਹਾਂ ਦੇ ਛਲ-ਕਪਟ ਦਾ ਇਸਤੇਮਾਲ ਕਰਕੇ ਹੀ ਸੱਤਿਅਮ ਕੰਪਿਊਟਰਜ਼ ਨੇ ਚੰਦ ਸਾਲਾਂ ਵਿੱਚ ਦੁਨੀਆਂ ਭਰ ਵਿੱਚ ਦਸਾਂ ਹਜਾਰਾਂ ਕਰੋੜਾਂ ਰੁਪਇਆਂ ਦਾ ਕਾਰੋਬਾਰ ਫੈਲਾ ਦਿੱਤਾ। ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ-ਮੰਤਰੀ ਚੰਦਰ ਬਾਬੂ ਨਾਇਡੂ ਅਤੇ ਉਨ੍ਹਾਂ ਦੇ ਕੱਟੜ ਵਿਰੋਧੀ ਸਮਕਾਲੀ ਮੁੱਖ ਮੰਤਰੀ ਵਾਈ. ਰਾਜਸ਼ੇਖਰ ਰੇਡੀ ਦੋਨਾਂ ਨਾਲ਼ ਰਾਜੂ ਦੇ ਬਹੁਤ ਨਜ਼ਦੀਕੀ ਸਬੰਧ ਹਨ ਜਿਨ੍ਹਾਂ ਦਾ ਉਹ ਰੱਜ ਕੇ ਫਾਇਦਾ ਲੈਂਦਾ ਰਿਹਾ ਹੈ। ਫਿਰ ਵੀ ਪੂਰੇ ਮਾਮਲੇ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਇਹ ਇੱਕ 'ਵਿਗੜੇ ਹੋਏ' ਵਿਅਕਤੀ ਦੀਆਂ ਗਲਤੀਆਂ ਦਾ ਨਤੀਜਾ ਹੈ। ਵਾਰੀ-ਵਾਰੀ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਤਾਂ ਮਹਿਜ ਇੱਕ ਭਟਕਾਅ ਹੈ ਅਤੇ ਕਾਨੂੰਨ ਨੂੰ ਤਾਂ ਸਖਤੀ ਨਾਲ਼ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਦੁਨੀਆਂ ਨੂੰ ਇਹ ਪਤਾ ਲੱਗੇ ਕਿ ਸਾਰੀਆਂ ਕੰਪਨੀਆਂ ਅਜਿਹੀਆਂ ਨਹੀਂ ਹਨ.....ਵਗੈਰਾ-ਵਗੈਰਾ।

ਸੱਤਿਅਮ ਕੰਪਨੀ ਅਤੇ ਰਾਜੂ ਨੇ ਜਿਹੜਾ ਕੁੱਝ ਕੀਤਾ ਉਸ ਵਿੱਚ ਕੁੱਝ ਵੀ ਅਣਕਿਆਸਿਆ ਜਾਂ ਹੈਰਾਨ ਕਰਨ ਵਾਲ਼ਾ ਨਹੀਂ ਹੈ। ਕੁੱਝ ਕੁ ਵਰ੍ਹਿਆ ਵਿੱਚ ਬੇਸ਼ੁਮਾਰ ਮੁਨਾਫਾ ਕਮਾਉਣ ਵਾਲ਼ੀਆਂ ਜ਼ਿਆਦਾਤਰ ਕੰਪਨੀਆਂ ਦੀ ਅੰਦਰ ਦੀ ਕਹਾਣੀ ਇਹੋ ਹੀ ਹੈ। ਸਰਕਾਰ ਤੋਂ ਲੈ ਕੇ ਮੀਡੀਆ ਤੱਕ ਇਨ੍ਹਾਂ ਦੇ ਚਿਹਰੇ ਚਮਕਾਉਣ ਅਤੇ ਇਨ੍ਹਾਂ ਨੂੰ 'ਸ਼ਾਈਨਿੰਗ ਇੰਡੀਆ' ਦੇ 'ਆਈਕਾਨ' ਬਣਾ ਕੇ ਪੇਸ਼ ਕਰਨ ਵਿੱਚ ਲੱਗੇ ਰਹਿੰਦੇ ਹਨ। ਪੂੰਜੀਵਾਦ ਦੇ ਆਪਣੇ ਅੰਦਰੂਨੀ ਟਕਰਾਵਾਂ ਦੀ ਵਜ੍ਹਾ ਨਾਲ਼ ਕਦੇ-ਕਦੇ ਇਨ੍ਹਾਂ ਵਿੱਚੋਂ ਕੁੱਝ ਕੁ ਦੀ ਅਸਲੀਅਤ ਸਾਹਮਣੇ ਆ ਜਾਂਦੀ ਹੈ। ਕੱਲ੍ਹ ਤੱਕ ਜਿਹੜਾ ਰਾਜੂ ਮੀਡੀਆ ਦਾ ਦੁਲਾਰਾ ਅਤੇ ਬਿਜ਼ਨਸ ਸਕੂਲਾਂ ਦਾ ਮਾਡਲ ਸੀ ਉਹ ਰਾਤੋ-ਰਾਤ ਖਲਨਾਇਕ ਬਣ ਜਾਂਦਾ ਹੈ ਅਤੇ ਗਰਦਨ ਫੜ ਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਧੱਕ ਦਿੱਤਾ ਜਾਂਦਾ ਹੈ। ਪੂੰਜੀਵਾਦ ਦੇ ਹੀਰੋ ਸਥਾਈ ਨਹੀਂ ਹੋਇਆ ਕਰਦੇ। ਅੱਜ ਜਿਹੜੇ ਜਗਮਗਾਉਂਦੇ ਸਿਤਾਰੇ ਹਨ, ਕੱਲ੍ਹ ਉਹ ਗੰਦਗੀ ਦੇ ਢੇਰ ਵਿੱਚ ਪਏ ਦਿਖਾਈ ਦਿੰਦੇ ਹਨ।

ਅਜਿਹੀਆਂ ਘਟਨਾਵਾਂ ਪੂੰਜੀਵਾਦ ਦੇ ਅਸਲੀ ਪਰਜੀਵੀ ਚਰਿੱਤਰ ਨੂੰ ਉਜ਼ਾਗਰ ਕਰਦੀਆਂ ਹਨ। ਇਹ ਅੰਦਰੋਂ ਖੋਖਲੇ ਅਤੇ ਸੜ ਚੁੱਕੇ ਪੂੰਜੀਵਾਦੀ ਢਾਂਚੇ ਦੀ ਬਦਬੂਦਾਰ ਸੱਚਾਈ ਨੂੰ ਲੋਕਾਂ ਸਾਹਮਣੇ ਲਿਆ ਦਿੰਦੀਆਂ ਹਨ। ਇਹ ਇੱਕ ਵਾਰੀ ਫਿਰ ਪ੍ਰਸਿੱਧ ਲੇਖਕ ਬਾਲਜ਼ਾਕ ਦੀਆਂ ਉਨ੍ਹਾਂ ਸਤਰਾਂ ਨੂੰ ਸਹੀ

ਨਖਵਿੰਦਰ ਦੀਆਂ ਕਵਿਤਾਵਾਂ

• ਨਵਾਂ ਸਾਲ!

ਜਿਨ੍ਹਾਂ ਦੇ ਠੰਡ ਵਜੋਂ
ਨੱਕ ਬੰਦ ਨਹੀਂ ਹੋਏ
ਜਿਨ੍ਹਾਂ ਨੂੰ ਸੜ ਚੁੱਕੇ ਦੀ ਬੋ ਆ ਰਹੀ ਹੈ,

ਜੋ ਸਿਉਂਕ ਖਾਧੀ ਸ਼ਤੀਰ ਨੂੰ
ਜੱਫ਼ਾ ਮਾਰੀ ਨਹੀਂ ਬੈਠੇ
ਜੋ ਨਵੀਂ ਉਸਾਰੀ ਦੀ
ਯੋਜਨਾ ਬਣਾ ਰਹੇ ਹਨ,

ਜਿਨ੍ਹਾਂ ਲਈ "ਨਵਾਂ ਸਾਲ"
ਮਹਿਜ ਦੋ ਪੁਰਾਣੇ ਸ਼ਬਦ ਨਹੀਂ
ਨਵਾਂ ਨਕੋਰ ਨਵਾਂ ਸਾਲ
ਉਹਨਾਂ ਦੇ ਨਾਂ!

• ਇੱਛਾ

ਅਸੀਂ ਵੀ ਬਣਨਾ ਹੈ
ਪਰਬਤ ਦੀ ਤਰ੍ਹਾਂ—
ਉੱਚਾ ਹੈ
ਛੂੰਹਦਾ ਹੈ ਅਕਾਸ਼
ਪਰ ਜ਼ਮੀਨ ਨਹੀਂ ਛੱਡੀ ਹੈ।

ਅਸੀਂ ਉੱਠਣਾ ਹੈ
ਬੱਦਲਾਂ ਵਾਂਗ
ਤੇ ਵਰ੍ਹਨਾ ਹੈ
ਬੀਜਾਂ ਨੂੰ ਸਿਲ੍ਹ ਦੇਣੀ ਹੈ
ਨਵੇਂ ਜੀਵਨ ਵਿੱਚ
ਆਪਣਾ ਵੀ
ਹਿੱਸਾ ਦੇਣਾ ਹੈ।

•

ਆਪਣੀਆਂ ਕਮਜ਼ੋਰੀਆਂ ਨੂੰ ਢੱਕਣਾ—
ਹੋਰ ਵੀ ਹੋ ਜਾਣਾ ਕਮਜ਼ੋਰ,
ਕਣ-ਕਣ ਕਰਕੇ ਭੁਰਨਾ,
ਜਿੱਧਰੋਂ ਆਏ ਸੀ
ਓਧਰ ਹੀ ਮੁੜਨਾ।

ਖੋਲ੍ਹ ਕੇ ਰੱਖ ਦੇਣਾ
ਆਪਣਾ ਸਭ ਕੁੱਝ
ਸਭ ਸਾਹਮਣੇ—
ਜ਼ਮੀਨ 'ਤੇ ਖੜੋ ਕੇ
ਅਸਮਾਨ ਛੂਹਣਾ,
ਦੁਨੀਆਂ ਦੇ ਸਭ ਤੋਂ ਸੋਹਣਿਆਂ ਨੂੰ
ਦੋਸਤੀ ਦਾ ਸੱਦਾ ਦੇਣਾ।

➡ਸਿੱਧ ਕਰਦੀਆਂ ਹਨ ਕਿ ਹਰ ਸੰਪਤੀ ਦਾ ਸਾਮਰਾਜ ਅਪਰਾਧ ਦੀ ਬੁਨਿਆਦ 'ਤੇ ਖੜ੍ਹਾ ਹੁੰਦਾ ਹੈ।

ਮੱਧਵਰਗ ਦਾ ਇਕ ਵੱਡਾ ਹਿਸਾ ਸੱਤਿਅਮ ਕੰਪਨੀ ਦੇ ਘੋਟਾਲੇ 'ਤੇ ਹਾਏ-ਤੌਬਾ ਮਚਾ ਰਿਹਾ ਹੈ। ਇਹ ਉਹ ਲੋਕ ਹਨ ਜਿਹੜੇ ਪੂੰਜੀਵਾਦ ਦੀ ਵਹਿੰਦੀ ਗੰਗਾ ਵਿੱਚ ਟੁਬੀ ਤਾਂ ਮਾਰਨਾ ਚਾਹੁੰਦੇ ਹਨ ਪਰ ਉਸ ਵਿੱਚ ਵਹਿੰਦੀ ਮੈਲ ਨਾਲ਼ ਛੂਹ ਜਾਣ 'ਤੇ ਛੀ-ਛੀ ਕਰਨ ਲਗਦੇ ਹਨ। ਬਿਨਾਂ ਕੁੱਝ ਕੀਤੇ ਸ਼ੇਅਰ ਬਜ਼ਾਰ ਵਿੱਚ ਮੁਨਾਫ਼ਾ ਕਮਾਉਣ ਦੀ ਹੋਛੀ ਹਵਸ ਵਿੱਚ ਜਦੋਂ ਤੱਕ ਇਨ੍ਹਾਂ ਨੂੰ ਕਮਾਈ ਹੁੰਦੀ ਰਹਿੰਦੀ ਹੈ ਉਦੋਂ ਤੱਕ ਇਹ ਪੂੰਜੀ ਅਤੇ ਬਜ਼ਾਰ ਦੀ ਮਹਿਮਾ ਗਾਉਂਦੇ ਰਹਿੰਦੇ ਹਨ ਪਰ ਜਿਵੇਂ ਹੀ ਕਿਸੇ ਘਪਲੇ-ਘੋਟਾਲੇ ਵਿੱਚ ਇਨ੍ਹਾਂ ਦੀ ਪੂੰਜੀ ਡੁੱਬ ਜਾਂਦੀ ਹੈ ਤਾਂ ਇਹ ਕਾਂ-ਕਾਂ ਕਰਕੇ ਰੌਲਾ ਪਾਉਣ ਲੱਗਦੇ ਹਨ। ਪੂੰਜੀਵਾਦ ਦੀ ਅੰਨ੍ਹੀ ਦੌੜ ਵਿੱਚ ਆਣ ਵੜੇ ਜੂਨੀਅਰ ਪਾਰਟਨਰਾਂ ਨਾਲ਼ ਅਜਿਹਾ ਅਕਸਰ ਹੀ ਹੁੰਦਾ ਰਹਿੰਦਾ ਹੈ। ਮੰਦੀ ਦੇ ਦੌਰ ਵਿੱਚ ਅਜਿਹੀਆਂ ਘਟਨਾਵਾਂ ਹੋਰ ਵੱਧਦੀਆਂ ਹੀ ਹਨ। ਕਿਰਤੀ ਲੋਕਾਂ ਦੇ ਨਜ਼ਰੀਏ ਨਾਲ਼ ਇਨ੍ਹਾਂ ਦਾ ਬੱਸ ਮਜ਼ਾਕ ਹੀ ਉਡਾਇਆ ਜਾ ਸਕਦਾ ਹੈ। ਇਹ ਅਖੌਤੀ "ਛੋਟੇ ਨਿਵੇਸ਼ਕ" ਹਮਦਰਦੀ ਨਹੀਂ ਨਫ਼ਰਤ ਦੇ ਹੱਕਦਾਰ ਹਨ।

ਅਜਿਹੀਆਂ ਘਟਨਾਵਾਂ ਪੂੰਜੀਵਾਦੀ ਨਿਆਂ ਦੇ ਅਸਲੀ ਜਮਾਤੀ ਚਰਿੱਤਰ ਨੂੰ ਵੀ ਨੰਗਾ ਕਰ ਦਿੰਦੀਆਂ ਹਨ। ਹਜਾਰਾਂ ਕਰੋੜਾਂ ਦਾ ਚੂਨਾ ਲਗਾਉਣ ਵਾਲ਼ੇ ਰਾਜੂ ਅਤੇ ਇਸਦੇ ਅਪਰਾਧ ਵਿੱਚ ਸ਼ਰੀਕ ਲੋਕਾਂ ਨੂੰ ਕੋਈ ਤਕਲੀਫ਼ ਨਾ ਹੋਵੇ, ਇਸਦਾ ਖਿਆਲ ਪੁਲਿਸ ਵੀ ਰੱਖ ਰਹੀ ਹੈ। ਉਨ੍ਹਾਂ ਦੀ ਪੈਰਵੀ ਲਈ ਵਕੀਲਾਂ ਦੀ ਪੂਰੀ ਫੌਜ ਖੜ੍ਹੀ ਹੋ ਜਾਵੇਗੀ ਅਤੇ ਹੋ ਸਕਦਾ ਹੈ ਕਿ ਕੁੱਝ ਸਜ਼ਾ ਅਤੇ ਜੁਰਮਾਨੇ ਪਿੱਛੋਂ ਉਹ ਬੱਚ ਹੀ ਜਾਏ। ਉਨ੍ਹਾਂ ਦੀ ਅਰਬਾਂ ਦੀ ਸੰਪਤੀ ਤਾਂ ਬਣੀ ਹੀ ਰਹੇਗੀ। ਦੂਜੇ ਪਾਸੇ ਜੇਕਰ ਆਪਣੇ ਬੱਚਿਆ ਦੀ ਭੁੱਖ ਅਤੇ ਬਿਮਾਰੀ ਤੋਂ ਬਚਾਉਣ ਲਈ ਕੋਈ ਗਰੀਬ ਦਸ ਰੁਪਏ ਦੀ ਵੀ ਚੋਰੀ ਕਰ ਲਵੇ ਤਾਂ ਉਸਨੂੰ ਕੁੱਟ-ਕੁੱਟ ਕੇ ਸੜਕ 'ਤੇ ਹੀ ਮਾਰ ਦਿੱਤਾ ਜਾਵੇਗਾ ਜਾਂ ਤੁਰੰਤ ਜੇਲ੍ਹ ਦੇ ਹਵਾਲਾਤ ਵਿੱਚ ਕੈਦ ਕਰ ਦਿੱਤਾ ਜਾਵੇਗਾ।

• • • • • •

(ਸਫ਼ਾ 27 ਦਾ ਬਾਕੀ)

ਵਿਸ਼ਾਲ ਨਿਰਮਾਣ-ਪਰਿਯੋਜਨਾਵਾਂ ਸੰਚਾਲਿਤ ਕੀਤੀਆਂ ਜਾ ਸਕਦੀਆਂ ਹਨ। ਦੇਸ਼ ਭਰ ਦੇ ਮੱਠਾਂ ਮੰਦਰਾਂ ਕੋਲ਼ ਜਮਾਂ ਧਨਦੌਲਤ ਨਾਲ਼ ਸਰਵਜਨਕ ਸਿੱਖਿਆ ਅਤੇ ਸਿਹਤ ਦਾ ਦੇਸ਼ ਵਿਆਪੀ ਢਾਂਚਾ ਉਸਾਰਿਆ ਜਾ ਸਕਦਾ ਹੈ। ਦੇਸ਼ ਭਰ ਦੇ ਪਰਜੀਵੀ ਹਰ ਸਾਲ ਜੋ ਕਾਨੂੰਨੀ-ਗੈਰਕਾਨੂੰਨੀ ਧਨ-ਦੌਲਤ ਇਕੱਠੀ ਕਰਦੇ ਹਨ, ਉਸ ਨੂੰ ਵੀ ਉਹ ਕਿਰਤੀ ਹੀ ਪੈਦਾ ਕਰਦੇ ਹਨ ਜੋ ਸਾਰੀ ਸਮਾਜਿਕ ਜਾਇਦਾਦ ਦੇ ਨਿਰਮਾਤਾ ਹੁੰਦੇ ਹਨ। ਇੱਕ ਆਮ ਮਜ਼ਦੂਰ ਇਹ ਅੰਦਾਜਾ ਨਹੀਂ ਲਾ ਸਕਦਾ ਕਿ ਉਹ ਕਿੰਨਾ ਕੁੱਝ ਪੈਦਾ ਕਰਦਾ ਹੈ ਅਤੇ ਉਸਦਾ ਕਿੰਨਾ ਛੋਟਾ ਹਿੱਸਾ ਉਸਨੂੰ ਹਾਸਿਲ ਹੁੰਦਾ ਹੈ। ਲੋਕਾਂ ਦੀ ਸੱਚੀ ਲੀਡਰਸ਼ਿਪ ਦਾ ਫਰਜ਼ ਹੈ ਕਿ ਲੋਕਾਂ ਨੂੰ ਇਸ ਸਚਾਈ ਤੋਂ ਜਾਣੂ ਕਰਵਾਇਆ ਜਾਵੇ। ਚੀਜ਼ਾਂ ਨੂੰ ਬਦਲਣ ਲਈ ਚੀਜ਼ਾਂ ਨੂੰ ਜਾਨਣਾ ਜ਼ਰੂਰੀ ਹੈ। ਪੂੰਜੀਵਾਦੀ ਢਾਂਚੇ ਦੇ ਹਰ ਪਹਿਲੂ ਤੋਂ ਆਮ ਲੋਕਾਂ ਨੂੰ ਜਾਣੂ ਕਰਵਾਉਣਾ ਹੋਵੇਗਾ। ਪੂੰਜੀਵਾਦੀ ਜਮਹੂਰੀਅਤ ਦੀ ਅਸਲੀਅਤ ਨੂੰ ਨੰਗਾ ਕਰਨ ਲਈ ਚੋਣ ਪ੍ਰਣਾਲ਼ੀ, ਸੰਸਦ, ਮੰਤਰੀਆਂ ਅਤੇ ਲੋਕਪ੍ਰਤੀਨਿਧੀਆਂ 'ਤੇ ਹੋਣ ਵਾਲ਼ੇ ਭਿਅੰਕਰ ਖ਼ਰਚ ਦੀ ਤੇ ਲੀਡਰਾਂ-ਅਫ਼ਸਰਾਂ ਦੀ ਕਾਲੀ-ਕਮਾਈ ਅਤੇ ਵਿਸ਼ੇਸ਼ ਅਧਿਕਾਰਾਂ ਦੀ ਇੱਥੇ ਇੱਕ ਤਸਵੀਰ ਪੇਸ਼ ਕੀਤੀ ਗਈ ਹੈ। ਇਸ ਤਰਾਂ ਸਾਨੂੰ ਢਾਂਚੇ ਦੇ ਹਰ ਪਹਿਲੂ ਨੂੰ ਸਮਝਣਾ ਹੋਵੇਗਾ ਤਾਂ ਕਿ ਬਦਲ ਦੇ ਖਾਕੇ ਬਾਰੇ ਸੋਚਿਆ-ਵਿਚਾਰਿਆ ਜਾ ਸਕੇ।

ਗਾਜ਼ਾ ਪੱਟੀ ਵਿੱਚ ਬਰਬਰ ਇਜ਼ਰਾਇਲੀ ਹਮਲਾ

ਫ਼ਿਲਿਸਤੀਨੀ ਲੋਕਾਂ ਦਾ ਪ੍ਰਤੀਰੋਧ ਕੁਚਲਿਆ ਨਹੀਂ ਜਾ ਸਕਦਾ

ਹਰ ਹਮਲਾ ਅਰਬ ਲੋਕਾਂ ਵਿੱਚ ਸਾਮਰਾਜਵਾਦ ਪ੍ਰਤੀ ਨ.ਫ਼ਰਤ ਦੀ ਅੱਗ ਨੂੰ ਹੋਰ ਤੇਜ ਕਰੇਗਾ...

● ਨਵੀਨ ਪੰਤ

ਪਿਛਲੇ ਸਾਲ ਦੇ ਆਖ਼ਰੀ ਹਫ਼ਤੇ ਵਿੱਚ ਇਜ਼ਰਾਇਲ ਨੇ ਫਿਲਿਸਤੀਨ ਦੀ ਗਾਜ਼ਾ ਪੱਟੀ ਵਿੱਚ ਜ਼ਬਰਦਸਤ ਹਵਾਈ ਹਮਲੇ ਸ਼ੁਰੂ ਕੀਤੇ ਅਤੇ ਇਹ ਟਿਪੱਣੀ ਲਿੱਖੇ ਜਾਣ ਤੱਕ ਉਸ ਦੀਆਂ ਫੌਜ਼ਾਂ ਗਾਜ਼ਾ ਪੱਟੀ ਵਿੱਚ ਘੁਸ ਕੇ ਕਤਲੇਆਮ ਮਚਾ ਰਹੀਆਂ ਸਨ। ਇਜ਼ਰਾਇਲੀ ਹਮਲੇ ਵਿੱਚ ਹੁਣ ਤੱਕ 1100 ਤੋਂ ਵੱਧ ਲੋਕ ਮਾਰੇ ਗਏ ਜਾ ਚੁੱਕੇ ਹਨ ਜਿਨ੍ਹਾਂ 'ਚੋਂ ਜ਼ਿਆਦਾਤਰ ਆਮ ਨਾਗਰਿਕ, ਬੱਚੇ ਅਤੇ ਇਸਤਰੀਆਂ ਹਨ। ਇਜ਼ਰਾਇਲੀ ਧਾੜਵੀਆਂ ਨੇ ਸਕੂਲਾਂ ਅਤੇ ਹਸਪਤਾਲਾਂ ਤੱਕ ਨੂੰ ਨਹੀਂ ਛੱਡਿਆ। ਤਕਰੀਬਨ 4000 ਲੋਕ ਬੁਰੀ ਤਰ੍ਹਾਂ ਜਖਮੀ ਹਨ। ਮਹੀਨਿਆਂ ਤੋਂ ਜਾਰੀ ਇਜ਼ਰਾਇਲੀ ਪਾਬੰਦੀਆਂ ਅਤੇ ਘੇਰੇਬੰਦੀ ਵਜੋਂ ਗਾਜ਼ਾ ਪੱਟੀ ਵਿੱਚ ਦਵਾਈਆਂ ਅਤੇ ਬੱਚਿਆਂ ਲਈ ਦੁੱਧ ਵਰਗੀਆਂ ਚੀਜਾਂ ਦੀ ਪਹਿਲਾਂ ਹੀ ਬਹੁਤ ਘਾਟ ਹੈ। ਬਿਜਲੀ ਅਤੇ ਪਾਣੀ ਤੱਕ ਮੁਸ਼ਕਿਲ ਨਾਲ਼ ਮਿਲ ਰਿਹਾ ਹੈ। ਅਜਿਹੀ ਹਾਲਤ ਵਿੱਚ ਮਰਨ ਵਾਲਿਆਂ ਦੀ ਗਿਣਤੀ ਹੋਰ ਵੀ ਤੇਜ਼ੀ ਨਾਲ਼ ਵੱਧਦੀ ਜਾ ਰਹੀ ਹੈ।

ਪੂਰਾ ਸਾਮਰਾਜਵਾਦੀ ਮੀਡੀਆ ਇਜ਼ਰਾਇਲ ਦੇ ਇਸ ਨੰਗੇ ਝੂਠ ਦਾ ਭੌਂਪੂ ਬਣਿਆ ਹੋਇਆ ਹੈ ਕਿ ਉਸਨੇ ਇਹ ਹਮਲਾ "ਸਵੈ-ਰੱਖਿਆ" ਲਈ ਕੀਤਾ ਹੈ। ਫਿਲਿਸਤੀਨੀ ਜਥੇਬੰਦੀ ਹਮਾਸ ਦੁਆਰਾ ਇਜ਼ਰਾਇਲ 'ਤੇ ਦਾਗੇ ਜਾਣ ਵਾਲ਼ੇ ਰਾਕਟਾਂ ਤੋਂ ਖੁਦ ਨੂੰ ਬਚਾਉਣ ਲਈ ਹੀ ਉਸ ਨੂੰ ਮਜ਼ਬੂਰਨ ਦੁੱਧ ਪੀਦੇ ਬੱਚਿਆਂ, ਬੁੱਢੀਆਂ ਇਸਤਰੀਆਂ ਅਤੇ ਹਸਪਤਾਲਾਂ ਵਿੱਚ ਭਰਤੀ ਮਰੀਜਾਂ ਦੀਆਂ ਜਾਨਾਂ ਲੈਣੀਆਂ ਪੈ ਰਹੀਆਂ ਹਨ। ਸਾਡੇ ਦੇਸ਼ ਦਾ ਮੀਡਿਆ ਵੀ ਇਸੇ ਸੁਰ ਵਿੱਚ ਸੁਰ ਮਿਲਾ ਰਿਹਾ ਹੈ ਜਾਂ ਫਿਰ ਇਸ ਭਿਆਨਕ ਕਤਲੇਆਮ ਨੂੰ ਮਾਮੂਲੀ-ਜਿਹੀ ਖਬਰ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ। ਦਹਿਸ਼ਤਗਰਦੀ ਦੇ ਨਾਂ 'ਤੇ ਦਿਨ-ਰਾਤ ਯੁੱਧ ਦਾ ਪਾਗਲਪਣ ਅਤੇ ਅੰਨ੍ਹੀਆਂ ਕੌਮਪ੍ਰਸਤ ਭਾਵਨਾਵਾਂ ਭੜਕਾਉਣ ਵਿੱਚ ਲੱਗੇ ਇਲੈਕ੍ਰਾਨਿਕ ਮੀਡੀਆ ਨੂੰ ਇਜ਼ਰਾਇਲ ਦੀ ਇਹ ਸਰਕਾਰੀ ਦਹਿਸ਼ਤਗਰਦੀ ਨਜ਼ਰ ਨਹੀਂ ਆ ਰਹੀ ਹੈ।

ਸੱਚ ਤਾਂ ਇਹ ਹੈ ਕਿ ਹਮਾਸ ਨੇ ਪਿਛਲੇ ਕਈ ਹਫਤਿਆਂ ਵਿੱਚ ਜਿਹੜੇ ਰਾਕੇਟ ਦਾਗੇ ਗਏ ਹਨ ਉਨ੍ਹਾਂ ਨਾਲ਼ 12 ਜਾਂ 13 ਇਜ਼ਰਾਇਲੀਆਂ ਦੀ ਮੌਤ ਹੋਈ ਹੈ ਅਤੇ ਕੁੱਝ ਲੋਕ ਜਖ਼ਮੀ ਹੋਏ ਹਨ।

ਇਜ਼ਰਾਇਲ ਦਾ ਇਲਜ਼ਾਮ ਹੈ ਕਿ ਯੁੱਧ-ਵਿਰਾਮ ਤੋੜ ਕੇ ਹਮਾਸ ਨੇ ਰਾਕਟਾਂ ਨਾਲ਼ ਹਮਲਾ ਕੀਤਾ। ਪਰ ਸੱਚ ਕੀ ਹੈ? ਸੱਚ ਇਹ ਹੈ ਕਿ ਫਿਲਿਸਤੀਨੀ ਲੋਕਾਂ ਦੇ ਜ਼ਬਰਦਸਤ ਸੰਘਰਸ਼ ਅਤੇ ਪੂਰੀ ਦੁਨੀਆਂ ਦੇ ਲੋਕਾਂ ਦੇ ਦਬਾਅ ਨੇ 2005 ਵਿੱਚ ਗਾਜ਼ਾ ਪੱਟੀ ਤੋਂ ਆਪਣੀਆਂ ਫੌਜਾਂ ਹਟਾ ਲੈਣ ਬਾਅਦ ਤੋਂ ਇਜ਼ਰਾਇਲ ਨੇ ਇੱਕ ਦਿਨ ਵੀ ਗਾਜ਼ਾ ਵਾਸੀਆਂ ਨੂੰ ਚੈਨ ਨਾਲ਼ ਜਿਉਣ ਨਹੀਂ ਦਿੱਤਾ। ਫੌਜਾਂ ਹਟਾਉਣ ਤੋਂ ਬਾਅਦ ਵੀ ਜ਼ਮੀਨ, ਹਵਾਈ ਅਤੇ ਸਮੁੰਦਰੀ ਰਸਤੇ ਤੋਂ ਇਜ਼ਰਾਇਲ ਨੇ ਗਾਜ਼ਾ ਪੱਟੀ 'ਤੇ ਆਪਣਾ ਕੰਟਰੋਲ ਰੱਖਿਆ ਹੋਇਆ ਸੀ। ਵਿੱਚ ਵਿੱਚ ਨੂੰ ਉਸਦੇ ਹਮਲੇ ਜਾਰੀ ਸਨ। 2007 ਵਿੱਚ ਲਿਬਨਾਨ 'ਤੇ ਹਮਲੇ ਦੇ ਠੀਕ ਪਹਿਲਾਂ ਇਜ਼ਰਾਇਲ ਨੇ ਗਾਜ਼ਾ ਪੱਟੀ ਵਿੱਚ ਭਿਅੰਕਰ ਬੰਬਾਰੀ ਕੀਤੀ ਸੀ। ਪਿਛਲੇ ਸਾਲ 5 ਨੰਵਬਰ ਨੂੰ ਇਜ਼ਰਾਇਲੀ ਫੌਜਾਂ ਨੇ ਹਮਾਸ ਦੇ 5 ਕਾਰਕੁੰਨਾ ਦੀ ਹੱਤਿਆ ਕਰ ਦਿੱਤੀ ਸੀ। ਨਵੰਬਰ ਤੋਂ ਹੀ ਇਜ਼ਰਾਇਲ ਨੇ ਆਪਣੀ ਘੇਰੇਬੰਦੀ ਹੋਰ ਸਖ਼ਤ ਕਰਦੇ ਹੋਏ ਗਾਜ਼ਾ ਪੱਟੀ ਵਿੱਚ ਬੁਨਿਆਦੀ ਲੋੜਾਂ ਦੀਆਂ ਚੀਜਾਂ ਦੀ ਸਪਲਾਈ ਲੱਗਭੱਗ ਬੰਦ ਕਰ ਦਿੱਤੀ ਸੀ। ਸਯੁੰਕਤ ਰਾਸ਼ਟਰ ਦੁਆਰਾ ਚਿਤਾਵਨੀ ਦਿੱਤੇ ਜਾਣ ਦਾ ਵੀ ਇਜ਼ਰਾਇਲ 'ਤੇ ਕੋਈ ਅਸਰ ਨਹੀਂ ਹੋਇਆ ਕਿਉਂਕਿ ਦੁਨੀਆਂ ਦੇ ਸਭ ਤੋਂ ਵੱਡੇ ਗੁੰਡੇ ਅਮਰੀਕਾ ਦਾ ਹੱਥ ਉਸਦੀ ਪਿੱਠ ਠੋਕ ਰਿਹਾ ਹੈ।

ਪੱਛਮੀ ਏਸ਼ੀਆ ਦੇ ਇੱਕ ਛੋਟੇ-ਜਿਹੇ ਇਲਾਕੇ ਵਿੱਚ ਇਜ਼ਰਾਇਲ ਅਤੇ ਫਿਲਿਸਤੀਨ ਦੋ ਦੇਸ਼ ਹਨ। ਯਹੂਦੀ ਕੌਮੀਅਤ ਦੇ ਲੋਕ ਇਜ਼ਰਾਇਲ ਤੋਂ ਨਿਕਲ ਕੇ ਪੂਰੀ ਦੁਨੀਆਂ ਵਿੱਚ ਫੈਲ ਗਏ ਸਨ। ਦੂਜੀ ਵੱਡੀ ਸੰਸਾਰ ਜੰਗ ਵਿੱਚ ਫਾਸਿਸਟਾਂ ਦੁਆਰਾ ਯਹੂਦੀਆਂ ਦੇ ਕਤਲੇਆਮ ਤੋਂ ਬਾਅਦ ਉਨ੍ਹਾਂ ਦੀ ਇਸ ਮੰਗ ਨੂੰ ਵਿਆਪਕ ਸਮਰਥਨ ਮਿਲਿਆ ਕਿ ਉਨ੍ਹਾਂ ਨੂੰ ਆਪਣੀ ਮਾਂ-ਭੂਮੀ ਵਿੱਚ ਆਪਣਾ ਦੇਸ਼ ਵਸਾਉਣ ਦਿੱਤਾ ਜਾਵੇ। ਉਸ ਸਮੇਂ ਹੋਏ ਸਮਝੋਤੇ ਮੁਤਾਬਿਕ ਉੱਥੇ ਦੋ ਦੇਸ਼ ਬਣਾਏ ਗਏ-ਇਜ਼ਰਾਇਲ ਅਤੇ ਫਿਲਿਸਤੀਨ। ਇਜ਼ਰਾਇਲ ਵਿੱਚ ਮੁੱਖ ਤੌਰ 'ਤੇ ਉੱਥੇ ਰਹਿ ਰਹੀ ਯਹੂਦੀ ਅਬਾਦੀ ਅਤੇ ਬਾਹਰ ਤੋਂ ਆਏ ਯਹੂਦੀ ਰਫਿਊਜ਼ੀ ਵਸਣੇ ਸਨ ਜਦੋਂ ਕਿ ਫਿਲਿਸਤੀਨ ਉਸ ਖੇਤਰ ਦੇ ਅਰਬ ਲੋਕਾਂ ਦਾ ਦੇਸ਼ ਸੀ। ਪਰ ਇਜ਼ਰਾਇਲ ਨੇ ਤੁਰੰਤ ਹੀ ਫਿਲਿਸਤੀਨੀਆਂ ਨੂੰ ਖਦੇੜ ਕੇ ਉਨ੍ਹਾਂ ਦੀ ਜ਼ਮੀਨ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਪੂਰੀ ਦੁਨੀਆਂ ਤੋਂ ਲਿਆ ਕੇ ਅਮੀਰ ਯਹੂਦੀਆਂ ਨੂੰ ਉੱਥੇ ਵਸਾਉਣ ਲੱਗਾ। ਪੰਜ ਦਹਾਕਿਆਂ ਤੱਕ ਆਪਣੇ ਵਤਨ ਤੋਂ ਭਟਕਦੇ ਫਿਰਦੇ ਫਿਲਿਸਤੀਨੀ ਲੋਕਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਉਨ੍ਹਾਂ ਨੂੰ ਟੁੱਟੀ-ਫੁੱਟੀ ਹਾਲਤ ਵਿੱਚ ਆਪਣੇ ਦੇਸ਼ ਦਾ ਇੱਕ ਛੋਟਾ ਜਿਹਾ ਟੁਕੜਾ ਮਿਲਿਆ। ਅੱਜ ਦਾ ਫਿਲਿਸਤੀਨ ਇੱਕ-ਦੂਜੇ ਤੋਂ ਅਲੱਗ ਜ਼ਮੀਨ ਦੀਆਂ ਦੋ ਛੋਟੀਆਂ-ਛੋਟੀਆਂ ਪੱਟੀਆਂ 'ਤੇ ਵਸਿਆ ਹੈ। ਇੱਕ ਹੈ ਪੱਛਮੀ ਤੱਟ ਦਾ ਇਲਾਕਾ ਅਤੇ ਦੂਜਾ ਹੈ ਗਾਜ਼ਾ ਪੱਟੀ ਜਿੱਥੇ

ਸਿਰਫ 360 ਵਰਗ ਕਿਲੋਮੀਟਰ ਦੇ ਦਾਇਰੇ ਵਿੱਚ 15 ਲੱਖ ਅਬਾਦੀ ਰਹਿੰਦੀ ਹੈ। ਫਿਲਿਸਤੀਨੀ ਮੁਕਤੀ ਜਥੇਬੰਦੀ, ਪੀ.ਐਲ.ਓ. ਦੀ ਲੀਡਰਸ਼ਿਪ ਦੇ ਸਮਝੌਤਾਪ੍ਰਸਤ ਹੋ ਜਾਣ ਮਗਰੋਂ ਧਾਰਮਿਕ ਕੱਟੜਪੰਥੀ ਜੱਥੇਬੰਦੀ ਹਮਾਸ ਨੇ ਫਿਲਸਤੀਨੀ ਲੋਕਾਂ ਵਿੱਚ ਆਪਣੀਆਂ ਜੜ੍ਹਾਂ ਜਮਾ ਲਈਆਂ ਹਨ, ਅਤੇ ਅੱਜ ਉਸਨੂੰ ਵਿਆਪਕ ਆਬਾਦੀ ਦਾ ਸਮਰਥਨ ਹਾਸਿਲ ਹੈ- ਇਸਲਈ ਨਹੀਂ ਕਿ ਫਿਲਿਸਤੀਨੀ ਲੋਕ ਆਪਣੀ ਧਰਮਨਿਰਪੱਖ ਸੋਚ ਛੱਡ ਕੇ ਕੱਟੜਪੰਥੀ ਹੋ ਗਈ ਹੈ, ਸਗੋਂ ਇਸ ਲਈ ਕਿਉਂਕਿ ਇਜਰਾਇਲੀ ਜਿਅਨਵਾਦੀ ਫਾਸਿਸਟਾਂ ਅਤੇ ਅਮਰੀਕੀ ਸਾਮਰਾਜਵਾਦ ਨਾਲ਼ ਲੋਕ ਕਦੇ ਸਮਝੌਤਾਂ ਨਹੀਂ ਕਰ ਸਕਦੇ ਅਤੇ ਅੱਜ ਸਿਰਫ ਹਮਾਸ ਹੀ ਜੁਝਾਰੂ ਤਰੀਕੇ ਨਾਲ਼ ਸਾਮਰਾਜਵਾਦ ਨਾਲ਼ ਲੜ ਰਹੀ ਜੱਥੇਬੰਦੀ ਹੈ। ਕੱਟੜਪੰਥੀ ਅਤੇ ਦਹਿਸ਼ਤਗਰਦ ਤਰੀਕੇ ਅਸਲ ਵਿੱਚ ਦਹਾਕਿਆਂ ਤੋਂ ਲੜ ਰਹੇ ਲੋਕਾਂ ਵਿੱਚ ਫੈਲੀ ਨਿਰਾਸ਼ਾ ਅਤੇ ਲਾਚਾਰੀ ਦਾ ਹੀ ਪ੍ਰਗਟਾਵਾ ਹੈ।

ਇਜ਼ਰਾਇਲੀ ਹਮਲੇ ਦਾ ਉਦੇਸ਼ ਜੇਕਰ ਫਿਲਿਸਤੀਨੀਆਂ ਦੇ ਪ੍ਰਤੀਰੋਧ ਘੋਲ਼ ਨੂੰ ਖਤਮ ਕਰਨਾ ਹੈ ਤਾਂ ਇਸ ਵਿੱਚ ਉਹ ਕਦੇ ਕਾਮਯਾਬ ਨਹੀਂ ਹੋਵੇਗਾ। ਜੇਕਰ ਹਮਾਸ ਖ਼ਤਮ ਵੀ ਹੋ ਗਿਆ ਤਾਂ ਉਸਦੀ ਜਗ੍ਹਾ ਕੋਈ ਉਸ ਨਾਲ਼ੋਂ ਵੀ ਜ਼ਿਆਦਾ ਕੱਟੜਪੰਥੀ ਜਥੇਬੰਦੀ ਲੈ ਸਕਦੀ ਹੈ। ਦੂਜੀ ਸੰਭਾਵਨਾ ਇਹ ਵੀ ਹੈ ਕਿ ਧਾਰਮਿਕ ਕੱਟੜਪੰਥ ਦੇ ਨਤੀਜਿਆਂ ਨੂੰ ਦੇਖਣ ਤੋਂ ਬਾਅਦ ਫਿਲਿਸਤੀਨੀ ਲੋਕਾਂ ਵਿੱਚ ਰੈਡੀਕਲ ਖੱਬੇ ਪੱਖੀ ਧਾਰਾ ਨੂੰ ਮਜ਼ਬੂਤੀ ਮਿਲੇ। ਪਰ ਇੰਨਾ ਪੱਕਾ ਹੈ ਕਿ ਫਿਲਿਸਤੀਨੀਆਂ ਦਾ ਪ੍ਰਤੀਰੋਧ ਘੋਲ਼ ਰੁਕੇਗਾ ਨਹੀਂ। ਫਿਲਸਤੀਨ ਦਾ ਬੱਚਾ-ਬੱਚਾ ਇਹ ਜਾਣਦਾ ਹੈ ਕਿ ਜੇਕਰ ਉਨ੍ਹਾਂ ਨੇ ਲੜਨਾ ਬੰਦ ਕਰ ਦਿੱਤਾ ਤਾਂ ਇਜ਼ਰਾਇਲ ਉਨ੍ਹਾਂ ਦਾ ਨਾਂ-ਨਿਸ਼ਾਨ ਹੀ ਮਿਟਾ ਦੇਵੇਗਾ।

ਇਸ ਹਾਲਤ ਦਾ ਦੂਜਾ ਪਹਿਲੂ ਇਹ ਹੈ ਕਿ ਹਰ ਇਜ਼ਰਾਇਲੀ ਹਮਲਾ ਫਿਲਿਸਤੀਨੀ ਅਤੇ ਅਰਬ ਲੋਕਾਂ ਵਿੱਚ ਅਰਬ ਹਾਕਮਾਂ ਦੇ ਪਾਖੰਡ ਅਤੇ ਪੀ.ਐਲ.ਓ. ਦੀ ਸਮਝੌਤਾਪ੍ਰਸਤੀ ਪ੍ਰਤੀ ਨਫਰਤ ਨੂੰ ਹੋਰ ਵਧਾਉਣ ਦਾ ਕੰਮ ਕਰਦਾ ਹੈ। ਇਜ਼ਰਾਇਲ ਦੇ ਕਬਜੇ ਵਿੱਚ ਰਹੇ ਫਿਲਸਤੀਨੀ ਇਲਾਕਿਆਂ ਵਿੱਚ ਦੋ ਵਾਰੀ ਹੋਈ ਇੰਤਿਫਾਦਾ (ਬਗਾਵਤ) ਦਾ ਪ੍ਰਭਾਵ ਤਾਂ ਫਿਲਿਸਤੀਨ ਦਰਮਿਆਨ ਹੀ ਸੀਮਤ ਸੀ ਪਰ ਇਸ ਵਾਰੀ ਦੇ ਹਮਲੇ ਦਾ ਅਸਰ ਪੂਰੇ ਪੱਛਮੀ ਏਸ਼ੀਆਂ ਦੇ ਅਰਬ ਲੋਕਾਂ 'ਤੇ ਹੋਵੇਗਾ।

ਸਦਾ ਦੀ ਤਰ੍ਹਾਂ ਲੋਕਾਂ ਦੇ ਘੋਲ ਨੇ ਇਜ਼ਰਾਇਲੀ ਹਾਕਮਾਂ ਦਰਮਿਆਨ ਵੀ ਫੁੱਟ ਪਾ ਦਿੱਤੀ ਹੈ। ਇਸ ਫੁੱਟ ਦੀਆਂ ਵੀ ਕਈ ਪਰਤਾਂ ਹਨ। ਇਜ਼ਰਾਇਲੀ ਕਿਰਤੀਆਂ ਅਤੇ ਮੱਧਵਰਗ ਦਾ ਇੱਕ ਹਿੱਸਾ ਆਪਣੇ ਹਾਕਮਾਂ 'ਤੇ ਦਬਾਅ ਪਾ ਰਿਹਾ ਹੈ ਕਿ ਫਿਲਿਸਤੀਨ ਨਾਲ਼ ਸਮਝੌਤਾ ਕੀਤਾ ਜਾਵੇ। ਅਰਬ ਲੋਕਾਂ ਵਿੱਚ ਫਿਲਿਸਤੀਨੀਆਂ ਪ੍ਰਤੀ ਮੌਜੂਦ ਹਮਦਰਦੀ ਅਤੇ ਇਜ਼ਰਾਇਲ, ਅਮਰੀਕਾ ਅਤੇ ਆਪਣੇ ਦੇਸ਼ ਦੇ ਹਾਕਮਾਂ ਪ੍ਰਤੀ ਵੱਧਦੇ ਗੁੱਸੇ ਤੋਂ ਡਰੇ ਅਰਬ ਦੇਸ਼ਾਂ ਦੇ ਹਾਕਮ ਵੀ ਘੁੱਟੀ ਅਵਾਜ਼ ਨਾਲ਼ ਹੀ ਸਹੀ, ਸਮਝੌਤੇ ਲਈ ਦਬਾਅ ਬਣਾ ਰਹੇ ਹਨ। ਪੂਰੀ ਦੁਨੀਆਂ ਦੇ ਲੋਕ ਵੀ ਇੱਕ ਵਾਰੀ ਫਿਰ ਫਿਲਿਸਤੀਨੀ ਲੋਕਾਂ ਦੇ ਪੱਖ ਵਿੱਚ ਖੜੇ ਹੋ ਰਹੇ ਹਨ। ਇਰਾਕ ਅਤੇ ਲੇਬਨਾਨ ਤੋਂ ਲੈ ਕੇ ਫਿਲਿਸਤੀਨ ਤੱਕ ਪੂਰੇ ਅਰਬ ਜਗਤ ਵਿੱਚ ਸਾਮਰਾਜਵਾਦ ਦੀਆਂ ਵਿਰੋਧਤਾਈਆਂ ਦੀ ਅਜਿਹੀ ਗੰਢ ਵਿੱਚ ਤਬਦੀਲ ਹੋ ਰਹੀਆਂ ਹਨ ਜਿਹੜੀਆਂ ਅੰਤ ਇੱਕ ਇਨਕਲਾਬੀ ਵਿਸਫੋਟ ਨੂੰ ਜਨਮ ਦੇਣਗੀਆਂ।

ਉਂਞ ਇਜ਼ਰਾਇਲ ਨੇ ਲਿਬਨਾਨ 'ਤੇ 2007 ਦੇ ਆਪਣੇ ਹਮਲੇ ਤੋਂ ਕੋਈ ਸਬਕ ਨਹੀਂ ਸਿੱਖਿਆ। ਭਾਰੀ ਹਮਲਿਆ ਵਿੱਚ ਸੈਂਕੜੇ ਲੋਕਾਂ ਦੀ ਹੱਤਿਆ ਅਤੇ ਕਈ ਸ਼ਹਿਰਾਂ ਨੂੰ ਤਬਾਹ ਕਰਨ ਤੋਂ ਬਾਅਦ ਵੀ ਇਜ਼ਰਾਇਲ ਹਿਜਬੁੱਲਾ ਜਥੇਬੰਦੀ ਨੂੰ ਖ਼ਤਮ ਨਹੀਂ ਕਰ ਸਕਿਆ ਸਗੋਂ ਉਹ ਹੋਰ ਮਜ਼ਬੂਤ ਹੋ ਕੇ ਉੱਭਰੀ। ਇਸ ਵਾਰੀ ਵੀ ਅਜਿਹਾ ਹੀ ਹੋ ਸਕਦਾ ਹੈ। ਹਮਾਸ ਇੱਥੋਂ ਦੇ ਲੋਕਾਂ ਵਿੱਚ ਇਸ ਕਦਰ ਘੁਲ-ਮਿਲ ਗਿਆ ਹੈ ਕਿ ਲੋਕਾਂ ਦਾ ਸਫਾਇਆ ਕੀਤੇ ਬਿਨਾਂ ਹਮਾਸ ਨੂੰ ਨਹੀਂ ਮਿਟਾਇਆ ਜਾ ਸਕਦਾ। ਜੇਕਰ ਪਾਗਲਪਨ 'ਤੇ ਉਤਾਰੂ ਇਜ਼ਰਾਇਲੀ ਹਾਕਮ ਜਮਾਤ ਨੇ ਅਜਿਹਾ ਹੀ ਕਰਨ ਦੀ ਜ਼ਿੱਦ ਕੀਤੀ ਅਤੇ ਹਮਾਸ ਦੀਆਂ ਜੜ੍ਹਾਂ ਉਖਾੜਨ ਲਈ ਭਿਆਨਕ ਲੋਕ-ਕਤਲੇਆਮ ਦਾ ਰਾਹ ਅਪਣਾਇਆ ਤਾਂ ਗਾਜ਼ਾ ਪੱਟੀ ਤੋਂ ਉੱਜੜ ਕੇ ਜਿਹੜੀ ਬਹੁਤ ਵੱਡੀ ਅਬਾਦੀ ਦੂਜੇ ਅਰਬ ਦੇਸ਼ਾਂ ਵਿੱਚ ਫੈਲ ਜਾਏਗੀ ਉਹ ਇਜ਼ਰਾਇਲ, ਅਮਰੀਕਾ ਅਤੇ ਇਨ੍ਹਾਂ ਅੱਗੇ ਗੋਡੇ ਟੇਕ ਚੁੱਕੇ ਅਰਬ ਹਾਕਮਾਂ ਪ੍ਰਤੀ ਅਰਬ ਲੋਕਾਂ ਦੀ ਨਫ਼ਰਤ ਦਾ ਵੀ ਫੈਲਾਅ ਕਰੇਗੀ। ਬੇਸ਼ੱਕ, ਆਉਣ ਵਾਲ਼ੇ ਕੁੱਝ ਕੁ ਸਾਲਾਂ ਵਿੱਚ ਤਾਂ ਅਜਿਹਾ ਨਹੀਂ ਹੋਵੇਗਾ, ਪਰ ਪੱਛਮੀ ਏਸ਼ੀਆ ਦੀ ਧਰਤੀ 'ਤੇ ਸਾਮਰਾਜਵਾਦ ਦੀ ਕਬਰ ਪੁੱਟੀ ਜਾਣੀ ਤੈਅ ਹੈ।

● ● ● ● ● ● ● ● ● ● ●

(ਸਫ਼ਾ 21 ਦਾ ਬਾਕੀ)

ਨੂੰ ਜ਼ਿੰਦਗੀ ਦੀ ਭੱਜ-ਦੌੜ ਵਿੱਚੋਂ ਹੀ ਸਦਾ ਲਈ ਬਾਹਰ ਹੋ ਜਾਣਾ ਪੈਂਦਾ ਹੈ ਜਿਵੇਂ ਕਿ ਅਮ੍ਰਿਤਸਰ ਦੀ ਫੌਜੀ ਭਰਤੀ ਦੌਰਾਨ ਮਚੀ ਭਗਦੜ ਵਜੋਂ 20 ਸਾਲਾ ਹਰਜਿੰਦਰ ਸਿੰਘ ਅਤੇ 22 ਸਾਲਾ ਰਣਜੋਧ ਸਿੰਘ ਨਾਲ਼ ਵਾਪਰਿਆਂ।

ਫੌਜੀ ਅਧਿਕਾਰੀਆਂ, ਸਥਾਨਕ ਪ੍ਰਸ਼ਾਸ਼ਨ ਅਤੇ ਸੂਬਾ ਤੇ ਕੇਂਦਰੀ ਸਰਕਾਰਾਂ ਵਾਸਤੇ ਫੌਜੀ ਭਰਤੀਆਂ ਦੌਰਾਨ ਏਨੇ ਵੱਡੇ ਇਕੱਠਾਂ ਦਾ ਹੋਣਾ ਕੋਈ ਅਣਕਿਆਸਾ ਤਾਂ ਨਹੀਂ ਹੁੰਦਾ। ਜੇ ਲੋੜੀਂਦੇ ਪ੍ਰਬੰਧ ਕੀਤੇ ਜਾਣ ਤਾਂ ਅਜਿਹੀਆਂ ਦੁਰਘਟਨਾਵਾਂ ਰੁਕ ਸਕਦੀਆਂ ਹਨ। ਪਰ ਇਸ ਪਾਸੇ ਨੂੰ ਸੋਚਿਆ ਤੱਕ ਨਹੀਂ ਜਾਂਦਾ।

ਅਸਲ ਵਿੱਚ ਜਿਸ ਦੇਸ਼ ਦਾ ਆਰਥਿਕ ਪ੍ਰਬੰਧ ਹੀ ਲੁੱਟ 'ਤੇ ਟਿਕਿਆ ਹੋਵੇ ਉੱਥੇ ਰਾਜਨੀਤਕ ਪ੍ਰਬੰਧ (ਸਮੇਤ ਫੌਜੀ ਪ੍ਰਬੰਧ) ਤੋਂ ਅਸੀਂ ਸਾਡੇ ਭਲੇ ਦੀ ਕੀ ਉਮੀਦ ਕਰ ਸਕਦੇ ਹਾਂ? ਪੂੰਜੀਵਾਦੀ ਰਾਜਨੀਤਕ-ਆਰਥਿਕ ਪ੍ਰਬੰਧ ਵਾਲ਼ੇ ਸਮਾਜ ਵਿੱਚ ਗਰੀਬ ਅਤੇ ਆਮ ਮੱਧ ਵਰਗੀ ਘਰਾਂ ਦੇ ਨੌਜਵਾਨਾਂ ਨਾਲ਼ ਖਿਲਵਾੜ ਕੀਤਾ ਹੀ ਜਾਂਦਾ ਰਹੇਗਾ। ਇਸ ਪ੍ਰਬੰਧ ਵਾਸਤੇ ਇਹ ਨੌਜਵਾਨ ਭੇਡ-ਬੱਕਰੀਆਂ ਤੋਂ ਵੱਧ ਕੁੱਝ ਨਹੀਂ ਹਨ। ਨੌਜਵਾਨਾਂ ਦੀਆਂ ਅਣਮੋਲ ਜ਼ਿੰਦਗੀਆਂ ਨੂੰ ਕੁਚਲਦੇ ਆ ਰਹੇ ਇਸ ਪ੍ਰਬੰਧ ਨੂੰ ਹੀ ਕੁਚਲ ਦਿੱਤਾ ਜਾਣਾ ਚਾਹੀਦਾ ਹੈ। ਇਹ ਜ਼ੁੰਮੇਵਾਰੀ ਸਾਨੂੰ ਆਪਣੇ ਮੋਡਿਆਂ 'ਤੇ ਚੁੱਕਣੀ ਹੀ ਪਵੇਗੀ!

● ● ● ● ● ● ● ● ● ● ●

ਸਾਮਰਾਜੀ ਬਰਬਰਤਾ ਦਾ ਇੱਕ ਦਰਦਨਾਕ ਮੰਜ਼ਰ— ਅਫ਼ਗਾਨਿਸਤਾਨ

● ਡਾ. ਅੰਮ੍ਰਿਤਪਾਲ

ਪਿਛਲੀ ਇੱਕ ਸਦੀ ਦੌਰਾਨ, ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਦੇ ਆਮ ਲੋਕਾਂ ਨੂੰ ਸਾਮਰਾਜੀ ਮੁਲਕਾਂ ਦੀਆਂ ਆਪਸੀ ਲੜਾਈਆਂ ਅਤੇ ਗਰੀਬ ਮੁਲਕਾਂ ਦੀ ਲੁੱਟ-ਖਸੁੱਟ ਲਈ ਲੜਾਈਆਂ ਦੌਰਾਨ ਸਾਮਰਾਜੀ ਮੁਲਕਾਂ ਦੇ, ਖਾਸ ਕਰਕੇ ਅਮਰੀਕੀ ਬੰਬਾਂ ਨੂੰ ਆਪਣੇ ਸਿਰਾਂ 'ਤੇ ਝੱਲਣਾ ਪਿਆ ਹੈ ਅਤੇ ਇਸ ਦੀ ਕੀਮਤ ਆਪਣੀਆਂ ਤੇ ਆਪਣੇ ਸਕੇ-ਸਬੰਧੀਆਂ ਦੀਆਂ ਜਿੰਦਗੀਆਂ ਨਾਲ਼ ਚੁਕਾਉਣੀ ਪਈ ਹੈ। ਇਹ ਭਾਵੇਂ ਜਾਪਾਨ ਦਾ ਹੀਰੋਸ਼ੀਮਾਂ-ਨਾਗਾਸਾਕੀ ਹੋਵੇ, ਚਾਹੇ ਹਿਟਲਰ ਦੁਆਰਾ ਫਰਾਂਸ ਦੀ ਤਬਾਹੀ ਹੋਵੇ, ਚਾਹੇ ਇਤਿਹਾਦੀਆਂ ਦੁਆਰਾ ਜਰਮਨੀ ਦੇ ਸ਼ਹਿਰਾਂ ਦੀ ਕਾਰਪੈਟ ਬੰਬਾਰੀ ਹੋਵੇ, ਜਾਂ ਫਿਰ ਵੀਅਤਨਾਮ ਹੋਵੇ, ਜਾਂ ਲਾਉਸ ਤੇ ਕੰਬੋਡੀਆਂ ਹੋਣ, ਚਾਹੇ ਸਰਬੀਆਂ ਹੋਵੇ ਜਾਂ ਇਰਾਕ ਜਾਂ ਸੋਮਾਲੀਆਂ, ਹਰ ਥਾਂ 'ਤੇ ਲੱਖਾਂ ਲੋਕ ਬੰਬਾਂ ਦੀ ਵਰਖਾ ਵਿੱਚ ਖੂਨ ਦੀਆਂ ਨਦੀਆਂ ਵਿੱਚ ਡੁੱਬ ਗਏ।

ਇਸੇ 'ਜਮਹੂਰੀਅਤ' ਦੀ ਸ਼ਾਨਦਾਰ ਰਵਾਇਤ ਅਨੁਸਾਰ ਸਾਲ 2001 ਤੋਂ ਅੱਜ ਤੱਕ, ਅਫ਼ਗਾਨਿਸਤਾਨ ਦੇ ਆਮ ਗਰੀਬ ਲੋਕਾਂ ਨੂੰ ਅਮਰੀਕੀ-ਨਾਟੋ ਤੇ ਤਾਲਿਬਾਨ ਗੁਰੀਲਿਆਂ ਦੇ ਵਿਚਕਾਰ ਚੱਲ ਰਹੇ ਯੁੱਧ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਜਾਨਾਂ ਗਵਾਉਣੀਆਂ ਪੈ ਰਹੀਆਂ ਹਨ ਜੋ ਅੱਜ ਤੱਕ ਜਾਰੀ ਹਨ। ਆਮ ਲੋਕਾਂ ਦੀ ਮੌਤ ਤਾਂ ਹਰ ਇੱਕ ਲੜਾਈ ਵਿੱਚ ਹੁੰਦੀ ਹੀ ਰਹੀ ਹੈ, ਫਿਰ ਇਸ ਅਫ਼ਗਾਨਿਸਤਾਨ ਯੁੱਧ ਵਿੱਚ ਕੀ ਖਾਸ ਗੱਲ ਹੈ ?

ਇਹ ਖਾਸ ਗੱਲ ਇਹ ਹੈ ਕਿ ਇਸ ਜੰਗ ਦੌਰਾਨ ਮੌਤਾਂ ਵਿੱਚ ਅੱਧੇ ਤੋਂ ਵੱਧ ਆਸਮਾਨ ਵਿੱਚੋਂ ਡਿੱਗਣ ਵਾਲੇ ਅਮਰੀਕੀ-ਨਾਟੋ ਬੰਬਾਂ ਦੇ ਗੈਰ-ਫੌਜੀ ਇਲਾਕਿਆਂ 'ਤੇ ਮਾਰ ਕਰਨ ਨਾਲ਼ ਹੋ ਰਹੀਆਂ ਹਨ। ਇਹ ਪ੍ਰਤੀਸ਼ਤ ਹੁਣ ਤੱਕ ਕਿਸੇ ਵੀ ਲੜਾਈ ਨਾਲੋਂ ਕਿਤੇ ਜਿਆਦਾ ਹੈ ਹਾਲਾਂਕਿ ਬੰਬਾਂ ਨੂੰ ਪੂਰੀ ਸਟੀਕਤਾ ਨਾਲ਼ ਨਿਸ਼ਾਨੇ 'ਤੇ ਸੁੱਟਣ ਦੀ ਤਕਨੀਕ ਵਿੱਚ ਬਹੁਤ ਵਿਕਾਸ ਹੋ ਚੁੱਕਾ ਹੈ। ਪਰ ਫਿਰ ਵੀ ਏਨੀ ਵੱਡੀ ਗਿਣਤੀ ਵਿੱਚ ਆਮ ਲੋਕਾਂ ਦੀ ਮੌਤ ਹੋਣੀ ਸਿੱਧਾ-ਸਿੱਧਾ ਅਫ਼ਗਾਨ ਲੋਕਾਂ ਦੀ ਜਾਨ ਦੀ ਕੀਮਤ ਹੀ ਨਾ ਸਮਝਣਾ ਹੈ, ਕਿਉਂਕਿ ਅਫ਼ਗਾਨ ਲੋਕਾਂ ਲਈ ਕੋਈ ਵੀ ਬੋਲਣ ਵਾਲਾ ਨਹੀਂ ਹੈ ਤੇ ਉਨ੍ਹਾਂ ਦੀ ਜਾਨ 'ਗੋਰੀ ਚਮੜੀ' ਜਿੰਨੀ ਕੀਮਤੀ ਨਹੀਂ ਹੈ। ਇਸ ਲਈ ਕਿਸੇ ਵੀ ਹਵਾਈ ਹਮਲੇ ਸਮੇਂ ਆਮ ਲੋਕਾਂ ਦੀਆਂ ਹੋਣ ਵਾਲੀਆਂ ਸੰਭਾਵਿਤ ਮੌਤਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਬੰਬਾਰੀ ਕੀਤੀ ਜਾਂਦੀ ਹੈ ਜਾਂ ਫਿਰ ਸੋਚੀ-ਵਿਚਾਰੀ ਯੁੱਧਨੀਤੀ ਅਨੁਸਾਰ, ਦੋਨਾਂ ਹੀ ਹਾਲਤਾਂ ਵਿੱਚ ਮਨੁੱਖਤਾ ਦਾ ਘਾਣ ਇੱਕ ਨਾ ਮਾਫੀਯੋਗ ਅਪਰਾਧ ਹੈ। ਅੱਗੇ ਅਸੀਂ ਇਹ ਵੀ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਦੋ ਕਾਰਨਾਂ ਵਿੱਚੋਂ ਕਿਹੜਾ ਮੁੱਖ ਕਾਰਨ ਹੈ।

ਅਮਰੀਕੀ ਬੰਬਾਰ ਜਹਾਜਾਂ ਦੁਆਰਾ ਕਿਸ ਤਰ੍ਹਾਂ ਤਬਾਹੀ ਮਚਾਈ ਜਾਂਦੀ ਹੈ, ਇਸ ਦੀਆਂ ਕੁਝ ਪ੍ਰਤਿਨਿਧ ਘਟਨਾਵਾਂ ਦੀ ਵੀ ਚਰਚਾ ਕਰਨੀ ਬਣਦੀ ਹੈ।

6 ਜੁਲਾਈ 2008 ਨੂੰ ਅਫਗਾਨਿਸਤਾਨ ਦੇ ਇੱਕ ਪਿੰਡ 'ਖੇਤਾਈ' ਦੇ ਨਜਦੀਕ ਵਿਆਹ ਦੀਆਂ ਰਸਮਾਂ ਲਈ ਇਕੱਠੇ ਹੋਏ ਪਰਿਵਾਰਾਂ 'ਤੇ ਬੰਬਾਰੀ ਨਾਲ਼ 42 ਲੋਕਾਂ ਦੀ ਮੌਤ ਹੋ ਗਈ। ਲਾੜੇ ਦੇ ਪਿਤਾ ਅਨੁਸਾਰ, "ਮੈਂ ਚਾਰੇ ਪਾਸੇ ਖਿਲਰੀਆਂ ਲਾਸ਼ਾਂ ਦੇ ਟੁਕੜੇ ਦੇਖ ਰਿਹਾ ਸੀ। ਕਿਸੇ ਦੀ ਵੀ ਕੋਈ ਪਛਾਣ ਨਹੀਂ ਆ ਰਹੀ ਸੀ, ਬੱਸ ਚਾਰੇ ਪਾਸੇ ਮਨੁੱਖੀ ਮਾਸ ਖਿਲਰਿਆ ਪਿਆ ਸੀ।" *(ਅਲਸਟਿਰ ਲੀਬੈਂਡ ਦੀ ਰਿਪੋਰਟ, ਬੀ. ਬੀ. ਸੀ., 13 ਜੁਲਾਈ 2008)*

ਇਸੇ ਤਰ੍ਹਾਂ ਸਰਵਨ ਕਾਲਾ ਨਾਂ ਦੇ ਪਿੰਡ, ਜੋ ਕਿ ਬ੍ਰਿਟਿਸ਼ ਫੌਜਾਂ ਦੀ ਕਮਾਨ ਹੇਠ ਹੈ, ਵਿੱਚ ਨਾਟੋ ਦੀਆਂ ਫੌਜਾਂ ਦੀ ਕਿਸੇ ਇਤਲਾਹ ਤੋਂ ਬਿਨਾਂ ਅਮਰੀਕੀ ਬੰਬਾਰਾਂ ਨੇ ਤਿੰਨ ਘਰਾਂ 'ਤੇ ਬੰਬ ਸੁੱਟ ਕੇ 21 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ (ਕੁਝ ਰਿਪੋਰਟਾਂ ਅਨੁਸਾਰ ਇਹ ਗਿਣਤੀ 56 ਹੈ)। ਮਰਨ ਵਾਲਿਆਂ ਵਿੱਚ 8 ਸਾਲ ਦੇ ਬੱਚਿਆ ਤੋਂ ਲੈ ਕੇ 80 ਸਾਲ ਦੇ ਬਜੁਰਗ ਸ਼ਾਮਿਲ ਸਨ।

31 ਮਈ 2007ਨੂੰ ਸਿਨਡਾਂਡ ਨਾਂ ਦੇ ਪਿੰਡ ਵਿੱਚ ਅਮਰੀਕੀ ਬੰਬਾਰੀ ਕਾਰਨ 57 ਆਮ ਨਾਗਰਿਕਾਂ ਦੀ ਮੌਤ ਹੋ ਗਈ ਅਤੇ 100 ਘਰ ਤਬਾਹ ਹੋ ਗਏ। ਮਰਨ ਵਾਲਿਆ ਵਿੱਚ ਅੱਧਿਉਂ ਵੱਧ ਗਿਣਤੀ ਔਰਤਾਂ ਤੇ ਬੱਚਿਆਂ ਦੀ ਸੀ।

ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ, ਜਿਨ੍ਹਾਂ ਵਿੱਚ ਅਨੇਕਾਂ ਹੀ ਆਮ ਨਾਗਰਿਕਾਂ ਦੀ ਮੌਤ ਹੋਈ ਅਤੇ ਬਹੁਤ ਸਾਰੇ ਜਖ਼ਮੀ ਹੋਏ। ਬੰਬਾਰੀ ਦੀਆਂ ਘਟਨਾਵਾਂ ਤੋਂ ਬਿਨਾਂ ਜਮੀਨੀ ਫੌਜਾਂ ਵੱਲੋਂ ਵੀ ਕਈ ਥਾਂਈਂ ਕੀਤੀ ਫਾਇਰਿੰਗ ਕਾਰਨ ਸੈਂਕੜੇ ਲੋਕਾਂ ਦੀ ਮੌਤ ਹੋਈ ਹੈ। ਹੁਣ ਅਸੀਂ ਇਸ ਬਰਬਰਤਾ ਦੇ ਕਾਰਨਾਂ ਦੀ ਘੋਖ ਪੜਤਾਲ ਕਰਾਂਗੇ।

ਇੱਕ ਗੱਲ ਸਾਫ਼ ਹੋਣੀ ਚਾਹੀਦੀ ਹੈ ਕਿ ਬੰਬਾਰੀ ਦੌਰਾਨ ਅਫ਼ਗਾਨ ਆਮ ਲੋਕਾਂ ਦੀ ਮੌਤ ਕਿਸੇ ਹਾਦਸੇ ਜਾਂ ਗਲਤੀ ਦਾ ਸਿੱਟਾ ਨਹੀਂ ਸਗੋਂ ਇਹ ਅਮਰੀਕੀ ਕਮਾਂਡਰਾਂ ਦੀ ਸੋਚ-ਸਮਝ ਕੇ ਬਣਾਈ ਯੁੱਧਨੀਤੀ ਦਾ ਸਿੱਟਾ ਹਨ ਜੋ ਬੇਗੁਨਾਹ ਲੋਕਾਂ ਦੀਆਂ ਸੰਭਾਵੀ ਮੌਤਾਂ ਦੀ ਵੱਡੀ ਗਿਣਤੀ ਬਾਰੇ ਪਤਾ ਹੁੰਦੇ ਹੋਏ ਵੀ ਹਵਾਈ ਹਮਲੇ ਤੋਂ ਹੋਣ ਵਾਲੇ ਯੁੱਧਨੀਤਕ ਫਾਇਦੇ ਦੇ ਹਿਸਾਬ ਬਣਾਈ ਜਾਂਦੀ ਹੈ।

ਸਾਰਣੀ 1 ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਅਕਤੂਬਰ-ਦਸੰਬਰ 2001 ਦੇ ਆਰੰਭਿਕ ਹਮਲੇ ਤੋਂ ਬਾਅਦ ਅਮਰੀਕੀ-ਨਾਟੋ ਫੌਜਾਂ ਹੱਥੋਂ ਹੋਣ ਵਾਲੀਆਂ ਆਮ ਲੋਕਾਂ ਦੀਆਂ ਮੌਤਾਂ ਦੀ ਗਿਣਤੀ ਵਿੱਚ 2006 ਤੋਂ ਬਾਅਦ ਕਾਫੀ ਵਾਧਾ ਹੋਇਆ ਹੈ।

ਇਸੇ ਤਰ੍ਹਾਂ ਕੋਈ ਹਵਾਈ ਹਮਲਾ ਆਮ ਨਾਗਰਿਕਾਂ ਲਈ ਕਿੰਨਾ ਘਾਤਕ ਹੈ, ਇਸ ਨੂੰ ਦਰਸਾਉਣ ਲਈ ਪ੍ਰਤੀ 100 ਟਨ ਬੰਬਾਂ ਪਿੱਛੇ ਹੋਣ ਵਾਲੀਆਂ ਆਮ ਨਾਗਰਿਕਾਂ ਦੀਆਂ ਮੌਤਾਂ ਦੇ ਅਨੁਪਾਤ ਦੀ ਵਰਤੋਂ ਕੀਤੀ ਜਾਂਦੀ ਹੈ। ਸਾਰਣੀ-2 ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ 2006 ਤੋਂ ਬਾਅਦ ਅਫ਼ਗਾਨਿਸਤਾਨ ਵਿੱਚ ਹੋਈ ਅਮਰੀਕੀ-ਨਾਟੋ ਬੰਬਾਰੀ ਹੁਣ ਤੱਕ ਦੀ ਸਭ ਤੋਂ

ਸਾਰਣੀ 1

ਅਮਰੀਕੀ-ਨਾਟੋ ਫੋਜਾਂ ਦੁਆਰਾ ਮਾਰੇ ਗਏ ਆਮ ਲੋਕਾਂ ਦੀ ਗਿਣਤੀ	
2001 (7 ਅਕਤੂਬਰ-10 ਦਿਸੰਬਰ)	2,256-2,949
2005	408-478
2006	653-769
2007	1,010-1297
2008(1 ਜਨਵਰੀ-31 ਅਗਸਤ)	573-674
2008(1-19 ਸਿਤੰਬਰ)	55

ਭਿਅੰਕਰ ਹੈ।

ਜਿਵੇਂ ਕਿ ਪਹਿਲਾਂ ਹੀ ਦੱਸਿਆ ਗਿਆ ਹੈ ਕਿ ਆਮ ਨਾਗਰਿਕਾਂ ਦੀਆਂ ਇੰਨੀਆਂ ਜਿਆਦਾ ਮੌਤਾਂ ਕਿਸੇ ਦੁਰਘਟਨਾ ਜਾਂ ਗਲਤੀ ਨਾਲ਼ ਨਹੀਂ ਹੋ ਰਹੀਆਂ ਸਗੋਂ ਪੂਰੀ ਸੋਚੀ ਸਮਝੀ ਰਣਨੀਤੀ ਤਹਿਤ ਅਤੇ ਅਮਰੀਕੀ-ਨਾਟੋ ਮਿਲਟਰੀ ਕਮਾਂਡਰਾਂ ਦੀ ਜਾਣਕਾਰੀ ਅਧੀਨ ਹੋ ਰਹੀ ਹੈ। ਅਮਰੀਕੀ-ਨਾਟੋ ਫੌਜ਼ ਕਿਸੇ ਵੀ ਤਰ੍ਹਾਂ ਆਪਣੇ ਫੌਜੀਆਂ ਦਾ ਨੁਕਸਾਨ ਨਹੀਂ ਹੋਣ ਦੇਣਾ ਚਾਹੁੰਦੀ, ਬਾਅਦ ਤਾਲਿਬਾਨ ਦੇ ਗੁਰੀਲਿਆਂ ਦੀ ਤਾਕਤ ਵਿੱਚ ਭਾਰੀ ਵਾਧਾ ਹੋਇਆ ਤੇ ਹੁਣ ਤੱਕ ਕਾਫੀ ਵੱਡਾ ਇਲਾਕਾ ਤਾਲਿਬਾਨ ਨੇ ਆਪਣੇ ਕੰਟਰੋਲ ਹੇਠ ਕਰ ਲਿਆ ਹੈ। ਕਿਉਂਕਿ ਅਮਰੀਕੀ-ਨਾਟੋ ਦੇ ਅਫ਼ਗਾਨ ਲੋਕਾਂ ਦੀਆਂ ਜਿੰਦਗੀਆਂ ਪ੍ਰਤੀ ਰੁੱਖੇ ਵਿਹਾਰ ਨੇ ਆਮ ਲੋਕਾਂ ਵਿੱਚੋਂ ਕਿਸੇ ਵੀ ਕਿਸਮ ਦੀ ਸਹਿਯੋਗ ਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ ਹੈ, ਇਸ ਲਈ ਹੁਣ ਸਾਮਰਾਜੀ ਜਿਆਦਾ ਤੋਂ ਜਿਆਦਾ ਦਹਿਸ਼ਤ ਫੈਲਾਉਣ ਵਾਲ਼ੇ ਢੰਗਾਂ ਦਾ ਇਸਤੇਮਾਲ ਕਰ ਰਹੇ ਹਨ। ਇਹ ਸਾਮਰਾਜੀ ਜਬਰ ਲੋਕਾਂ ਨੂੰ ਘੋਰ ਪਿਛਾਖੜੀ ਤਾਲਿਬਾਨ ਵੱਲ ਧੱਕ ਰਿਹਾ ਹੈ, ਕਿਉਂਕਿ ਲੋਕਾਂ ਸਾਹਮਣੇ ਹੋਰ ਕੋਈ ਬਦਲ ਹੀ ਨਹੀਂ ਹੈ। ਇਸ ਲਈ ਅਮਰੀਕਾ ਅਤੇ ਉਸਦੇ ਜੋਟੀਦਾਰ ਅਫਗਾਨ ਲੋਕਾਂ ਦੀ ਨਸਲਕੁਸ਼ੀ ਕਰ ਰਹੇ ਹਨ, ਤਾਂ ਕਿ ਤਾਲਿਬਾਨ ਦੇ ਹਿਮਾਇਤੀ ਅਧਾਰ ਨੂੰ ਖ਼ਤਮ ਕੀਤਾ ਜਾ ਸਕੇ।

ਬੰਬਾਰ ਜਹਾਜਾਂ ਦੀ ਮੁਕਾਬਲਤਨ ਜਿਆਦਾ ਵਰਤੋਂ ਕਾਰਨ ਅਮਰੀਕੀ-ਨਾਟੋ ਜ਼ਮੀਨੀ ਫੌਜ ਦੀ ਲੋੜ ਨਾਲੋਂ ਕਿਤੇ ਘੱਟ ਗਿਣਤੀ ਵੀ ਹੈ। ਇਸ ਵੇਲੇ 70,000 ਅਮਰੀਕੀ-ਨਾਟੋ ਤੇ 62,000 ਅਫ਼ਗਾਨੀ ਨੈਸ਼ਨਲ ਆਰਮੀ ਦੇ ਫੌਜੀ ਮੋਰਚੇ 'ਤੇ ਹਨ। ਅਫਗਾਨਿਸਤਾਨ ਮੇਜਰ ਜਨਰਲ, ਜਿਮ ਮੋਲਨ ਅਨੁਸਾਰ ਅਫਗਾਨਿਸਤਾਨ ਨੂੰ ਜਿੱਤਣ ਲਈ ਘੱਟੋ-ਘੱਟ 5,00,000

ਸਾਰਣੀ 2 ਪ੍ਰਤੀ 100 ਟਨ ਪਿੱਛੇ ਮਾਰੇ ਜਾਣ ਵਾਲ਼ੇ ਗੈਰ-ਫ਼ੌਜੀ ਨਾਗਰਿਕਾਂ ਦੀ ਗਿਣਤੀ

	ਕੁੱਲ ਬੰਬਾਂ ਦੀ ਮਾਤਰਾ (ਟਨਾਂ ਵਿੱਚ)	ਮਾਰੇ ਗਏ ਲੋਕਾਂ ਦੀ ਗਿਣਤੀ	ਮੌਤਾਂ ਦੀ ਗਿਣਤੀ ਪ੍ਰਤੀ 100 ਟਨ
ਉੱਤਰੀ ਵੀਅਤਨਾਮ (ਰੋਲਿੰਗ ਥੰਡਰ) 1964-67	6,00,000	52,000	8.7
ਉੱਤਰੀ ਵੀਅਤਨਾਮ (ਲਾਈਨਬੈਕਰ-2) 1972	15,287	1,318	8.6
ਲਾਉਸ ,1965-83)	24,00,000	3.5-5.0 ਲੱਖ	14.6-20.8
ਕੰਬੋਡੀਆ, 1969-73	27,56,941	2.75-8.26 ਲੱਖ	11.5-34.4
ਇਰਾਕ ਖਾੜੀ ਯੁੱਧ, 1991	60,624	2,278	3.8
ਯੂਗੋਸਲਾਵੀਆ, 1999	13,000	1,200	9.2
ਅਫ਼ਗਾਨੀਸਤਾਨ, 2006	261	653-769	250-295

ਇਸ ਲਈ ਅਮਰੀਕੀ-ਨਾਟੋ ਬੰਬਾਰ ਜਿਆਦਾ ਉਚਾਈ ਤੋਂ ਬੰਬ ਸੁੱਟਦੇ ਹਨ ਜਿਸ ਕਾਰਨ ਬੰਬ ਦਾ ਨਿਸ਼ਾਨੇ ਤੋਂ ਦੂਰ ਡਿੱਗਣਾ ਆਮ ਨਾਲੋਂ ਕਿਤੇ ਜ਼ਿਆਦਾ ਸੰਭਵ ਹੁੰਦਾ ਹੈ। ਇਸੇ ਤਰ੍ਹਾਂ ਜਮੀਨੀ ਫੌਜਾਂ ਦਾ ਘੱਟ ਤੋਂ ਘੱਟ ਨੁਕਸਾਨ ਹੋਣ ਦੇਣ ਲਈ ਅਮਰੀਕੀ-ਨਾਟੋ ਫੌਜ ਬੰਬਾਰ ਜਹਾਜਾਂ ਤੋਂ ਜਿਆਦਾ ਕੰਮ ਲੈ ਰਹੀ ਹੈ ਤੇ ਖਾਸ ਕਰਕੇ ਅੱਧੀ ਰਾਤ ਤੋਂ ਬਾਅਦ ਬੰਬਾਰੀ ਕੀਤੀ ਜਾਂਦੀ ਹੈ। ਇਸ ਲਈ ਆਪਣੇ 'ਗੋਰੀ ਚਮੜੀ' ਵਾਲ਼ੇ ਕੁਝ ਫੌਜੀ ਨਾਗਰਿਕਾਂ ਦੀ ਜਾਨ ਖਤਰੇ 'ਚ ਪਾਉਣ ਨਾਲੋਂ ਅਮਰੀਕੀ-ਨਾਟੋ ਮਿਲਟਰੀ ਕਮਾਂਡਰ ਆਮ ਅਫਗਾਨ ਲੋਕਾਂ ਦੀ ਮੌਤ ਨੂੰ ਜਿਆਦਾ ਬਿਹਤਰ ਸਮਝਦੇ ਹਨ।

ਇਸੇ ਤਰ੍ਹਾਂ 2006 ਤੋਂ ਬਾਅਦ ਬੰਬਾਰੀ ਕਾਰਨ ਹੋ ਰਹੀਆਂ ਆਮ ਨਾਗਰਿਕਾਂ ਦੀਆਂ ਮੌਤਾਂ ਦੀ ਗਿਣਤੀ 'ਚ ਭਾਰੀ ਵਾਧਾ ਵੀ ਸਾਮਰਾਜੀ ਯੁੱਧਨੀਤੀ ਦਾ ਸਿੱਟਾ ਹਨ। 2006 ਤੋਂ

ਫੌਜ ਚਾਹੀਦੀ ਹੈ। ਇਸੇ ਤਰ੍ਹਾਂ ਅਹੁਦਾ ਛੱਡ ਰਹੇ ਨਾਟੋ ਕਮਾਂਡਰ ਨੇ ਵੀ 4,00,000 ਫੌਜੀਆਂ ਦੀ ਜ਼ਰੂਰਤ ਦੱਸੀ ਹੈ। ਇੰਨੀ ਵੱਡੀ ਗਿਣਤੀ ਵਿੱਚ ਫੌਜੀ ਭੇਜਣਾ ਅਮਰੀਕਾ ਤੇ ਕਿਸੇ ਵੀ ਨਾਟੋ ਦੇਸ਼ ਲਈ ਸੰਭਵ ਨਹੀਂ ਹੈ ਅਤੇ ਉਤੋਂ ਆਰਥਿਕ ਸੰਕਟ ਦੇ ਝੰਜੋੜੇ ਪੱਛਮੀ ਮੁਲਕਾਂ ਤੇ ਅਮਰੀਕਾ ਲਈ ਇੰਨਾ ਖਰਚਾ ਚੁੱਕਣਾ ਵੀ ਅਸੰਭਵ ਹੈ। ਸੋ ਅਮਰੀਕੀ-ਨਾਟੋ ਫੌਜਾਂ ਛੋਟੇ ਤੋਂ ਛੋਟੇ ਨਿਸ਼ਾਨੇ ਲਈ ਵੀ ਹਵਾਈ ਹਮਲੇ ਦੀ ਵਰਤੋਂ ਕਰਦੀਆਂ ਹਨ।

ਆਮ ਨਾਗਰਿਕਾਂ ਦੀਆਂ ਵਧ ਰਹੀਆਂ ਮੌਤਾਂ ਦੀ ਗਿਣਤੀ ਨੂੰ ਲੁਕਾਉਣ ਲਈ ਅਮਰੀਕਾ-ਨਾਟੋ ਦੇਸ਼ ਬਹੁਤ ਸਾਰੇ ਕੋਝੇ ਤਰੀਕੇ ਅਪਣਾਉਂਦੇ ਹਨ। ਜਿਵੇਂ ਕਿ-

-ਇੱਕ ਪਾਸੜ ਮੀਡੀਆ ਰਿਪੋਰਟਿੰਗ। ਪੱਛਮੀ ਮੀਡੀਆ ਅਮਰੀਕੀ ਫੌਜੀਆਂ ਜਾਂ ਤਾਲਿਬਾਨ ਗੁਰੀਲਿਆਂ ਦੀ ਮੌਤ ਦੀਆਂ ਖਬਰਾਂ ਨੂੰ ਵਧਾਅ ਚੜ੍ਹਾ ਕੇ ਸੁਰਖੀਆਂ ਵਿੱਚ

ਰੱਖਦਾ ਹੈ ਪਰ ਬੰਬਾਰੀ ਕਾਰਨ ਹੋਣ ਵਾਲੀਆਂ ਆਮ ਨਾਗਰਿਕਾਂ ਦੀਆਂ ਮੌਤਾਂ ਨੂੰ ਕੋਈ ਅਹਿਮੀਅਤ ਨਹੀਂ ਦਿੰਦਾ।

-ਆਜ਼ਾਦ ਤੌਰ 'ਤੇ ਕੰਮ ਕਰ ਰਹੇ ਪੱਤਰਕਾਰਾਂ ਨੂੰ ਹਰ ਤਰੀਕੇ ਨਾਲ਼ ਕੋਈ ਵੀ ਸੱਚਾਈ ਨੂੰ ਸਾਹਮਣੇ ਲਿਆਉਣ ਵਾਲੀ ਖ਼ਬਰ ਨਸ਼ਰ ਕਰਨ ਤੋਂ ਰੋਕਿਆ ਜਾਂਦਾ ਹੈ। ਹਰ ਤਰੀਕੇ ਵਿੱਚ ਕੈਮਰੇ ਤੋੜਨ ਤੋਂ ਲੈਕੇ, ਜਾਨੋਂ ਮਾਰਨ ਦੀ ਧਮਕੀ ਅਤੇ ਬਾਗਰਮ ਦੀ ਜੇਲ੍ਹ ਵਿੱਚ ਲੰਮੇ ਸਮੇਂ ਲਈ ਬੰਦ ਰੱਖਣਾ ਸ਼ਾਮਲ ਹੈ।

-ਨਾਗਰਿਕਾਂ ਦੀਆਂ ਮੌਤਾਂ ਨੂੰ ਤਾਲਿਬਾਨ ਗੁਰੀਲਿਆਂ ਦੀ ਮੌਤ ਵਜੋਂ ਪੇਸ਼ ਕੀਤਾ ਜਾਂਦਾ ਹੈ।

-ਬਹੁਤ ਵਾਰੀ ਇਸ ਤਰ੍ਹਾਂ ਦੀ ਕਿਸੇ ਵੀ ਕਿਸਮ ਦੀ ਘਟਨਾ ਤੋਂ ਸਾਫ਼ ਇਨਕਾਰ ਕੀਤਾ ਜਾਂਦਾ ਹੈ ਪਰ ਬਾਅਦ ਵਿੱਚ ਸੱਚਾਈ ਦੇ ਸਾਹਮਣੇ ਆਉਣ ਨਾਲ਼ ਅੱਧੀ-ਪਚੱਧੀ ਸੱਚਾਈ ਮੰਨ ਲਈ ਜਾਂਦੀ ਹੈ ਅਤੇ ਗਲਤੀ ਮੰਨਣ ਅਤੇ ਅੱਗੇ ਤੋਂ ਵਧੇਰੇ ਸਾਵਧਾਨ ਰਹਿਣ ਦਾ ਪਾਖੰਡ ਕੀਤਾ ਜਾਂਦਾ ਹੈ।

ਅਫ਼ਗਾਨ ਨਾਗਰਿਕਾਂ ਦੀ ਜਿੰਦਗੀ ਦੀ ਅਮਰੀਕੀ-ਨਾਟੋ ਦੀਆਂ ਫੌਜਾਂ ਲਈ ਕਿੰਨੀ ਕੁ ਕੀਮਤ ਹੈ, ਇਸ ਦੀ ਪੁਸ਼ਟੀ ਇੱਕ ਹੋਰ ਤੱਥ ਤੋਂ ਵੀ ਹੁੰਦੀ ਹੈ। ਜੁਲਾਈ 2002 ਵਿੱਚ ਅਲਾਸਕਾ ਵਿੱਚ ਇੱਕ ਅਮਰੀਕੀ ਤੇਲ ਕੰਪਨੀ ਦੇ ਟੈਂਕਰ ਵਿੱਚੋਂ ਸਮੁੰਦਰ ਵਿੱਚ ਤੇਲ ਲੀਕ ਹੋਣ ਕਾਰਨ ਲੱਗਭਗ 222 ਸਮੁੰਦਰੀ ਊਦਬਿਲਾਓ ਨੂੰ ਬਚਾਉਣ ਲਈ ਅਮਰੀਕੀ ਸਰਕਾਰ ਨੇ ਪ੍ਰਤੀ ਊਦਬਿਲਾਓ 80,000 ਡਾਲਰ ਤੋਂ ਵੀ ਵੱਧ ਖਰਚ ਕੀਤੇ, ਪਰ ਉਹੀ ਸਰਕਾਰ ਅਫਗਾਨ ਲੋਕਾਂ ਦੀ ਜਿੰਦਗੀ ਦੀ ਕੀਮਤ ਕੀ ਪਾ ਰਹੀ ਹੈ- 2000 ਡਾਲਰ ਪ੍ਰਤੀ ਵਿਅਕਤੀ, ਕਿਉਂਕਿ ਇਹ ਲੋਕ ਅੱਤ ਦੀ ਗਰੀਬੀ ਵਿੱਚ ਰਹਿੰਦੇ ਹਨ ਤੇ ਉਨ੍ਹਾਂ ਦੀ ਜਿੰਦਗੀ ਭਰ ਦੀ ਕਮਾਈ ਪੱਛਮੀ ਮੁਲਕਾਂ ਵਿੱਚ ਜਾਂ ਕੋਰੀਆ ਜਿਹੇ ਮੁਲਕਾਂ 'ਚ ਰਹਿਣ ਵਾਲ਼ਿਆਂ ਨਾਲੋਂ ਕੀਤੇ ਘੱਟ ਹੈ।

ਅੰਤ ਵਿੱਚ ਪੱਛਮੀ ਮੁਲਕਾਂ ਦੁਆਰਾ ਅਫਗਾਨਿਸਤਾਨ ਦੇ ਵਿਕਾਸ ਦੇ ਕੀਤੇ ਜਾਂਦੇ ਪਾਖੰਡ ਬਾਰੇ ਦੱਸ ਦਿੱਤਾ ਜਾਵੇ। ਸੈਨਲਿਸ਼ ਕੌਂਸਲ ਦੁਆਰਾ ਪੇਸ਼ ਕੀਤੀ ਰਿਪੋਰਟ ਅਨੁਸਾਰ 2002-06 ਦੌਰਾਨ ਅਮਰੀਕਾ ਦਾ ਫੌਜੀ ਖਰਚਾ 82.5 ਬਿਲੀਅਨ ਡਾਲਰ ਰਿਹਾ ਹੈ, ਜਦਕਿ ਵਿਕਾਸ ਲਈ ਸਿਰਫ 7.5 ਬਿਲੀਅਨ ਡਾਲਰ ਦੀ ਸਹਾਇਤਾ ਦਿੱਤੀ ਗਈ ਹੈ, ਉਸ ਵਿੱਚੋਂ ਵੀ ਜਿਆਦਾ ਦੀ ਵਰਤੋਂ ਯੁੱਧਨੀਤਕ ਮਹੱਤਵ ਵਾਲੇ ਹਾਈਵੇ ਬਣਾਉਣ 'ਤੇ ਖਰਚ ਕੀਤੇ ਗਏ, ਭਾਵ ਕਿ ਫੌਜੀ ਖਰਚੇ ਅਤੇ ਵਿਕਾਸ ਖਰਚੇ ਦਾ ਅਨੁਪਾਤ 10:1 ਤੋਂ ਵੀ ਵੱਧ ਹੈ। ਇਸੇ ਤਰ੍ਹਾਂ ਅਫਗਾਨਿਸਤਾਨ ਵਿੱਚ ਕੰਮ ਕਰਦੀਆਂ ਏਜੰਸੀਆਂ ਦੀ ਸਾਂਝੀ ਰਿਪੋਰਟ (ACBAR) ਅਨੁਸਾਰ ਵੀ ਹਰ ਰੋਜ 100 ਮਿਲੀਅਨ ਡਾਲਰ ਦਾ ਮਿਲਟਰੀ ਖਰਚਾ ਹੈ ਜਦੋਂ ਕਿ ਸਭ ਸਹਾਇਤਾ ਏਜੰਸੀਆਂ ਨੂੰ ਮਿਲਾ ਕੇ ਸਿਰਫ 7 ਮਿਲੀਅਨ ਡਾਲਰ ਪ੍ਰਤੀ ਦਿਨ ਖਰਚ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਸਾਫ ਹੈ ਕਿ ਸਾਮਰਾਜੀ ਆਪਣੇ ਫਾਇਦੇ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ ਅਤੇ ਕਿਸੇ ਵੀ ਹੱਦ ਤੱਕ ਜਾਂਦੇ ਰਹਿਣਗੇ ਜਦੋਂ ਤੱਕ ਲੋਕ ਲਹਿਰਾਂ ਇਨ੍ਹਾਂ ਨੂੰ ਇਤਿਹਾਸ ਦੇ ਕੂੜੇਦਾਨ ਵਿੱਚ ਨਹੀਂ ਸੁੱਟ ਦਿੰਦੀਆਂ ਅਤੇ ਇਹੀ ਮਾਨਵਤਾ ਦਾ ਇੱਕੋ-ਇੱਕ ਭਵਿੱਖ ਹੈ।

22 ਵੇਂ ਸ਼ਹਾਦਤ ਦਿਵਸ (23 ਮਾਰਚ, 2009) 'ਤੇ ਵਿਸ਼ੇਸ਼



ਸਲਾਮ

ਮੈਂ ਸਲਾਮ ਕਰਦਾ ਹਾਂ
ਆਦਮੀ ਦੇ
ਮਿਹਨਤ ਵਿੱਚ ਲੱਗੇ ਰਹਿਣ ਨੂੰ
ਮੈਂ ਸਲਾਮ ਕਰਦਾ ਹਾਂ
ਆਉਣ ਵਾਲੇ ਖੁਸ਼ਗਵਾਰ ਮੌਸਮ ਨੂੰ
ਮੁਸੀਬਤਾਂ ਨਾਲ਼ ਪਾਲ਼ੇ ਗਏ ਪਿਆਰ
ਜਦ ਸਫਲ ਹੋਣਗੇ
ਬੀਤੇ ਵੇਲਿਆਂ ਦਾ ਵਗਿਆ ਹੋਇਆ ਲਹੂ
ਜ਼ਿੰਦਗੀ ਦੀ ਧਰਤੀ ਤੋਂ ਚੁੱਕ ਕੇ
ਮੱਥਿਆਂ 'ਤੇ ਲਾਇਆ ਜਾਏਗਾ।

—ਅਵਤਾਰ ਪਾਸ਼

(ਸਫ਼ਾ 32 ਦਾ ਬਾਕੀ)

ਦਾ ਸਿਧਾਂਤ ਕਟਹਿਰੇ ਵਿੱਚ ਖੜ੍ਹਾ ਹੋ ਗਿਆ ਹੈ। ਇਸਦੇ ਵੱਡੇ ਝੂਠ ਤੱਥਾਂ ਦੁਆਰਾ ਦੋ ਪੱਧਰਾਂ 'ਤੇ ਬੇਨਕਾਬ ਹੋਏ ਹਨ। ਸ਼ਿਕਾਗੋ ਸਕੂਲ ਦੇ ਅਨੁਆਈਆਂ ਦਾ ਇਹ ਕਥਨ ਕਿ ਅਮੀਰਾਂ ਦੀ ਮਦਦ ਨਾਲ਼ ਗਰੀਬਾਂ ਦਾ ਭਲਾ ਹੋਵੇਗਾ, ਨਾ ਸਿਰਫ ਬੇਨਕਾਬ ਹੋ ਗਿਆ ਹੈ ਸਗੋਂ ਇਹ ਵੀ ਸਾਫ ਹੋ ਗਿਆ ਹੈ ਕਿ ਬਾਜ਼ਾਰ ਕੱਟੜਤਾ ਨਾ ਕੇਵਲ ਗਰੀਬਾਂ ਅਤੇ ਕਮਜ਼ੋਰਾਂ ਨੂੰ ਬਰਬਾਦ ਕਰਦੀ ਹੈ, ਸਗੋਂ ਦੂਜੀ ਤਰਾਂ ਦੇ ਅਮੀਰਾਂ ਨੂੰ ਵੀ ਨਹੀਂ ਬਖ਼ਸ਼ਦੀ। ਮੁਦਰਾ ਸਫ਼ੀਤੀ ਨਾਲ਼ ਲੜਨ ਲਈ ਮਜ਼ਦੂਰੀ ਨੂੰ ਘੱਟ ਰੱਖਿਆ ਜਾਂਦਾ ਹੈ। ਇਹ ਆਰਥਿਕ ਮੁਨਾਫੇ ਜ਼ਰੀਏ ਜਿਆਦਾ ਨਿਵੇਸ਼ ਅਤੇ ਫਿਰ ਅਤਿ ਉਤਪਾਦਨ ਦਾ ਸੰਕਟ ਪੈਦਾ ਕਰਦੀ ਹੈ। ਘੱਟ ਮਜ਼ਦੂਰੀ ਕਰਕੇ ਬਾਜ਼ਾਰ ਵਿੱਚ ਮੰਗ ਖ਼ਤਮ ਹੋ ਜਾਂਦੀ ਹੈ।"

ਪੂੰਜੀਵਾਦ ਦਾ ਹੱਲ ਨਾ ਹੋ ਸਕਣ ਵਾਲ਼ਾ ਢਾਂਚਾਗਤ ਸੰਕਟ ਮਨਮੋਹਨ-ਮੌਂਟੇਕ-ਚਿਦੰਬਰਮ ਨੂੰ ਆਰਥਿਕ ਮਾਮਲਿਆਂ 'ਤੇ ਵੀ ਗੋਏਬਲਜ਼ ਫਾਰਮੂਲੇ ਨੂੰ ਲਾਗੂ ਕਰਨ ਲਈ ਮਜ਼ਬੂਰ ਕਰ ਰਿਹਾ ਹੈ ਕਿ ਇੱਕ ਝੂਠ ਨੂੰ ਸੌ ਵਾਰ ਬੋਲਣ 'ਤੇ ਉਹ ਸੱਚ ਹੋ ਜਾਂਦਾ ਹੈ। ਹਾਲੇ ਵੀ ਇਹ ਤਿੱਕੜੀ 'ਟ੍ਰਿਕਲ ਡਾਊਨ ਥਿਊਰੀ' ਦੇ ਹਵਾਲਾ ਤੋਂ ਬਾਜ ਨਹੀਂ ਆਉਂਦੀ। ਪਰ 'ਸ਼ਿਕਾਗੋ ਸਕੂਲ' ਤੋਂ ਆਏ ਆਰਥਿਕ ਸਿਧਾਂਤ ਦੇ ਇਸ ਘਟੀਆ ਮਾਲ ਦਾ ਖਰੀਦਦਾਰ ਮਿਲਣਾ ਮੁਸ਼ਕਿਲ ਹੈ, ਕਿਉਂਕਿ ਅਠਾਰਾਂ ਸਾਲਾਂ ਦੇ ਤਜ਼ਰਬੇ ਨੇ ਨਵਉਦਾਰਵਾਦੀ ਪੂੰਜੀਵਾਦੀ ਨੀਤੀਆਂ ਨੂੰ ਇਕਦਮ ਨੰਗਾ ਕਰ ਦਿੱਤਾ ਹੈ ਅਤੇ ਹੁਣ ਅਜੋਕੀ ਸੰਸਾਰਵਿਆਪੀ ਮੰਦੀ ਦਾ ਜਾਰੀ ਸਿਲਸਿਲਾ ਜੋ ਨਤੀਜੇ ਸਾਹਮਣੇ ਲਿਆਉਣ ਵਾਲ਼ਾ ਹੈ, ਉਸ ਨਾਲ਼ ਰਹੀ-ਸਹੀ ਕਸਰ ਵੀ ਪੂਰੀ ਹੋ ਜਾਵੇਗੀ।

ਅਮ੍ਰਿਤਸਰ ਦੀ ਫੌਜੀ ਭਰਤੀ ਦੌਰਾਨ ਮਚੀ ਭਗਦੜ ਵਿੱਚ ਨੌਜਵਾਨਾਂ ਦੇ ਮਾਰੇ ਜਾਣ ਦੀ ਘਟਨਾ

ਸਵਾਲ ਸਿਰਫ਼ ਲਾਪਰਵਾਹੀ ਦਾ ਨਹੀਂ ਹੈ...

● **ਲਖਵਿੰਦਰ**

ਦੋ ਨੌਜਵਾਨਾਂ ਦੀ ਮੌਤ ਅਤੇ ਅਨੇਕਾਂ ਹੋਰ ਨੌਜਵਾਨਾਂ ਦੇ ਗੰਭੀਰ ਰੂਪ ਵਿੱਚ ਫੱਟੜ ਹੋਣ ਦਾ ਕਾਰਨ ਬਣੀ ਪਿਛਲੇ ਸਾਲ ਇੱਕ ਦਸੰਬਰ ਨੂੰ ਅਮ੍ਰਿਤਸਰ ਵਿੱਚ ਹੋਈ ਫੌਜੀ ਭਰਤੀ ਦੌਰਾਨ ਮਚੀ ਭਗਦੜ ਦੀ ਦਰਦਨਾਕ ਘਟਨਾ ਨੂੰ ਕਿਸੇ ਸਧਾਰਨ ਜਿਹੀ ਦੁਰਘਟਨਾ ਵਾਂਗ ਨਹੀਂ ਲਿਆ ਜਾ ਸਕਦਾ। ਸਿਰਫ਼ ਏਨਾ ਕਹਿ ਕੇ ਹੀ ਚੁੱਪ ਨਹੀਂ ਕੀਤਾ ਜਾ ਸਕਦਾ ਕਿ ਦਸ ਹਜਾਰ ਦੇ ਵੱਡੇ ਇੱਕਠ ਨੂੰ ਸਾਭਣ ਪ੍ਰਤੀ ਕੀਤੀ ਗਈ ਲਾਪਰਵਾਹੀ ਵਜੋਂ ਇਹ ਭਗਦੜ ਮਚੀ। ਇਸ ਦੁਰਘਟਨਾ ਨਾਲ਼ ਜੁੜੇ ਹੋਏ ਹੋਰ ਵੀ ਸਵਾਲ ਹਨ ਜਿਹਨਾਂ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਜੇ ਥੋੜੀ ਜਿਹੀ ਵੀ ਗਹਿਰਾਈ ਵਿੱਚ ਜਾ ਕੇ ਸੋਚਿਆ ਜਾਵੇ ਤਾਂ ਦੇਸ਼ ਦੇ ਰਾਜਨੀਤਿਕ-ਆਰਥਿਕ ਪ੍ਰਬੰਧ ਦੁਆਰਾ ਗਰੀਬ ਅਤੇ ਆਮ ਮੱਧਵਰਗੀ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ਼ ਕੀਤਾ ਜਾ ਰਿਹਾ ਖਿਲਵਾੜ ਇੱਕ ਦਮ ਨੰਗੇ-ਚਿੱਟੇ ਰੂਪ ਵਿੱਚ ਅੱਖਾਂ ਸਾਹਮਣੇ ਆ ਜਾਂਦਾ ਹੈ।

ਫੌਜ ਦੀਆਂ ਸਿਰਫ਼ 120 ਅਸਾਮੀਆਂ ਵਾਸਤੇ ਦਸ ਹਜਾਰ ਤੋਂ ਵੱਧ ਨੌਜਵਾਨਾਂ ਦੇ ਭਰਤੀ ਹੋਣ ਲਈ ਪਹੁੰਚਣ ਨੂੰ ਕੋਈ ਦੇਸ਼ ਭਗਤੀ ਵੀ ਦੱਸ ਸਕਦਾ ਹੈ। ਪਰ ਇਹ ਤਾਂ ਬੇਰੁਜਗਾਰੀ ਦੇ ਸਤਾਏ ਨੌਜਵਾਨਾਂ ਦੀ ਰੁਜ਼ਗਾਰ ਪ੍ਰਾਪਤ ਕਰਨ ਲਈ ਦਰ-ਦਰ ਠੋਕਰਾਂ ਖਾਣ ਦੀ ਇੱਕ ਲੰਬੀ ਦਾਸਤਾਨ ਦਾ ਹੀ ਇੱਕ ਕਾਂਡ ਸੀ। ਦੇਸ਼ ਵਿੱਚ ਥਾਂ-ਥਾਂ 'ਤੇ ਹੁੰਦੀਆਂ ਰਹਿੰਦੀਆਂ ਫੌਜੀ ਭਰਤੀਆਂ ਦੌਰਾਨ ਹੋਣ ਵਾਲੇ ਵੱਡੇ-ਵੱਡੇ ਇੱਕਠਾਂ ਤੋਂ ਹੀ ਬੇਰੁਜਗਾਰੀ ਦੀ ਸਮੱਸਿਆ ਦੀ ਗੰਭੀਰਤਾਂ ਦਾ ਅੰਦਾਜਾ ਲਾਇਆ ਜਾ ਸਕਦਾ ਹੈ। ਇਸ ਵਾਸਤੇ ਅੰਕੜਿਆਂ ਵਿੱਚ ਉਲਝਣ ਦੀ ਕੋਈ ਵੀ ਜ਼ਰੂਰਤ ਨਹੀਂ ਰਹਿ ਜਾਂਦੀ।

ਭਾਰਤੀ ਖੇਤੀ ਵਿੱਚ ਹੋਏ ਪੂੰਜੀ ਦੇ ਫੈਲਾਅ ਨੇ ਖੇਤੀ ਖੇਤਰ ਦੇ ਰੁਜਗਾਰ ਵਿੱਚੋਂ ਕਰੋੜਾਂ ਗਰੀਬ-ਦਰਮਿਆਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਬਾਹਰ ਧੱਕ ਦਿੱਤਾ ਹੈ ਪਰ ਸਨਅਤੀ ਵਿਕਾਸ ਉਸ ਪੱਧਰ ਦਾ ਨਹੀਂ ਹੋਇਆ ਕਿ ਇਸ ਵਿਹਲੀ ਹੋਈ ਕਿਰਤੀ ਅਬਾਦੀ ਨੂੰ ਸਮੋ ਸਕੇ। ਹੋਰ ਵੀ ਲੱਖਾਂ ਛੋਟੇ-ਛੋਟੇ ਵਿਓਪਾਰੀਆਂ, ਵਰਕਸ਼ਾਪਾਂ ਦੇ ਮਾਲਕਾਂ, ਛੋਟੇ ਕਾਰਖਾਨੇਦਾਰਾਂ ਦੀ ਆਰਥਿਕ ਤਬਾਹੀ ਇਸੇ ਪੂੰਜੀਵਾਦੀ ਆਰਥਿਕ ਪ੍ਰਬੰਧ ਦੇ ਵਿਕਾਸ ਦੀ ਦੇਣ ਹੈ। ਸਦੀ ਦੇ ਅੰਤਿਮ ਦਹਾਕੇ ਦੀ ਸ਼ੁਰੂਆਤ ਤੋਂ ਹੀ ਸਖ਼ਤੀ ਨਾਲ਼ ਲਾਗੂ ਕੀਤੀਆਂ ਗਈਆਂ ਵਿਸ਼ਵੀਕਰਨ-ਨਿਜੀਕਰਨ-ਉਦਾਰੀਕਰਨ ਦੀਆਂ ਭਾਰਤੀ ਪੂੰਜੀਵਾਦੀ ਹਾਕਮਾਂ ਦੀਆਂ ਨੀਤੀਆਂ ਨੇ ਪੂੰਜੀਵਾਦੀ ਵਿਕਾਸ ਨੂੰ 1947 ਤੋਂ ਲੈਕੇ 1990 ਤੱਕ ਹੋਏ ਪੂੰਜੀਵਾਦੀ ਵਿਕਾਸ ਦੇ ਮੁਕਾਬਲੇ ਕਿਤੇ ਜ਼ਿਆਦਾ ਤੇਜ਼ ਕਰ ਦਿੱਤਾ। ਦੇਸੀ ਪੂੰਜੀ ਦੇ ਨਾਲ਼ ਹੀ ਵਿਦੇਸ਼ੀ ਪੂੰਜੀ ਨੂੰ ਵੀ ਭਾਰਤੀ ਮਜ਼ਦੂਰਾਂ ਅਤੇ ਹੋਰ ਕਿਰਤੀਆਂ ਦੀ ਖੁੱਲੀ ਅਤੇ ਬੇਰੋਕ ਲੁੱਟ-ਖੋਹ ਕਰਨ ਦੀ ਪਹਿਲਾਂ ਦੇ ਮੁਕਾਬਲੇ ਹੁਣ ਕਿਤੇ ਵੱਧ ਖੁੱਲ ਦਿੱਤੀ ਗਈ। ਕਿਰਤੀ ਲੋਕਾਂ ਦੇ ਖੂਨ ਪਸੀਨੇ ਨਾਲ਼ ਉਸਾਰੇ ਗਏ ਪਬਲਿਕ ਸੈਕਟਰ ਦੇ ਅਨੇਕਾਂ ਅਦਾਰਿਆ ਨੂੰ ਕੌਡੀਆਂ ਦੇ ਭਾਅ ਦੇਸੀ-ਵਿਦੇਸ਼ੀ ਪੂੰਜੀਪਤੀਆਂ ਨੂੰ ਵੇਚ ਦਿੱਤਾ ਗਿਆ। ਇਹਨਾਂ ਵਿੱਚੋਂ ਜੋ ਬਚੇ ਹਨ ਉਹਨਾਂ ਨੂੰ ਵੀ ਪੂੰਜੀਪਤੀਆਂ ਹਵਾਲੇ ਕਰਨ ਦੀਆਂ ਤਿਆਰੀਆਂ ਸਰਕਾਰ ਜੰਗੀ ਪੱਧਰ 'ਤੇ ਕਰ ਰਹੀ ਹੈ। ਇਸ ਸਭ ਦਾ ਨਤੀਜਾ ਬੇਰੁਜਗਾਰੀ ਦੀ ਸਮੱਸਿਆ ਦੇ ਹੋਰ ਵੀ ਗੰਭੀਰ ਹੋ ਜਾਣ ਵਿੱਚ ਨਿਕਲਿਆ। ਅੱਜ ਕਰੋੜਾਂ ਨੌਜਵਾਨ ਰੁਜ਼ਗਾਰ ਦੀ ਅੰਤਹੀਣ ਭਾਲ਼ ਵਿੱਚ ਠੋਕਰਾਂ ਖਾ ਰਹੇ ਹਨ। ਫੌਜੀ ਭਰਤੀਆਂ ਬੇਰੁਜਗਾਰਾਂ ਦੀ ਜੂਨ ਭੋਗ ਰਹੇ ਇਨ੍ਹਾਂ ਨੌਜਵਾਨਾਂ ਲਈ ਆਸ ਦੀ ਕਿਰਨ ਬਣ ਕੇ ਆਉਂਦੀਆਂ ਹਨ। ਨਿਗੂਣੀਆਂ ਜਿਹੀਆਂ ਅਸਾਮੀਆਂ ਲਈ ਹਜਾਰਾਂ-ਲੱਖਾਂ ਨੌਜਵਾਨ ਕਿਸਮਤ ਅਜਮਾਉਣ ਲਈ ਪਹੁੰਚ ਜਾਂਦੇ ਹਨ। ਅਮ੍ਰਿਤਸਰ ਵਿੱਚ ਹੋਈ ਇਸ ਭਰਤੀ ਵਿੱਚ 120 ਅਸਾਮੀਆਂ ਵਾਸਤੇ 10 ਹਜਾਰ ਤੋਂ ਵੀ ਵੱਧ ਨੌਜਵਾਨਾਂ ਦੇ ਇੱਕਠ ਦਾ ਵੀ ਇਹੋ ਕਾਰਨ ਹੈ।

ਫੌਜੀ ਭਰਤੀ ਦੀ ਪ੍ਰਕਿਰਿਆ ਵੀ ਪੂਰੀ ਤਰ੍ਹਾਂ ਅਣਮਨੁੱਖੀ ਹੈ। ਭਾਵੇਂ ਕਿ ਫੌਜ ਨੂੰ ਦੇਸ਼ ਦੇ ਹਾਕਮਾਂ ਦੁਆਰਾ ਦੇਸ਼ ਭਗਤੀ ਦੇ ਪ੍ਰਤੀਕ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੋਵੇ ਪਰ ਫੌਜ ਦੀ ਭਰਤੀ ਦਾ ਢੰਗ ਲੱਗਭਗ ਉਹੀ ਹੈ ਜੋ 1947 ਵਿੱਚ ਭਾਰਤ ਦੀ ਰਾਜਗੱਦੀ ਛੱਡ ਕੇ ਗਏ ਅੰਗਰੇਜ਼ ਹਾਕਮਾਂ ਨੇ ਲਾਗੂ ਕੀਤਾ ਸੀ। ਇਹ ਗੱਲ ਤਾਂ ਅਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਾਹਨ ਸਿੰਘ ਪੰਨੂ ਨੇ ਵੀ ਪੰਜਾਬ ਸਰਕਾਰ ਨੂੰ ਇਸ ਦੁਰਘਟਨਾ ਸਬੰਧੀ ਭੇਜੀ ਰਿਪੋਰਟ ਵਿੱਚ ਮੰਨੀ ਹੈ। ਫੌਜ ਨੌਜਵਾਨਾਂ ਨੂੰ ਭਰਤੀ ਲਈ ਬੁਲਾ ਤਾਂ ਲੈਂਦੀ ਹੈ ਪਰ ਉਨ੍ਹਾਂ ਨੂੰ ਸਾਂਭਣ ਦਾ ਪ੍ਰਬੰਧ ਨਹੀਂ ਕਰਦੀ। ਅਖ਼ਬਾਰਾਂ ਅਤੇ ਹੋਰ ਸਾਧਨਾਂ ਰਾਹੀਂ ਨੌਜਵਾਨਾਂ ਨੂੰ ਫੌਜ ਦੀ ਭਰਤੀ ਦੀ ਜਾਣਕਾਰੀ ਮਿਲਦੀ ਹੈ। ਜ਼ਿਆਦਾਤਰ ਨੌਜਵਾਨਾਂ ਨੂੰ ਦੂਰ-ਦੁਰਾਡੇ ਸਥਾਨਾਂ ਤੋਂ ਰਾਤ ਸਮੇਂ ਹੀ ਭਰਤੀ ਸਥਾਨ ਦੇ ਗੇਟ 'ਤੇ ਪਹੁੰਚਣਾ ਪੈਂਦਾ ਹੈ। ਉੱਥੇ ਉਨ੍ਹਾਂ ਲਈ ਖਾਣ-ਪੀਣ, ਰਹਿਣ-ਰੁਕਣ, ਜੰਗਲ-ਪਾਣੀ ਜਾਣ ਆਦਿ ਸੁਵਿਧਾਵਾਂ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਨੌਜਵਾਨ ਅਤੇ ਉਨ੍ਹਾਂ ਦੇ ਵਾਰਸ ਠੰਡੀਆਂ ਰਾਤਾਂ ਜਾਗ ਕੇ ਭਰਤੀ ਗੇਟ ਦੇ ਖੁੱਲਣ ਦਾ ਇੰਤਜਾਰ ਕਰਦੇ ਹਨ। ਬਿਨਾਂ ਜੰਗਲ ਪਾਣੀ ਗਏ ਅਤੇ ਭੁੱਖੇ ਢਿੱਡ ਹੀ ਇਨ੍ਹਾਂ ਨੌਜਵਾਨਾ ਨੂੰ ਭਰਤੀ ਗਰਾਊਂਡ ਵਿੱਚ ਡੇਢ-ਦੋ ਕਿਲੋਮੀਟਰ ਦੌੜ ਲਗਵਾਈ ਜਾਂਦੀ ਹੈ। ਉਸ ਤੋਂ ਬਾਅਦ ਵੀ ਕੋਈ ਜ਼ਰੂਰੀ ਨਹੀਂ ਹੈ ਕਿ ਉਨ੍ਹਾਂ ਲਈ ਪਾਣੀ ਤੱਕ ਦਾ ਵੀ ਕੋਈ ਪ੍ਰਬੰਧ ਹੋਵੇ। ਨੌਜਵਾਨ ਸਾਰਾ-ਸਾਰਾ ਦਿਨ ਭੁੱਖਣ-ਭਾਣੇ ਤੜਫਦੇ ਰਹਿੰਦੇ ਹਨ।

ਸਵੇਰੇ ਗੇਟ-ਖੁੱਲਣ ਤੋਂ ਪਹਿਲਾਂ ਹੀ ਹਜਾਰਾਂ ਨੌਜਵਾਨ ਗੇਟ ਮੂਹਰੇ ਇੱਕਠੇ ਹੋ ਜਾਂਦੇ ਹਨ। ਜਦੋਂ ਗੇਟ ਖੁੱਲਦਾ ਹੈ ਤਾਂ ਨੌਜਵਾਨ ਸੁਭਾਵਿਕ ਹੀ ਅੰਦਰ ਬਣਨ ਵਾਲੀਆਂ ਕਤਾਰਾਂ ਵਿੱਚ ਮੂਹਰੇ ਲੱਗਣ ਲਈ ਤੇਜ਼ੀ ਵਿਖਾਉਂਦੇ ਹਨ। ਅਜਿਹੇ ਵਿੱਚ ਭਗਦੜ ਮਚ ਜਾਂਦੀ ਹੈ। ਇਨ੍ਹਾਂ ਭਗਦੜਾਂ ਦੇ ਸ਼ਿਕਾਰਾਂ ਵਿੱਚੋਂ ਕੁੱਝ

(**ਬਾਕੀ ਸਫ਼ਾ** 17 **'ਤੇ**)

ਚੋਰ, ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ :

ਭਾਰਤੀ ਪੂੰਜੀਵਾਦੀ ਲੋਕਤੰਤਰ ਦੀ ਇੱਕ ਨੰਗੀ ਤੇ ਗੰਦੀ ਤਸਵੀਰ

ਵੀਹ ਰੁਪਏ ਰੋਜ਼ਾਨਾ ਤੋਂ ਵੀ ਘੱਟ ਆਮਦਨ 'ਤੇ ਗੁਜ਼ਾਰਾ ਕਰਨ ਵਾਲ਼ੀ ਭਾਰਤ ਦੀ ਲਗਭਗ ਚੁਰਾਸੀ ਕਰੋੜ ਅਬਾਦੀ ਨੂੰ ਦੇਸ਼ ਦੇ ਲੀਡਰਾਂ ਦੇ ਭ੍ਰਿਸ਼ਟਚਾਰ ਅਤੇ ਐਯਾਸ਼ੀ ਬਾਰੇ ਤਾਂ ਪਤਾ ਹੀ ਹੈ, ਪਰ ਕਾਨੂੰਨੀ ਤੌਰ 'ਤੇ ਉਨਾਂ ਨੂੰ ਜੋ ਤਨਖਾਹ-ਭੱਤੇ-ਸਹੂਲਤਾਂ ਹਾਸਲ ਹਨ, ਉਨਾਂ 'ਤੇ ਆਮ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਦਾ ਕਿੰਨਾ ਵੱਡਾ ਹਿੱਸਾ ਖਰਚ ਹੁੰਦਾ ਹੈ, ਇਸਦਾ ਉਹ ਅੰਦਾਜ਼ਾ ਵੀ ਨਹੀਂ ਲਾ ਸਕਦੇ। ਕਾਨੂੰਨੀ ਕਮਾਈ ਤੋਂ ਇਲਾਵਾ, ਦੇਸ਼ ਦੀ ਨੇਤਾਸ਼ਾਹੀ ਅਤੇ ਨੌਕਰਸ਼ਾਹੀ ਦਲਾਲੀ, ਕਮਿਸ਼ਨਖੋਰੀ ਅਤੇ ਰਿਸ਼ਵਤਖੋਰੀ ਰਾਹੀਂ ਜੋ ਕਾਲ਼ਾ ਧਨ ਜਮ੍ਹਾਂ ਕਰਦੀ ਹੈ, ਉਸਦਾ ਅੰਦਾਜਾ ਲਾ ਸਕਣਾ ਤਾਂ ਇੱਕ ਆਮ ਆਦਮੀ ਲਈ ਹੋਰ ਵੀ ਮੁਸ਼ਕਿਲ ਹੈ।

ਆਓ, ਕੌਮਾਂਤਰੀ ਏਜੰਸੀਆਂ ਅਤੇ ਪੂੰਜੀਵਾਦੀ ਅਖ਼ਬਾਰਾਂ ਦੀਆਂ ਕੁੱਝ ਰਿਪੋਰਟਾਂ, ਸੂਚਨਾ ਦੇ ਅਧਿਕਾਰ ਦੇ ਤਹਿਤ ਵੱਖ-ਵੱਖ ਸਰਕਾਰੀ ਮਹਿਕਮਿਆਂ ਤੋਂ ਹਾਸਲ ਕੀਤੀਆਂ ਗਈਆਂ ਕੁੱਝ ਜਾਣਕਾਰੀਆਂ ਅਤੇ ਕੁੱਝ ਆਰਥਿਕ ਰਾਜਨੀਤਕ ਮਾਮਲਿਆਂ ਦੇ ਬੁਰਜੂਆ (ਪੂੰਜੀਵਾਦੀ) ਮਾਹਰਾਂ ਦੀਆਂ ਕਿਤਾਬਾਂ ਜਾਂ ਲੇਖਾਂ ਚੋਂ ਲਏ ਗਏ ਥੋੜ੍ਹੇ ਜਿਹੇ ਚੋਣਵੇਂ ਤੱਥਾਂ ਅਤੇ ਅੰਕੜਿਆਂ ਦੀ ਰੌਸ਼ਨੀ ਵਿੱਚ ਭਾਰਤੀ ਲੋਕਤੰਤਰ ਦੀ ਕਰੂਪ, ਅਸ਼ਲੀਲ ਅਤੇ ਬਰਬਰ ਅਸਲੀਅਤ ਨੂੰ ਪਹਿਚਾਣਨ ਦੀ ਕੋਸ਼ਿਸ਼ ਕਰੀਏ।

ਸਭ ਤੋਂ ਪਹਿਲਾਂ ਚੋਣਾਂ ਅਤੇ ਲੋਕਤੰਤਰੀ ਢਾਂਚੇ ਦੇ ਕਾਨੂੰਨੀ ਖ਼ਰਚ 'ਤੇ ਨਜ਼ਰ ਮਾਰੀ ਜਾਵੇ।

ਜਿਸ ਦੇਸ਼ ਵਿੱਚ 35 ਕਰੋੜ ਅਬਾਦੀ ਰਾਤਾਂ ਨੂੰ ਭੁੱਖੀ ਸੌਂਦੀ ਹੋਵੇ, ਹਰ ਰੋਜ਼ ਨੌ ਹਜ਼ਾਰ ਬੱਚੇ ਭੁੱਖ ਅਤੇ ਕੁਪੋਸ਼ਣ ਨਾਲ਼ ਮਰਦੇ ਹੋਣ, 18 ਕਰੋੜ ਲੋਕ ਝੁੱਗੀਆਂ ਵਿੱਚ ਰਹਿੰਦੇ ਹੋਣ, 18 ਕਰੋੜ ਲੋਕ ਫੁੱਟਪਾਥਾਂ 'ਤੇ ਸੌਂਦੇ ਹੋਣ ਅਤੇ ਲਗਭਗ 80 ਕਰੋੜ ਲੋਕ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਾ ਕਰ ਪਾਉਂਦੇ ਹੋਣ, ਉੱਥੇ ਇਨਾਂ ਲੋਕਾਂ ਦੀ ਅਗਵਾਈ ਕਰਨ ਵਾਲ਼ਿਆਂ ਦਾ ਸਲਾਨਾ (ਕੇਂਦਰ ਤੇ ਰਾਜਾਂ ਦੇ ਸਾਰੇ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਨੂੰ ਮਿਲਾ ਕੇ) ਖ਼ਰਬਾਂ ਰੁਪਏ (ਯਾਨੀ ਕੁੱਝ ਹਜ਼ਾਰ ਕਰੋੜ ਰੁਪਏ) ਖ਼ਰਚ ਹੁੰਦੇ ਹਨ। ਮਨੁੱਖੀ ਵਿਕਾਸ ਸੂਚਕ ਅੰਕ ਦੇ ਹਿਸਾਬ ਨਾਲ਼, ਗਰੀਬੀ ਦੇ ਮਾਮਲਿਆਂ ਵਿੱਚ ਭਾਰਤ ਭਾਵੇਂ ਦੁਨੀਆਂ ਵਿੱਚ ਸਭ ਤੋਂ ਹੇਠਲੇ ਦਰਜੇ ਦੇ ਦੇਸ਼ਾਂ (ਅਫ਼ਰੀਕਾ ਅਤੇ ਸਬ-ਸਹਾਰਾ ਦੇ ਕੁੱਝ ਦੇਸ਼ਾਂ ਨਾਲ਼, ਤੇ ਪਾਕਿਸਤਾਨ, ਨੇਪਾਲ, ਬੰਗਲਾਦੇਸ਼ ਤੋਂ ਵੀ ਹੇਠਾਂ) ਖੜ੍ਹਾ ਹੋਵੇ। ਪਰ ਐਸ਼ੋ ਅਰਾਮ ਦੇ ਮਾਮਲੇ ਵਿੱਚ ਭਾਰਤ ਦੇ ਲੀਡਰਾਂ ਦਾ ਜੀਵਨ ਅਮਰੀਕਾ, ਬ੍ਰਿਟੇਨ, ਜਰਮਨੀ, ਜਾਪਾਨ ਆਦਿ ਦੇਸ਼ਾਂ ਦੇ ਲੀਡਰਾਂ ਦੇ ਬਰਾਬਰ ਨਹੀਂ ਸਗੋਂ ਉਨਾਂ ਤੋਂ ਕਾਫੀ ਅੱਗੇ ਹੈ। ਰਾਜਧਾਨੀਆਂ ਵਿੱਚ ਉਨਾਂ ਦੇ ਬੰਗਲੇ, ਉਨਾਂ ਦੀਆਂ ਏ.ਸੀ. ਗੱਡੀਆਂ, ਉਨਾਂ ਦੀਆਂ ਸਹੂਲਤਾਂ, ਉਨਾਂ ਦੇ ਸੇਵਾਂ ਵਿੱਚ ਤਤਪਰ ਅਮਲੇ-ਚਾਕਰ ਅਤੇ ਸੁਰੱਖਿਆ ਕਰਮੀ—ਸਭ ਕੁੱਝ ਉਨਾਂ ਨੂੰ ਰਾਜਿਆਂ-ਮਹਾਰਾਜਿਆਂ ਦੇ ਜੀਵਨ ਦਾ ਭੁਲੇਖਾ ਪਾਉਂਦਾ ਹੈ।

ਭਾਰਤ ਵਿੱਚ ਸੰਸਦ ਮੈਂਬਰ ਨੂੰ 12 ਹਜ਼ਾਰ ਰੁਪਏ ਮਹੀਨਾ ਤਨਖਾਹ, ਬੈਠਕ ਆਦਿ ਲਈ 10 ਹਜ਼ਾਰ ਰੁਪਏ ਮਹੀਨਾ, ਦਫ਼ਤਰ ਲਈ 14 ਹਜ਼ਾਰ ਰੁਪਏ ਮਹੀਨਾ, ਸੰਸਦ ਦੇ ਬੈਠਕਾਂ ਦੌਰਾਨ 500 ਰੁਪਏ ਦੈਨਿਕ ਭੱਤਾ ਮਿਲਦਾ ਹੈ। ਇਸ ਤੋਂ ਇਲਾਵਾ ਉਹਨਾਂ ਨੂੰ ਪਹਿਲਾ ਦਰਜਾ ਏਸੀ ਵਿੱਚ ਪੂਰੇ ਦੇਸ਼ ਵਿੱਚ ਮੁਫ਼ਤ ਰੇਲ ਯਾਤਰਾ ਲਈ ਅਸੀਮਤ ਪਾਸ ਮਿਲਦਾ ਹੈ। 40 ਹਵਾਈ ਯਾਤਰਾਵਾਂ ਉਹ ਪਤਨੀ ਜਾਂ ਪੀ.ਏ. ਨਾਲ਼ ਮੁਫ਼ਤ ਕਰ ਸਕਦੇ ਹਨ। 50 ਹਜ਼ਾਰ ਯੂਨਿਟ ਸਾਲਾਨਾਂ ਬਿਜਲੀ ਉਹ ਮੁਫ਼ਤ ਜਲਾ ਸਕਦੇ ਹਨ। 1,70,000 ਟੈਲੀਫ਼ੋਨ ਕਾਲਾਂ ਸਲਾਨਾਂ ਮੁਫ਼ਤ ਕਰ ਸਕਦੇ ਹਨ ਅਤੇ ਦਿੱਲੀ ਵਿੱਚ ਐਮ.ਪੀ. ਹੋਸਟਲ ਵਿੱਚ ਉਨਾਂ ਦਾ ਰਹਿਣਾ ਮੁਫ਼ਤ ਹੁੰਦਾ ਹੈ। ਸੰਸਦ ਦੀ ਕੰਟੀਨ ਇੰਨੀ ਸਬਸਾਈਜ਼ਡ ਹੁੰਦੀ ਹੈ ਕਿ ਲਗਭਗ 10 ਪ੍ਰਤੀਸ਼ਤ ਮੁੱਲ ਦਾ ਹੀ ਭੁਗਤਾਨ ਕਰਨਾ ਪੈਂਦਾ ਹੈ। ਇੱਕ ਸੰਸਦ ਮੈਂਬਰ 'ਤੇ ਪ੍ਰਤੀ ਸਾਲ 32 ਲੱਖ ਰੁਪਏ, ਯਾਨੀ ਪੰਜ ਸਾਲਾਂ ਵਿੱਚ ਇੱਕ ਕਰੋੜ 60 ਲੱਖ ਰੁਪਏ ਖ਼ਰਚ ਹੁੰਦੇ ਹਨ। ਯਾਨੀ ਕੁੱਲ 543 ਸੰਸਦ ਮੈਂਬਰਾਂ 'ਤੇ ਸਾਲ ਵਿੱਚ ਹੋਣ ਵਾਲ਼ਾ ਕੁੱਲ ਖ਼ਰਚ 8 ਅਰਬ 68 ਕਰੋੜ 80 ਲੱਖ ਰੁਪਏ ਬੈਠਦਾ ਹੈ। ਸੰਸਦ ਵਿੱਚ ਇੱਕ ਘੰਟੇ ਦੀ ਕਾਰਵਾਈ (ਜੋ ਬਹਿਸਬਾਜ਼ੀ, ਟਪੂਸੀਆਂ ਮਾਰਨ, ਨਾਹਰੇਬਾਜ਼ੀ ਅਤੇ ਸੌਣ ਉੱਠਣ ਤੋਂ ਵਧਕੇ ਕੁੱਝ ਵੀ ਨਹੀਂ ਹੁੰਦੀ) 'ਤੇ ਲਗਭਗ 20 ਲੱਖ ਰੁਪਏ ਖਰਚ ਹੁੰਦੇ ਹਨ। ਮੰਤਰੀ ਮੰਡਲ ਦੇ ਮੈਂਬਰਾਂ ਅਤੇ ਵੱਖ-ਵੱਖ ਕਮੇਟੀਆਂ ਦੇ ਮੈਂਬਰਾਂ ਦੇ ਖ਼ਰਚੇ ਆਮ ਮੈਂਬਰਾਂ ਨਾਲੋਂ ਕਈ ਗੁਣਾ ਵੱਧ ਹੁੰਦੇ ਹਨ। ਸਾਰੇ ਮੰਤਰੀਆਂ ਦੇ ਭਵਨਾਂ ਅਤੇ ਰਾਜ ਲੀਡਰਾਂ ਦੇ ਕਾਨੂੰਨੀ-ਗੈਰਕਾਨੂੰਨੀ ਕਬਜ਼ਿਆਂ ਵਾਲ਼ੇ ਭਵਨਾਂ ਦੀ ਰਖਵਾਲੀ ਸੀਪੀਡਬਲਯੂਡੀ ਕਰਦਾ ਹੈ।

ਕੇਂਦਰੀ ਮੰਤਰੀ ਮੰਡਲ ਦੇ ਸੰਬੰਧਿਤ ਵਿਭਾਗਾਂ ਦਾ ਕੁੱਲ ਖ਼ਰਚ 2006-07 ਵਿੱਚ 1ਖਰਬ 36 ਅਰਬ ਡਾਲਰ (ਯਾਨੀ ਕਰੀਬ 61 ਖਰਬ 20 ਅਰਬ ਰੁਪਏ) ਅਤੇ 2007-08 ਵਿੱਚ 1 ਖਰਬ 66 ਅਰਬ ਡਾਲਰ ਸੀ। ਸਾਲ 2008-09 ਵਿੱਚ ਇਸਦੇ 1 ਖਰਬ 75 ਅਰਬ ਡਾਲਰ ਹੋ ਜਾਣ ਦੀ ਉਮੀਦ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਸਾਲ 2007-08 ਵਿੱਚ ਕੇਂਦਰ ਸਰਕਾਰ ਦੀ ਸਲਾਨਾ ਕਰ ਵਸੂਲੀ (ਟੈਕਸ ਰੇਵੇਨਿਊ) ਨਾਲ਼ ਹੋਣ ਵਾਲ਼ੀ ਸ਼ੁੱਧ ਆਮਦਨ 23 ਪ੍ਰਤੀਸ਼ਤ ਵਧਕੇ 3 ਖਰਬ 75 ਅਰਬ ਡਾਲਰ ਹੋ ਗਈ। ਧਿਆਨ ਯੋਗ ਹੈ ਕਿ ਕਰਾਂ ਨਾਲ਼ ਹੋਣ ਵਾਲ਼ੀ ਕੁੱਲ ਸਰਕਾਰੀ ਆਮਦਨ ਦਾ ਨੱਬੇ ਫੀਸਦੀ ਤੋਂ ਵੀ ਵੱਧ ਭਾਗ ਆਮ ਲੋਕ ਕਰਾਂ ਦੇ ਰੂਪ ਵਿੱਚ ਦਿੰਦੇ ਹਨ। ਯਾਨੀ ਲਗਾਤਾਰ ਵਧਦੇ ਆਕਾਰ ਵਾਲ਼ੇ ਕੇਂਦਰ ਅਤੇ ਰਾਜਾਂ ਦੇ ਮੰਤਰੀ ਮੰਡਲਾਂ ਦੇ ਗੁਬਾਰੇ ਦੀ ਤਰਾਂ ਫੁਲਦੇ ਖਰਚ ਨੂੰ ਆਮ ਲੋਕ ਜਿਆਦਾ ਟੈਕਸ ਅਦਾ ਕਰਕੇ ਚਲਾਉਂਦੇ

ਹਨ। ਮਨਮੋਹਨ ਸਿੰਘ 50 ਕੈਬਨਿਟ ਮੰਤਰੀਆਂ ਸਹਿਤ ਕੁੱਲ 104 ਮੰਤਰਾਲਿਆਂ ਦਾ ਭਾਰੀ ਭਰਕਮ ਕਾਫ਼ਲਾ ਚਲਾਉਂਦੇ ਹਨ ਜਦੋਂ ਕਿ ਸੰਯੁਕਤ ਰਾਜ ਅਮਰੀਕਾ ਕੁੱਲ 15 ਮੰਤਰਾਲਿਆਂ ਨਾਲ਼ ਆਪਣਾ ਸੰਸਾਰ ਵਿਆਪੀ ਸਾਮਰਾਜ ਸੰਭਾਲਦਾ ਹੈ।

ਅਰਥਸ਼ਾਸਤਰ ਦੀ ਭਾਸ਼ਾ ਵਿੱਚ ਗੈਰਯੋਜਨਾ ਖ਼ਰਚ (ਨਾਨ ਪਲਾਂਡ ਐਕਸਪੇਂਡੀਚਰ) ਉਹ ਸਰਕਾਰੀ ਖਰਚ ਹੁੰਦਾ ਹੈ ਜਿਹੜਾ ਯੋਜਨਾ ਜਾਂ ਸਲਾਨਾਂ ਬਜ਼ਟ ਵਿੱਚ ਸ਼ਾਮਿਲ ਨਹੀਂ ਹੁੰਦਾ। ਸਾਲ 2005-06 ਵਿੱਚ ਭਾਰਤ ਦੇ ਕੇਂਦਰੀ ਮੰਤਰੀ ਮੰਡਲ ਦਾ ਗੈਰਯੋਜਨਾ ਖਰਚ ਚਾਰ ਕਰੋੜ 50 ਲੱਖ ਡਾਲਰ ਸੀ, ਜਿਸ ਵਿੱਚ ਸਫ਼ਰ ਖਰਚ (ਇੱਕ ਕਰੋੜ ਦਸ ਲੱਖ ਡਾਲਰ) ਪ੍ਰਧਾਨ ਮੰਤਰੀ ਦਫ਼ਤਰ ’ਤੇ ਖਰਚ (38 ਲੱਖ ਡਾਲਰ) ਅਤੇ ਸਪੈਸ਼ਲ ਪਰੋਡਕਸ਼ਨ ਗਰੁੱਪ ਦੇ ਕਮਾਂਡਰ ਦੁਆਰਾ ਸੁਰੱਖਿਆ ’ਤੇ ਖਰਚ (2 ਕਰੋੜ 43 ਲੱਖ ਡਾਲਰ) ਸ਼ਾਮਿਲ ਸਨ। ਇਹ ਗੈਰ ਅੰਦਾਜਨ ਖਰਚ 2008-09 ਵਿੱਚ ਵਧ ਕੇ ਪੰਜ ਕਰੋੜ ਡਾਲਰ ਹੋ ਗਿਆ ਹੈ। ਧਿਆਨ ਰਹੇ ਕਿ ਇਹ ਖਰਚ ਯੋਜਨਾ ਅਤੇ ਸਲਾਨਾ ਬਜ਼ਟ ਤਹਿਤ ਹੋਣ ਵਾਲ਼ੇ ਭਾਰੀ ਖਰਚ ਤੋਂ ਵੱਖਰੇ ਹਨ। ਰਾਸ਼ਟਰਪਤੀ, ਸੰਸਦ, ਉਪ ਰਾਸ਼ਟਰਪਤੀ ਦੇ ਸਕੱਤਰ ਦੇ ਦਫ਼ਤਰ ਅਤੇ ਲੋਕ ਸੇਵਾ ਕਮੀਸ਼ਨ ’ਤੇ ਸਾਲ 2007 ਵਿੱਚ ਸਤੰਬਰ ਮਹੀਨੇ ਤੱਕ ਗੈਰ ਯੋਜਨਾ ਖਰਚ ਦੇ ਕੋਟੇ ਵਿੱਚ ਚਾਰ ਕਰੋੜ 60 ਲੱਖ ਡਾਲਰ ਖਰਚ ਹੋਏ ਜਿਹੜੇ ਸਾਲ 2006 ਦੇ ਇਸ ਅਰਸੇ ਦੇ ਮੁਕਾਬਲੇ 149 ਪ੍ਰਤੀਸ਼ਤ ਵੱਧ ਸੀ।

ਕੇਂਦਰ ਅਤੇ ਰਾਜਾਂ ਦੇ ਮੰਤਰੀ ਸਵੇਰੇ 50-50 ਕਾਰਾਂ ਤੱਕ ਦੇ ਕਾਫ਼ਲੇ ਨਾਲ਼ ਸਫ਼ਰ ਕਰਦੇ ਹੋਏ ਦੇਖੇ ਜਾਂਦੇ ਹਨ ਅਤੇ ਜੈਲਲਿਤਾ ਨੂੰ ਤਾਂ ਸੌ ਕਾਰਾਂ ਦੇ ਕਾਫਲੇ ਨਾਲ਼ ਵੀ ਦੇਖਿਆ ਗਿਆ ਹੈ। ਉਸ ਵਰ੍ਹੇ 9 ਜਨਵਰੀ ਨੂੰ ਵਿੱਤ ਮੰਤਰੀ ਦੇ ਦਫ਼ਤਰ ਦੇ ਖਰਚ ਦੇ ਮਹਿਕਮੇ ਨੇ ਇੱਕ ਆਫੀਸ਼ੀਅਲ ਮੈਮੋਰੰਡਮ ਵਿੱਚ ਫੋਰਡ ਮਾਡਲ ਦੀ ਏਸੀ ਕਾਰ ਨੂੰ ਸਟਾਫ ਕਾਰਾਂ ਦੀ ਫਲੀਟ ਵਿੱਚ ਸ਼ਾਮਿਲ ਕਰਨ ਦੀ ਪੇਸ਼ਕਸ਼ ਕੀਤੀ। ਲਗਜ਼ਰੀ ਕਾਰਾਂ ਮੰਤਰੀਆਂ ਅਤੇ ਅਫਸਰਾਂ ਦੀ ਆਮ ਪਸੰਦ ਹੈ। ਸੜਕਾਂ ’ਤੇ ਦੌੜਨ ਵਾਲ਼ੀਆਂ ਕਾਰਾਂ ਵਿੱਚੋਂ 33 ਪ੍ਰਤੀਸ਼ਤ ਸਰਕਾਰੀ ਸੰਪਤੀ ਹੈ ਜਿਹੜੀ ਆਮ ਲੋਕਾਂ ਦੇ ਖੂਨ-ਪਸੀਨੇ ਦੀ ਕਮਾਈ ਨਾਲ਼ ਧੂਆਂ ਫੂਕਦੀਆਂ ਹਨ। ਮੰਤਰੀਆਂ ਦੀ ਸੁਰੱਖਿਆ ’ਤੇ ਅੰਦਾਜਨ 2 ਕਰੋੜ 34 ਲੱਖ ਡਾਲਰ ਸਲਾਨਾਂ ਖਰਚ ਹੁੰਦੇ ਹਨ। ਜੈੱਡ ਪਲੱਸ ਦਰਜੇ ਦੀ ਸੁਰੱਖਿਆ ਵਿੱਚ 36, ਜੈੱਡ ਸੁਰੱਖਿਆ ਵਿੱਚ 22, ਵਾਈ ਦਰਜੇ ਦੀ ਸੁਰੱਖਿਆ ਵਿੱਚ 11 ਅਤੇ ਐਕਸ ਦਰਜੇ ਦੀ ਸੁਰੱਖਿਆ ਵਿੱਚ ਦੋ ਸੁਰੱਖਿਆ ਕਰਮੀ ਲਾਏ ਜਾਂਦੇ ਹਨ। ਸੁਰੱਖਿਆ ਦੇ ਇਸ ਵੱਡੇ ਲਸ਼ਕਰ ਕਾਰਨ ਵੀ ਗੱਡੀਆਂ ਅਤੇ ਪੈਟਰੋਲ ਦਾ ਖਰਚ ਕਾਫੀ ਵਧ ਜਾਂਦਾ ਹੈ। ਦਿੱਲੀ ਦੇ ਕਿਸੇ ਵੀ ਮਹਿੰਗੇ ਸਕੂਲ ਦੇ ਬਾਹਰ ਮੰਤਰੀਆਂ, ਨੌਕਰਸ਼ਾਹਾਂ ਨੂੰ ਲਿਆਉਣ-ਲੈ ਜਾਣ ਲਈ ਸਰਕਾਰੀ ਗੱਡੀਆਂ ਦੀਆਂ ਕਤਾਰਾਂ ਦੇਖੀਆਂ ਜਾ ਸਕਦੀਆਂ ਹਨ। ਸ਼ਾਪਿੰਗ ਮਾਲਜ਼, ਖਾਨ ਮਾਰਕੀਟ, ਸਰੋਜ਼ਨੀ ਨਗਰ, ਸਾਊਥ ਐਕਸ ਅਤੇ ਕਨਾਟ ਪੈਲੇਸ ਵਿੱਚ, ਸਰਕਾਰੀ ਗੱਡੀਆਂ ਵਿੱਚ, ਮੰਤਰੀਆਂ-ਅਫ਼ਸਰਾਂ ਦੀਆਂ ਪਤਨੀਆਂ ਦਾ ਸ਼ਾਪਿੰਗ ਕਰਨਾ ਆਮ ਗੱਲ ਹੈ। ਰਿਜ਼ਾਰਟਜ਼ ਅਤੇ ਵਾਟਰ ਪਾਰਕਾਂ ਦੇ ਬਾਹਰ ਸਰਕਾਰੀ ਗੱਡੀਆਂ ਵੱਡੀ ਸੰਖਿਆ ਵਿੱਚ ਖੜ੍ਹੀਆਂ ਮਿਲਣਗੀਆਂ।

ਕੇਂਦਰ ਅਤੇ ਰਾਜ ਦੇ ਸਾਰੇ ਮੰਤਰੀਆਂ ਲੋਕ ਪ੍ਰਤੀਨਿਧੀਆਂ ਦੀ ਸੁਰੱਖਿਆ ’ਤੇ ਕਈ ਖਰਬ ਰੁਪਏ ਹੁੰਦੇ ਹਨ।

ਹੁਣ ਜ਼ਰਾਂ ਚੋਣਾਂ ਦੇ ਖਰਚਿਆਂ ’ਤੇ ਵੀ ਇੱਕ ਨਜ਼ਰ ਮਾਰੀ ਜਾਵੇ।

ਸਾਲ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਪੁਲਿਸ ਅਤੇ ਅਰਧ ਸੈਨਿਕ ਬਲਾਂ ਨੂੰ ਛੱਡ ਕੇ, ਕੁੱਲ 40 ਲੱਖ ਸਰਕਾਰੀ ਕਾਮਿਆਂ ਨੂੰ ਲਾਇਆ ਗਿਆ ਸੀ ਅਤੇ ਕੁੱਲ ਐਲਾਨਿਆਂ ਸਿੱਧਾ ਖਰਚ 13 ਅਰਬ ਰੁਪਏ ਹੋਇਆ ਸੀ। ਨਿਸ਼ਚਿਤ ਹੈ ਕਿ ਸਾਰੇ ਉਮੀਦਵਾਰਾਂ ਦੁਆਰਾ ਚੋਣ ਪ੍ਰਚਾਰ ਦੇ ਕੁੱਲ ਖਰਚ (ਗੱਡੀਆਂ ਨਾਲ਼ ਪ੍ਰਚਾਰ, ਪਰਚੇ ਪੋਸਟਰ, ਗੁੰਡਾ ਗਿਰੋਹਾਂ, ਕਿਰਾਏ ਦੇ ਪ੍ਰਚਾਰਕਾਂ ਅਤੇ ਕੰਬਲ-ਸ਼ਰਾਬ ਆਦਿ ਵੰਡਣ ਦੇ ਖਰਚਿਆਂ ਨੂੰ ਮਿਲਾ ਕੇ) ਨੂੰ ਜੇਕਰ ਜੋੜ ਲਿਆ ਜਾਵੇ ਤਾਂ ਲੋਕ ਸਭਾ ਚੋਣਾਂ ਦਾ ਕੁੱਲ ਖਰਚ ਉਪਰੋਕਤ ਸਰਕਾਰੀ ਖਰਚਿਆਂ ਦੇ ਦਸ ਗੁਣਾ ਤੋਂ ਵੀ ਵੱਧ ਹੋਵੇਗਾ।

“ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ” ਇਸ ਦੇਸ਼ ਦੇ ਲੋਕਾਂ ਨੂੰ ਕਿੰਨਾ ਭਾਰੀ ਪੈਂਦਾ ਹੈ, ਇਸ ਦਾ ਇੱਕ ਛੋਟਾ ਜਿਹਾ ਉਦਾਹਰਣ ਇਹ ਵੀ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਰਾਸ਼ਟਰਪਤੀ ਭਵਨ ਦਾ ਸਿਰਫ ਬਿਜਲੀ ਦਾ ਬਿਲ ਸਾਢੇ 16 ਕਰੋੜ ਰੁਪਏ ਦਾ ਸੀ। ਪ੍ਰਧਾਨ ਮੰਤਰੀ ਦਫ਼ਰਤ ਦਾ ਪਿਛਲੇ ਤਿੰਨ ਸਾਲਾਂ ਦੀ ਬਿਜਲੀ ਦਾ ਬਿਲ 37.26 ਲੱਖ ਰੁਪਏ ਸੀ। ਇਹ ਸਾਰਾ ਖਰਚ ਅਤੇ ਸਾਰੇ ਮੰਤਰੀਆਂ ਦੇ ਦਫਤਰਾਂ, ਸਕੱਤਰਾਂ ਦੇ ਦਫ਼ਤਰਾਂ ਅਤੇ ਸੰਸਦ ਭਵਨ ਦੀ ਬਿਜਲੀ ਦਾ ਖਰਚ ਕੇਂਦਰੀ ਸਰਵਜਨਕ ਨਿਰਮਾਣ ਵਿਭਾਗ (ਸੀ.ਪੀ.ਡਬਲਯੂ.ਡੀ.) ਨੇ ਉਠਾਇਆ। ਪੰਜ ਸਾਲਾਂ ਦਾ ਸਿਰਫ ਬਿਜਲੀ ਦਾ ਹੀ ਕੁੱਲ ਅੰਦਾਜਨ ਖਰਚ ਅਰਬਾਂ ਰੁਪਏ ਹੈ। ਸਾਰੇ ਸਰਕਾਰੀ ਭਵਨਾਂ ਦੀ ਸਾਭ-ਸੰਭਾਲ ਅਤੇ ਸਿਆਸਤਦਾਨਾਂ ਦੀ ਫਰਮਾਇਸ਼ ਦੇ ਅਨੁਸਾਰ ਲਗਾਤਾਰ ਹੁੰਦੇ ਰਹਿਣ ਵਾਲ਼ੇ ਨਿਰਮਾਣ-ਕਾਰਜ਼ ’ਤੇ ਅੰਦਾਜਨ ਅਰਬਾਂ ਰੁਪਏ ਖਰਚ ਹੁੰਦੇ ਹਨ। 340 ਅਰਾਮ ਕਮਰਿਆਂ ਵਾਲੇ ਕਈ ਏਕੜ ਦੇ ਬਾਗਾਂ ਪਾਰਕਾਂ ਵਾਲ਼ੇ ਰਾਸ਼ਟਰਪਤੀ ਭਵਨ ਦੀ ਸਾਂਭ-ਸੰਭਾਲ ’ਤੇ ਸਲਾਨਾ ਕਰੋੜਾਂ ਰੁਪਏ ਖਰਚ ਹੁੰਦੇ ਹਨ। ਭਾਰਤ ਦੇ ਖਰਚੀਲੇ ਅਤੇ ਅੱਯਾਸ਼ ਲੋਕਤੰਤਰ ਅਤੇ ਬਸਤੀਵਾਦੀ ਵਿਰਾਸਤ ਦੇ ਪ੍ਰਤੀ ਖਿੱਚ ਦਾ ਇੱਕ ਜਿਉਂਦਾ ਪ੍ਰਤੀਕ ਚਿੰਨ੍ਹ ਹੈ ਰਾਸ਼ਟਰਪਤੀ ਭਵਨ, ਜੋ ਕਦੇ ਵਾਇਸਰਾਇ ਦਾ ਨਿਵਾਸ-ਸਥਾਨ ਹੁੰਦਾ ਸੀ। ਇਹ ਇਮਾਰਤ ਇੰਨੀ ਵੱਡੀ ਹੈ ਕਿ ਸਰਕਾਰੀ ਕੰਮਕਾਜ ਦੇ ਲਗਭਗ ਸਾਰੇ ਦਫ਼ਤਰ ਇਸੇ ਵਿੱਚ ਵਿਵਸਥਿਤ ਹੋ ਸਕਦੇ ਹਨ। ਪ੍ਰਸਿੱਧ ਲੇਖਕ ਤਵਲੀਨ ਸਿੰਘ ਨੇ ਇੱਕ ਵਾਰ ਸੁਝਾਅ ਦਿੱਤਾ ਸੀ ਕਿ ਮੰਤਰੀਆਂ ਸਹਿਤ ਰਾਜਸਭਾ-ਲੋਕਸਭਾ ਦੇ ਕੁੱਲ 780 ਮੈਂਬਰਾਂ ਨੂੰ ਇਕੱਠੇ ਹੋਸਟਲਾਂ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਚਲੋ ਕੁੱਝ ਦਇਆ ਕਰੀਏ। ਜੇ ਇਨਾਂ ਸਾਰੇ 780 ਮਹਾਂਪ੍ਰਭੂਆਂ ਨੂੰ ਇੱਕ ਜਾਂ ਦੋ ਕੰਪਲੈਕਸਾਂ ਵਿੱਚ ਦੋ ਤਿੰਨ ਬੈੱਡਰੂਮ, ਡਰਾਇੰਗ ਰੂਮ ਅਤੇ ਦਫ਼ਤਰ ਸਹਿਤ ਲਗਜ਼ਰੀ ਫਲੈਟਾਂ ਵਾਲ਼ੀਆਂ ਬਹੁਮੰਜਲੀ ਇਮਾਰਤਾਂ ਵਿੱਚ ਵਿਵਸਥਿਤ ਕਰ ਦਿੱਤਾ ਜਾਵੇ ਤਾਂ ਨਿਵਾਸ,

ਦੇਖ-ਰੇਖ, ਬਿਜਲੀ ਅਤੇ ਸੁਰੱਖਿਆ ਮੱਦਾਂ ਵਿੱਚ ਹੀ ਸਲਾਨਾਂ ਅਰਬਾਂ ਰੁਪਏ ਬਚਾਏ ਜਾ ਸਕਦੇ ਹਨ। ਫਿਲਹਾਲ ਕੁੱਝ ਹਜ਼ਾਰ ਲੀਡਰ ਅਤੇ ਅਫਸਰ ਇਕੱਲੇ ਦਿੱਲੀ ਦੇ ਓਨੇ ਵੱਡੇ ਇਲਾਕੇ ਵਿੱਚ ਰਹਿੰਦੇ ਹਨ, ਜਿੰਨੇ ਵਿੱਚ ਬਾਕੀ ਦਿੱਲੀ ਦੀ ਲਗਭਗ 80 ਲੱਖ ਅਬਾਦੀ ਰਹਿੰਦੀ ਹੈ। ਰਾਜ ਦੀਆਂ ਰਾਜਧਾਨੀਆਂ ਵਿੱਚ ਵੀ ਲਗਭਗ ਅਜਿਹੀ ਹੀ ਸਥਿਤੀ ਹੈ।

ਧਿਆਨ ਰਹੇ ਕਿ ਇਸ ਲੇਖ ਵਿੱਚ ਅਸੀਂ ਕੇਵਲ ਲੀਡਰਾਂ ਦੀ ਪਰਜੀਵੀ ਜਮਾਤ ਦੀ ਗੱਲ ਕਰ ਰਹੇ ਹਨ, ਉਸ ਵਿਸ਼ਾਲ ਨੌਕਰਸ਼ਾਹੀ ਤੰਤਰ ਦੇ ਤਨਖਾਹ ਭੱਤਿਆਂ ਅਤੇ ਹੋਰ ਖਰਚਿਆਂ ਦੀ ਇੱਥੇ ਚਰਚਾ ਨਹੀਂ ਕੀਤੀ ਗਈ ਹੈ ਜਿਸ ਵਿੱਚ ਉਪ-ਸਕੱਤਰ ਪੱਧਰ ਤੋਂ ਲੈ ਕੇ ਹੇਠਾਂ ਕਲੈਕਟਰ-ਤਹਿਸੀਲਦਾਰ ਤੱਕ, ਡੀ.ਜ਼ੀ.ਪੀ. ਤੋਂ ਲੈ ਕੇ ਐਸ.ਪੀ. ਤੱਕ, ਬਿਜਲੀ, ਸਿੰਚਾਈ, ਸਿਹਤ, ਸਿੱਖਿਆ, ਰੇਲ ਡਾਕ-ਤਾਰ, ਜੰਗਲਾਤ, ਆਵਾਜਾਈ, ਉਦਯੋਗ ਵਪਾਰ ਆਦਿ ਵਿਭਾਗਾਂ ਦੇ ਅਫਸਰਾਂ-ਇੰਜੀਨੀਅਰਾਂ ਤੱਕ—ਪੂਰੇ ਦੇਸ਼ ਵਿੱਚ ਲਗਭਗ 70-75 ਲੱਖ ਅਜਿਹੇ ਅਧਿਕਾਰੀ ਹੋਣਗੇ ਜੋ ਆਪਣੀ ਸਫੈਦ ਕਮਾਈ ਨਾਲ਼ ਪੱਛਮੀ ਦੇਸ਼ਾਂ ਦੇ ਪੈਮਾਨੇ ’ਤੇ ਉੱਚ ਮੱਧਵਰਗ ਦੀ ਜ਼ਿੰਦਗੀ ਬਿਤਾਉਂਦੇ ਹਨ, ਇਨਾਂ ਦੀ ਕਾਲ਼ੀ ਕਮਾਈ ਅਤੇ ਸਰਵਜਨਕ ਸੰਪਤੀ ਦੀ ਲੁੱਟ ਦੀ ਤਾਂ ਗੱਲ ਹੀ ਛੱਡ ਦੇਈਏ।

ਇਹ ਤਾਂ ਹੋਈ ਲੀਡਰਾਂ ਦੀ ਕਾਨੂੰਨੀ ਤੌਰ ’ਤੇ ਕਮਾਈ ਅਤੇ ਵਿਸ਼ੇਸ਼ ਸਹੂਲਤਾਂ ਦੀ ਗੱਲ, ਹੁਣ ਭ੍ਰਿਸ਼ਟਾਚਾਰ ਅਤੇ ਕਾਲ਼ੀ ਕਮਾਈ ਦੀ ਵੀ ਥੋੜ੍ਹੀ ਚਰਚਾ ਕਰ ਲਈ ਜਾਵੇ, ਜੋ ਅਸਲ ਵਿੱਚ ਸਫੈਦ ਤੋਂ ਦਸ ਗੁਣਾ-ਵੀਹ ਗੁਣਾ ਵਧੇਰੇ ਹੁੰਦੀ ਹੈ। ਗੱਲ ਥੋੜ੍ਹਾ ਪਹਿਲਾਂ ਤੋਂ ਸ਼ੁਰੂ ਕੀਤੀ ਜਾਵੇ।

ਲੀਡਰਾਂ ਦੁਆਰਾ ਕਮਿਸ਼ਨਖੋਰੀ ਅਤੇ ਰਿਸ਼ਵਤ ਨਾਲ਼ ਧਨ ਕਮਾਉਣ ਅਤੇ ਸਵਿਸ ਬੈਂਕਾਂ ਵਿੱਚ ਜਮਾਂ ਕਰਨ ਦਾ ਕੰਮ ਨਹਿਰੂ ਯੁੱਗ ਵਿੱਚ ਸ਼ੁਰੂ ਹੋ ਚੁੱਕਾ ਸੀ, ਪਰ ਉਸ ਸਮੇਂ ਪੂੰਜੀਵਾਦੀ ਰਾਜਨੀਤੀ ਇਸ ਹੱਦ ਤੱਕ ਨਿੱਘਰੀ ਨਹੀਂ ਹੋਈ ਸੀ। 1950 ਅਤੇ 1960 ਦੇ ਦਹਾਕਿਆਂ ਵਿੱਚ ਅਖ਼ਬਾਰਾਂ ਦੇ ਪੰਨਿਆਂ ’ਤੇ ਸਿਰਫ ਕੁੱਝ ਘੁਟਾਲ਼ਿਆਂ ਦੀ ਚਰਚਾ ਹੀ ਦੇਖਣ ਨੂੰ ਮਿਲਦੀ ਸੀ। 1970 ਦੇ ਦਹਾਕੇ ਵਿੱਚ ਦਲਬਦਲ ਅਤੇ ਰਾਜਨੀਤਕ ਮੌਕਾਪ੍ਰਸਤੀ ਦੇ ਨਾਲ਼ ਹੀ ਲੀਡਰਾਂ ਅਤੇ ਨੌਕਰਸ਼ਾਹਾਂ ਦੁਆਰਾ ਦਲਾਲੀ, ਰਿਸ਼ਵਤਖੋਰੀ, ਘੁਟਾਲਿਆਂ ਵਿੱਚ ਭਾਰੀ ਵਾਧਾ ਹੋਇਆ। ਸਰਵਜਨਕ ਖੇਤਰ ਦੇ ਬੈਂਕਾਂ ਅਤੇ ਵਿਭਾਗਾਂ ਤੋਂ ਫਾਇਦਾ ਲੈਣ, ਅਪੂਰਤੀ ਤੇ ਨਿਰਮਾਣ ਦੇ ਸਰਕਾਰੀ ਠੇਕੇ ਹਾਸਿਲ ਕਰਨ, ਆਯਾਤ-ਨਿਰਯਾਤ ਦੇ ਲਾਇਸੇਂਸ ਹਾਸਿਲ ਕਰਨ ਅਤੇ ਕਰ ਚੋਰੀ ਕਰਨ ਲਈ ਪੂੰਜੀਪਤੀ, ਵਪਾਰੀ ਅਤੇ ਠੇਕੇਦਾਰ ਲੀਡਰਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਵੱਡੇ ਪੈਮਾਨੇ ’ਤੇ ਕਮੀਸ਼ਨ ਅਤੇ ਰਿਸ਼ਵਤ ਦੇਣ ਲੱਗੇ। ਇਸ ਤੋਂ ਬਿਨਾਂ ਆਮ ਲੋਕ ਹਰ ਛੋਟੇ ਮੋਟੇ ਕੰਮ ਦੇ ਲਈ ਸਰਕਾਰੀ ਦਫ਼ਤਰਾਂ ਤੋਂ ਲੈ ਕੇ ਕਚਹਿਰੀਆਂ ਤੱਕ ਕਦਮ-ਕਦਮ ’ਤੇ ਰਿਸ਼ਵਤ ਦਿੰਦੇ ਰਹੇ, ਉਹ ਵੀ ਵੰਡਦੀ ਹੋਈ ਉੱਪਰ ਤੱਕ ਪਹੁੰਚਦੀ ਰਹੀ। ਇਹ ਰਕਮ ਪੂੰਜੀਪਤੀਆਂ-ਵਪਾਰੀਆਂ, ਠੇਕੇਦਾਰਾਂ ਦੁਆਰਾ ਦਿੱਤੀ ਗਈ ਦਲਾਲੀ ਜਾਂ ਕਮਿਸ਼ਨ ਦੀ ਰਕਮ ਤੋਂ ਘੱਟ ਨਹੀਂ ਸਗੋਂ ਜਿਆਦਾ ਹੀ ਸੀ। ਪੂੰਜੀਪਤੀ-ਵਪਾਰੀ ਵੀ ਲੀਡਰਾਂ-ਅਫ਼ਸਰਾਂ ਨੂੰ ਜੋ ਰਿਸ਼ਵਤ-ਕਮੀਸ਼ਨ ਦਿੰਦੇ ਹਨ, ਉਸਦੀ ਪੂਰਤੀ ਆਮ ਲੋਕਾਂ ਨੂੰ ਨਿਚੋੜਕੇ ਅਤੇ ਠੱਗ ਕੇ ਹੀ ਕਰਦੇ ਹਨ। 1970 ਦੇ ਦਹਾਕੇ ਤੱਕ ਸਰਵਜਨਕ ਖੇਤਰ ਦੇ ਉੱਚ ਅਹੁਦੇਦਾਰ ਨੌਕਰਸ਼ਾਹ ਲੀਡਰਾਂ ਨੂੰ ਲੁੱਟ ਦਾ ਹਿੱਸੇਦਾਰ ਬਣਾ ਕੇ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨਾਲ਼ ਖੜ੍ਹੇ ਅਦਾਰਿਆਂ ਨੂੰ ਘੁਣ ਦੀ ਤਰਾਂ ਖੋਖਲਾ ਬਣਾਉਂਦੇ ਰਹੇ। ਫਿਰ ਆਇਆ 1980 ਦਾ ਦਹਾਕਾ, ਜਦੋਂ ਇੰਸਪੈਕਟਰ ਰਾਜ ਅਤੇ ਲਾਈਸੇਂਸ ਕੋਟਾ ਪ੍ਰਣਾਲ਼ੀ ਦਾ ਖਾਤਮਾ ਕਰਕੇ ਭਰਿਸ਼ਟਾਚਾਰ ਦਾ ਖਾਤਮਾ ਕਰਨ ਦਾ ਲੋਕਲੁਭਾਊ ਨਾਹਰਾ ਦਿੰਦੇ ਹੋਏ ਇੰਦਰਾ ਗਾਂਧੀ ਅਤੇ ਫਿਰ ਰਾਜੀਵ ਗਾਂਧੀ ਨੇ ਨਿੱਜੀਕਰਨ-ਉਦਾਰੀਕਰਨ ਦੇ ਦੌਰ ਵਾਸਤੇ ਭੂਮਿਕਾ ਤਿਆਰ ਕੀਤੀ। ਤਰਕ ਇਹ ਦਿੱਤਾ ਗਿਆ ਕਿ ਆਰਥਿਕ ਪ੍ਰਕਿਰਿਆ ’ਤੇ ਸਰਕਾਰੀ ਢਾਂਚੇ ਦੀ ਜਕੜ ਢਿੱਲੀ ਕਰਕੇ ਮੰਡੀ ਦੇ ਸੁਭਾਵਿਕ ਤਰਕ ਨੂੰ ਮੁਕਤ ਕਰਨ ਨਾਲ਼ ਤੇਜ਼ ਆਰਥਿਕ ਵਿਕਾਸ ਦੇ ਨਾਲ਼ ਹੀ ਭ੍ਰਿਸ਼ਟਾਚਾਰ ਵਿੱਚ ਕਮੀ ਆਵੇਗੀ। ਪਰ ਤੱਥ ਤੇ ਅੰਕੜੇ ਦਸਦੇ ਹਨ ਕਿ ਵਿਵਹਾਰ ਵਿੱਚ ਇਸਦਾ ਉਲਟਾ ਹੋਇਆ। ਸਰਕਾਰੀ ਵਿਕਾਸ ਯੋਜਨਾਵਾਂ ਵਿੱਚ ਧਨ ਦੀ ਲੁੱਟ ਤਾਂ ਪਹਿਲਾਂ ਤੋਂ ਹੀ ਚਲਦੀ ਰਹੀ ਹੈ ਅਤੇ ਉਨਾਂ ਸਰਕਾਰੀ ਦਫਤਰਾਂ ਵਿੱਚ ਵੀ ਭ੍ਰਿਸ਼ਟਾਚਾਰ ਜਾਰੀ ਰਿਹਾ, ਜਿਨ੍ਹਾਂ ਨਾਲ਼ ਆਮ ਲੋਕਾਂ ਦਾ ਵਾਹ ਪੈਂਦਾ ਸੀ। ਪਰ ਹੁਣ ਇੱਕ ਵੱਡਾ ਫਰਕ ਇਹ ਪਿਆ ਕਿ ਕੁਦਰਤੀ ਸਾਧਨਾਂ ਦੇ ਭੰਡਾਰਾਂ, ਰਾਜਕੀ ਅਦਾਰਿਆਂ ਅਤੇ ਜ਼ਮੀਨ ਆਦਿ ਨੂੰ ਦੇਸ਼ੀ-ਵਿਦੇਸ਼ੀ ਪੂੰਜੀਪਤੀਆਂ ਦੇ ਹਵਾਲੇ ਕਰਨ, ਉਨਾਂ ਨੂੰ ਮਹਿੰਗੇ ਸੌਦੇ ਅਤੇ ਠੇਕੇ ਦੇਣ, ਲਾਇਸੈਂਸ ਦੇਣ ਅਤੇ ਕਰਾਂ ਵਿੱਚ ਛੋਟ ਦੇਣ ਦੇ ਬਦਲੇ ਵਿੱਚ ਸਿਆਸਤਦਾਨਾ ਅਤੇ ਨੌਕਰਸ਼ਾਹਾਂ ਦੇ ਕਰੋੜਾਂ-ਅਰਬਾਂ ਰੁਪਏ ਦੀ ਦਲਾਲੀ ਮਿਲਣ ਲੱਗੀ। ਬੋਫੋਰਸ ਘੋਟਾਲ਼ਾ, ਚਾਰਾ ਘੋਟਾਲ਼ਾ, ਪਨਡੁੱਬੀ ਘੋਟਾਲ਼ਾ ਆਦਿ ਅਨੇਕਾਂ ਘੁਟਾਲ਼ਿਆਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਜੋ ਅੱਜ ਤੱਕ ਜ਼ਾਰੀ ਹੈ।

ਯਾਦ ਰੱਖਣਯੋਗ ਹੈ ਕਿ ਸਵਿਟਜ਼ਰਲੈਂਡ ਦੀ ਪ੍ਰਸਿੱਧ ਮੈਗਜ਼ੀਨ ‘ਸਵਾਇਜ਼ਰ ਇਲਸਟ੍ਰਾਇਟੀ’ ਨੇ 1991 ਵਿੱਚ ਲਿਖਿਆ ਸੀ ਕਿ ਸਾਬਕਾ ਪ੍ਰਧਾਨਮੰਤਰੀ ਰਾਜੀਵ ਗਾਂਧੀ ਤੀਜੀ ਦੁਨੀਆਂ ਦੇ ਉਨਾਂ 14 ਪਹਿਲੇ ਹਾਕਮਾਂ ਵਿੱਚ ਸ਼ਾਮਿਲ ਹਨ ਜਿਨਾਂ ਨੇ ਆਪਣਾ ਧਨ ਸਿਵਸ ਬੈਂਕਾਂ ਵਿੱਚ ਲੁਕੋ ਰੱਖਿਆ ਹੈ। ਉਨਾਂ ਦੇ ਸਿਵਸ ਬੈਂਕ ਖਾਤਿਆਂ ਵਿੱਚ 46 ਅਰਬ 25 ਕਰੋੜ ਰੁਪਏ ਜਮ੍ਹਾ ਹਨ। ਸੂਤਰਾਂ ਅਨੁਸਾਰ, 1984 ਵਿੱਚ ਅਰਥਚਾਰੇ ਦਾ ਸਰਵਜਨਕ ਕੰਟਰੋਲ ਹਟਾਉਣ ਦੇ ਨਾਲ਼ ਹੀ ਸਿਵਸ ਬੈਂਕ ਦੀ 1986 ਦੀ ਰਿਪੋਰਟ ਦੇ ਹਵਾਲੇ ਨਾਲ਼ ਅਰਥਸ਼ਾਸਤਰੀ ਬੀ. ਐਮ. ਭਾਟੀਆ ਨੇ ਆਪਣੀ ਕਿਤਾਬ ‘ਇੰਡੀਆਜ਼ ਮਿਡਲ ਕਲਾਸ’ ਵਿੱਚ ਸਿਵਸ ਬੈਂਕਾਂ ਵਿੱਚ ਜਮਾਂ ਭਾਰਤੀ ਕਾਲੇ ਧਨ ਦਾ ਪ੍ਰਮਾਣ 13 ਅਰਬ ਰੁਪਏ ਦੱਸਿਆ ਸੀ। ਫਿਰ ‘ਆਉਟਲੁਕ’ ਦੇ 26 ਮਾਰਚ 1997 ਦੇ ਅੰਕ ਵਿੱਚ ਸਵਿਟਜ਼ਰਲੈਂਡ ਦੇ ਦਿੱਲੀ ਸਥਿਤ ਦੂਤਾਵਾਸ ਦੇ ਉਪ ਪ੍ਰਮੁੱਖ ਦਾ ਇੱਕ ਬਿਆਨ ਛਪਿਆ ਸੀ ਜਿਸ ਦੇ ਅਨੁਸਾਰ ਭਾਰਤੀਆਂ ਦਾ ਸਿਵਸ ਬੈਂਕ ਵਿੱਚ ਜਮਾਂ ਧਨ 2 ਖਰਬ 80 ਅਰਬ

ਰੁਪਏ ਦੇ ਨੇੜੇ-ਤੇੜੇ ਸੀ ਅਤੇ ਹੁਣ ਇਸ ਸਾਲ, ਪਿਛਲੀ 8-9 ਮਈ ਨੂੰ ਸੀਐਨਐਨ-ਆਈ ਬੀਐਨ ਨਿਊਜ਼ ਚੈਨਲ ਨੇ ਸਿਵਸ ਬੈਂਕਿੰਗ ਐਸੋਸੀਏਸ਼ਨ ਦੀ 2006 ਦੀ ਰਿਪੋਰਟ ਦੇ ਹਵਾਲੇ ਨਾਲ਼ ਦੱਸਿਆ ਕਿ ਸਿਵਸ ਬੈਂਕਾਂ ਵਿੱਚ ਭਾਰਤੀਆਂ ਦੀ ਜਮਾਂ ਰਾਸ਼ੀ 1,456 ਅਰਬ ਡਾਲਰ ਹੈ। ਜੇ ਡਾਲਰ ਦਾ ਔਸਤ ਮੁੱਲ 40 ਰੁਪਏ ਵੀ ਮੰਨ ਲਿਆ ਜਾਵੇ ਤਾਂ ਇਹ ਧਨਰਾਸ਼ੀ 582 ਖਰਬ 40 ਅਰਬ ਰੁਪਏ ਹੋਵੇਗੀ। ਯਾਨੀ ਇਹ ਧਨਰਾਸ਼ੀ ਭਾਰਤ ਦੇ ਕੁੱਲ ਘਰੇਲੂ ਉਤਪਾਦ ਨਾਲ਼ੋਂ ਵੀ ਵੱਧ ਹੈ ਅਤੇ ਨਾਲ਼ ਹੀ, ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਤੋਂ ਲਗਭਗ ਪੰਜ ਗੁਣਾ ਜਿਆਦਾ ਹੈ (ਸਾਲ 2006-07 ਦੇ ਮੰਡੀ ਮੁੱਲਾਂ 'ਤੇ ਭਾਰਤ ਦਾ ਕੁੱਲ ਘਰੇਲੂ ਉਤਪਾਦ 414 ਖਰਬ 60 ਅਰਬ ਰੁਪਏ ਸੀ ਅਤੇ ਇਸ ਸਮੇਂ ਵਿਦੇਸ਼ੀ ਮੁਦਰਾ ਭੰਡਾਰ ਲਗਭਗ 300 ਅਰਬ ਡਾਲਰ ਹੈ)। ਵਰਨਣਯੋਗ ਹੈ ਕਿ ਸਿਵਸ ਬੈਂਕਾਂ ਵਿੱਚ ਹੋਰ ਕਈ ਦੇਸ਼ਾਂ ਦੇ ਲੋਕਾਂ ਦੁਆਰਾ ਕੁੱਲ ਜਮਾਂ ਰਾਸ਼ੀ ਤੋਂ ਵੀ ਵੱਧ ਇਕੱਲੇ ਭਾਰਤੀਆਂ ਨੇ ਜਮਾਂ ਕਰ ਰੱਖੀ ਹੈ। ਕਾਲ਼ਾ ਧਨ ਲੁਕਾਉਣ ਲਈ ਸਿਵਸ ਬੈਂਕਾਂ ਤੋਂ ਬਿਨਾਂ ਸੇਂਟ ਕਿਟਸ ਜਿਹੇ ਕਈ ਸਥਾਨ ਹਨ ਜਿੱਥੋਂ ਦੀਆਂ ਬੈਂਕਾਂ ਵਿੱਚ ਭਾਰਤੀਆਂ ਨੇ ਕਾਲ਼ੀ ਕਮਾਈ ਲੁਕੋ ਰੱਖੀ ਹੈ। ਕਾਲ਼ੇ ਧਨ ਅਤੇ 'ਅਨਅਕਾਉਂਟੇਂਡ ਮਨੀ' ਦੀ ਸਮਾਨੰਤਰ ਅਰਥਵਿਵਸਥਾ ਦੀ ਤਾਕਤ ਅਤੇ ਵਿਸਤਾਰ ਦਾ ਅਨੁਮਾਨ ਇਸ ਤੱਥ ਨਾਲ਼ ਲਾਇਆ ਜਾ ਸਕਦਾ ਹੈ ਕਿ ਵਿਦੇਸ਼ੀ ਬੈਂਕਾਂ ਵਿੱਚ ਜਮਾਂ ਪੈਸਾ ਅਸਲ ਵਿੱਚ ਇਸਦਾ ਇੱਕ ਛੋਟਾ ਜਿਹਾ ਹਿੱਸਾ ਹੀ ਹੈ। ਭਾਰਤ ਵਿੱਚ ਗੈਰ ਰਜ਼ਿਸਟਰਡ ਉਦਯੋਗਾਂ, ਨਕਲੀ ਸਮਾਨ ਬਣਾਉਣ ਵਾਲ਼ੇ ਉਦਯੋਗਾਂ, ਗੈਰ ਕਾਨੂੰਨੀ ਵਪਾਰ, ਤਸਕਰੀ ਆਦਿ ਵਿੱਚ ਲੱਗਿਆ ਧਨ ਜੋ ਲਗਾਤਾਰ ਕਾਲ਼ਾ ਧਨ ਪੈਦਾ ਕਰਦਾ ਰਹਿੰਦਾ ਹੈ, ਉਸ ਵਿੱਚ ਲੀਡਰਾਂ-ਨੌਕਰਸ਼ਾਹਾਂ ਦਾ ਵੀ ਧਨ ਲੱਗਿਆ ਰਹਿੰਦਾ ਹੈ। ਲੀਡਰਾਂ-ਨੌਕਰਸ਼ਾਹਾਂ ਦੀ ਅਰਬਾਂ-ਖਰਬਾਂ ਦੀ ਕਾਲੀ ਕਮਾਈ ਜ਼ਮੀਨ-ਜਾਇਦਾਦ ਵਿੱਚ ਬੇਨਾਮੀ ਸੰਪਤੀ ਦੇ ਰੂਪ ਵਿੱਚ ਲੱਗੀ ਹੈ। ਕਿਸੇ ਹੋਰ ਦੇ ਨਾਮ 'ਤੇ ਠੇਕੇਦਾਰੀ ਜਾਂ ਹੋਰ ਵਿੱਚ, ਇਲੈਕਟ੍ਰਾਨਿਕ ਮੀਡੀਆ ਅਤੇ ਸਿਨੇਮਾ ਵਿੱਚ ਵੀ ਲੀਡਰਾਂ-ਅਫ਼ਸਰਾਂ ਨੇ ਅਰਬਾਂ-ਖਰਬਾਂ ਦੀ ਪੂੰਜੀ ਲਾ ਰੱਖੀ ਹੈ।

ਉਦਾਰੀਕਰਨ-ਨਿੱਜੀਕਰਨ ਦੇ ਦੌਰ ਵਿੱਚ ਲੀਡਰਾਂ-ਅਫ਼ਸਰਾਂ ਦੀ ਕਾਲ਼ੀ ਕਮਾਈ ਵਿੱਚ ਬੇਸ਼ੁਮਾਰ ਵਾਧੇ ਦੇ ਕਾਰਨਾਂ ਨੂੰ ਸੌਖੇ ਹੀ ਸਮਝਿਆ ਜਾ ਸਕਦਾ ਹੈ। ਨਵਉਦਾਰਵਾਦੀ ਨੀਤੀਆਂ ਨੇ ਦੇਸ਼ੀ-ਵਿਦੇਸ਼ੀ ਪੂੰਜੀਪਤੀਆਂ ਦੇ ਮੁਨਾਫੇ ਅਤੇ ਪੂੰਜੀ ਸੰਗ੍ਰਿਹ ਦੇ ਸਾਰੇ ਕਾਨੂੰਨੀ ਰਾਹਾਂ ਤੋਂ ਬਿਨਾਂ ਗੈਰ-ਕਾਨੂੰਨੀ ਰਾਹ ਵੀ ਖੋਲ੍ਹ ਦਿੱਤੇ ਹਨ। ਮਨਮੋਹਨ ਸਰਕਾਰ ਨੇ 2004-05 ਦੇ ਸਲਾਨਾਂ ਬਜ਼ਟ ਵਿੱਚ ਪੂੰਜੀਪਤੀਆਂ ਨੂੰ 20 ਖਰਬ 67 ਅਰਬ ਰੁਪਏ, 2005-06 ਦੇ ਬਜ਼ਟ ਵਿੱਚ 23 ਖਰਬ 52 ਅਰਬ, 2006-07 ਦੇ ਬਜ਼ਟ ਵਿੱਚ 25 ਖਰਬ 60 ਅਰਬ ਅਤੇ 2007-08 ਦੇ ਬਜ਼ਟ ਵਿੱਚ 27 ਖਰਬ 90 ਅਰਬ ਰੁਪਏ ਦੀ ਛੋਟ ਦਿੱਤੀ। ਸਲਾਨਾਂ ਬਜ਼ਟ ਤੋਂ ਬਿਨਾਂ ਦੇਸ਼ ਦੀਆਂ ਸਾਢੇ ਤਿੰਨ ਲੱਖ ਕੰਪਨੀਆਂ 'ਤੇ ਲੱਗਣ ਵਾਲ਼ੇ ਟੈਕਸਾਂ ਵਿੱਚ ਛੋਟ ਦੀਆਂ ਗੁੰਜਾਇਸ਼ਾਂ ਇਸ ਹੱਦ ਤੱਕ ਵਧਾ ਦਿੱਤੀਆਂ ਗਈਆਂ ਕਿ ਮੁਨਾਫੇ 'ਤੇ ਟੈਕਸਾਂ ਦੀ ਦਰ 33.99 ਫੀਸਦੀ ਹੋਣ ਦੇ ਬਾਵਜੂਦ ਅਸਲ ਵਿੱਚ ਉਹ 20 ਫੀਸਦੀ ਤੋਂ ਵੀ ਘੱਟ ਕਰ ਦਿੱਤੀਆਂ ਹਨ।

ਜ਼ਾਹਿਰ ਹੈ ਕਿ ਹਰ ਅਜਿਹੀ ਛੋਟ 'ਤੇ ਕੇਂਦਰ ਅਤੇ ਰਾਜਾਂ ਦੇ ਲੀਡਰਾਂ-ਅਫਸਰਾਂ ਨੂੰ ਕਮੀਸ਼ਨ ਅਤੇ ਦਲਾਲੀ ਦੀ ਰਕਮ ਮਿਲਦੀ ਹੈ। ਇਸਤੋਂ ਬਿਨਾਂ ਸੈਨਿਕ ਸਾਜੋ ਸਮਾਨ, ਭਾਰੀ ਮਸ਼ੀਨਰੀ ਆਦਿ ਦੀ ਸਪਲਾਈ, ਤਕਨਾਲੋਜ਼ੀ ਸਬੰਧੀ ਸਮਝੌਤੇ, ਸੜਕ, ਰੇਲ ਕਾਰਖਾਨੇ ਆਦਿ ਸਰਵਜਨਕ ਨਿਰਮਾਣ ਕੰਮਾਂ ਦੇ ਠੇਕੇ, ਟੈਲੀਕਾਮ ਉਦਯੋਗ ਵਿੱਚ ਲਾਈਸੈਂਸ ਦੇਣ ਜਿਹੇ ਕੰਮ — ਇਨ੍ਹਾਂ ਸਾਰੇ ਧੰਦਿਆਂ ਵਿੱਚ ਲੀਡਰਾਂ-ਅਫਸਰਾਂ ਦੀ ਹਰਾਮ ਦੀ ਕਮਾਈ ਹੁੰਦੀ ਹੈ। ਠੇਕਾ ਲਾਇਸੈਂਸ ਆਦਿ ਨੂੰ ਲੈ ਕੇ ਵੱਖ-ਵੱਖ ਖੇਤਰਾਂ ਵਿੱਚ ਦੇਸ਼ੀ ਇਜ਼ਾਰੇਦਾਰ ਘਰਾਨਿਆਂ ਵਿੱਚ ਅਤੇ ਬਹੁਕੌਮੀ ਕੰਪਨੀਆਂ ਵਿੱਚ ਗਲ਼ ਵੱਢ ਮੁਕਾਬਲਾ ਚੱਲਦਾ ਹੈ ਅਤੇ ਉਹ ਲੀਡਰਾਂ-ਅਫਸਰਾਂ ਨੂੰ ਖਰੀਦਣ ਲਈ ਧਨ ਖਰਚ ਕਰਦੇ ਹਨ। ਬੈਂਕਿੰਗ-ਬੀਮਾ ਜਾਂ ਕਿਸੇ ਖੇਤਰ ਵਿਸ਼ੇਸ਼ ਵਿੱਚ ਵਿਦੇਸ਼ੀ ਪੂੰਜੀ-ਨਿਵੇਸ਼ ਦਾ ਅਨੁਪਾਤ ਵਧਾਉਣ ਜਾਂ ਨਿੱਜੀ ਖੇਤਰ ਦਾ ਦਖਲ ਵਧਾਉਣ ਲਈ ਸਰਕਾਰ ਦੇ ਦਰਜਨਾਂ ਮੰਤਰੀਆਂ ਅਤੇ ਦਰਜਨਾਂ ਅਫ਼ਸਰਾਂ ਨੂੰ ਦੇਸ਼ੀ-ਵਿਦੇਸ਼ੀ ਪੂੰਜੀਪਤੀ ਖਰੀਦ ਲੈਂਦੇ ਹਨ। ਇਨ੍ਹਾਂ ਸਾਰਿਆਂ ਕਰਕੇ ਨੇਤਾਸ਼ਾਹੀ ਅਤੇ ਅਫਸਰਸ਼ਾਹੀ ਅੱਜ ਐਸ਼ੋਅਰਾਮ ਦੇ ਦੀਪਾਂ 'ਤੇ ਰੋਮਨ ਸਾਮਰਾਜ ਦੇ ਪਤਣਸ਼ੀਲ ਦਿਨਾਂ ਵਾਲ਼ੇ ਦਾਸ-ਮਾਲਕਾਂ ਅਤੇ ਰਾਜਨੀਤੀਵਾਨਾਂ ਜਿਹਾ ਪਤਿਤ-ਅੱਯਾਸ਼ ਜੀਵਨ ਜਿਓਂ ਰਹੇ ਹਨ ਅਤੇ ਨਾਲ਼ ਹੀ ਸਾਰੇ ਚਿੱਟੇ-ਕਾਲ਼ੇ ਧੰਦਿਆਂ ਵਿੱਚ ਪੂੰਜੀ ਲਾ ਕੇ ਪੂੰਜੀਪਤੀਆਂ, ਸਮਗਲਰਾਂ ਅਤੇ ਅਪਰਾਧੀਆਂ ਦੇ ਪਾਰਟਨਰ ਬਣ ਰਹੇ ਹਨ।

ਇਹ ਬੇਵਜ਼੍ਹਾ ਨਹੀਂ ਹੈ ਕਿ ਹਰ ਪੰਜ ਸਾਲਾਂ ਬਾਅਦ ਇੱਕ-ਇੱਕ ਰਾਜਨੇਤਾ ਜਦੋਂ ਚੋਣ ਪਰਚਾ ਕਰਦੇ ਸਮੇਂ ਆਪਣੀ ਜਾਇਦਾਦ ਦਾ ਐਲਾਨ ਕਰਦਾ ਹੈ ਤਾਂ ਉਹ ਪੰਜ ਸਾਲਾਂ ਵਿੱਚ ਦਸ ਗੁਣੀ, ਵੀਹ ਗੁਣੀ ਹੋ ਜਾਂਦੀ ਹੈ। ਪਿਛਲੀਆਂ ਚੋਣਾਂ ਦੇ ਸਮੇਂ ਮਾਇਆਵਤੀ ਨੇ ਆਪਣੀ ਐਲਾਨੀ ਜਾਇਦਾਦ 52 ਕਰੋੜ ਰੁਪਏ ਦੱਸੀ ਸੀ। 2004 ਤੋਂ 2008 ਦੀਆਂ ਵਿਧਾਨਸਭਾ ਚੋਣਾਂ ਵਿੱਚ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐਚ. ਡੀ. ਕੁਮਾਰਸਵਾਮੀ ਦੀ ਐਲਾਨੀ ਜਾਇਦਾਦ 3.76 ਕਰੋੜ ਤੋਂ ਵਧਕੇ 49.72 ਕਰੋੜ ਰੁਪਏ, ਕਾਂਗਰਸੀ ਉਮੀਦਵਾਰ ਸੰਤੋਸ਼ ਲਾਂਡ ਦੀ ਜਾਇਦਾਦ 3.57 ਕਰੋੜ ਤੋਂ ਵਧਕੇ 56.08 ਕਰੋੜ ਰੁਪਏ, ਰਮੇਸ਼ ਲਛਮਣ ਰਾਵ ਜਾਟਕਿਹੋਲੀ ਦੀ ਜਾਇਦਾਦ 3.57 ਕਰੋੜ ਰੁਪਏ ਤੋਂ ਵਧਕੇ 39.87 ਕਰੋੜ ਰੁਪਏ ਅਤੇ ਅਜੇ ਕੁਮਾਰ ਸਰਨਾਇਕ ਦੀ ਜਾਇਦਾਦ 93 ਲੱਖ ਰੁਪਏ ਤੋਂ ਵਧਕੇ 21.25 ਕਰੋੜ ਰੁਪਏ ਹੋ ਗਈ। ਕਹਿਣ ਦੀ ਲੋੜ ਨਹੀਂ ਕਿ ਇਹ ਐਲਾਨੀ ਜਾਇਦਾਦ ਤਾਂ ਕੁੱਲ ਅਸਲੀ ਜਾਇਦਾਦ ਦਾ ਦਸਵਾਂ ਭਾਗ ਵੀ ਨਹੀਂ ਹੁੰਦੀ। ਸੰਪਤੀ ਦਾ ਵੱਡਾ ਹਿੱਸਾ ਤਾਂ ਕਾਲਾ ਧਨ, ਬੇਨਾਮੀ ਜਾਇਦਾਦ, ਗਹਿਣੇ-ਜਵਾਹਰਾਤ, ਰਿਸ਼ਤੇਦਾਰਾਂ ਦੇ ਨਾਮ 'ਤੇ ਰੱਖੀ ਗਈ ਜਾਇਦਾਦ ਅਤੇ ਭਰੋਸੇਮੰਦ ਲੋਕਾਂ ਦੇ ਨਾਮ 'ਤੇ ਵਪਾਰ ਧੰਦਿਆਂ ਵਿੱਚ ਲਾਏ ਗਏ ਪੈਸੇ ਦੇ ਰੂਪ ਵਿੱਚ ਹੁੰਦਾ ਹੈ। ਚੋਟੀ ਦੇ ਕਾਂਗਰਸ ਲੀਡਰਾਂ ਤੋਂ ਲੈ ਕੇ ਮੁਲਾਇਮ ਸਿੰਘ, ਲਾਲੂ ਪ੍ਰਸਾਦ, ਰਾਮਵਿਲਾਸ ਪਾਸਵਾਨ ਇਨਾਂ ਸਾਰਿਆਂ 'ਤੇ ਇਹ ਗੱਲ ਲਾਗੂ ਹੁੰਦੀ ਹੈ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਸਿਆਸਤਦਾਨਾ ਅਤੇ ਅਫ਼ਸਰਾਂ ਦੇ ਅੱਯਾਸ਼ੀ ਅਤੇ

ਫਜ਼ੂਲਖਰਚੀ ਦੇ ਕਿੱਸੇ ਪੁਰਾਣੇ ਰਾਜਿਆਂ-ਮਹਾਂਰਾਜਿਆਂ-ਨਵਾਬਾਂ ਨੂੰ ਵੀ ਮਾਤ ਪਾਉਂਦੇ ਹਨ। ਹੈਰਾਨੀ ਨਹੀਂ ਕਿ ਸਰਕਾਰਾਂ ਬਣਾਉਣ-ਢਾਹੁਣ ਦੀ ਖੇਡ ਵਿੱਚ ਕਰੋੜਾਂ ਅਤੇ ਅਰਬਾਂ ਦੇ ਲੈਣ-ਦੇਣ ਦੀ ਚਰਚਾ ਅਕਸਰ ਸੁਣਨ ਵਿੱਚ ਆਉਂਦੀ ਰਹਿੰਦੀ ਹੈ।

ਅਖ਼ਬਾਰ ਦੇ ਪੰਨਿਆਂ ’ਤੇ ਭ੍ਰਿਸ਼ਟਾਚਾਰ ਵਿਰੁੱਧ ਗਾਂਧੀਵਾਦੀ ਕਿਸਮ ਦਾ ਰੋਣਾ ਪਿੱਟਣਾ ਤੇ ਰੰਡੀ-ਸਿਆਪਾ ਜਾਰੀ ਰਹਿੰਦਾ ਹੈ। ਫਿਰ ਜੋ ਬੁੱਧੀਜੀਵੀ ਸੱਤਾ ਦੀ ਮਲਾਈ ਜੂਠ ਦੇ ਤੌਰ ’ਤੇ ਵੀ ਪਾ ਜਾਂਦਾ ਹੈ ਉਹ ਚੁੱਪ ਹੋ ਜਾਂਦਾ ਹੈ। ਪੂੰਜੀਵਾਦੀ ਢਾਂਚੇ ਦੇ ਚੇਤੰਨ ਪਹਿਰੇਦਾਰ ਜਦੋਂ ਦੇਖਦੇ ਹਨ ਕਿ ਪੂੰਜੀਵਾਦੀ ਲੋਕਤੰਤਰ ਦੀ ਨੌਟੰਕੀ ਸ਼ਰੇਆਮ ਭ੍ਰਿਸ਼ਟਾਚਾਰ ਦੇ ਗੰਦ ਦੀ ਤੌੜੀ ਫੁੱਟਦੇ ਰਹਿਣ ਨਾਲ਼ ਕੁੱਝ ਜਿਆਦਾ ਹੀ ਗੰਦੀ ਹੋ ਗਈ ਹੈ, ਤਦ ਉਹ ਭ੍ਰਿਸ਼ਟਾਚਾਰ ’ਤੇ ਕੰਟਰੋਲ ਲਈ ਕੁੱਝ ਕਦਮ ਚੁੱਕਦੇ ਹਨ। ਭ੍ਰਿਸ਼ਟਾਚਾਰ ਨਿਰੋਧਕ ਵਿਭਾਗ ਕੁੱਝ ਛਾਪੇ ਮਾਰਦਾ ਹੈ, ਕੁੱਝ ਆਦਰਸ਼ਵਾਦੀ ਅਫ਼ਸਰਾਂ ਨੂੰ ਮੀਡੀਆ ਨਾਇਕ ਦੇ ਰੂਪ ਵਿੱਚ ਪੇਸ਼ ਕਰਦਾ ਹੈ, ਕਦੇ ਲੋਕਪਾਲ ਬਿਲ ਲਿਆਦਾ ਜਾਂਦਾ ਹੈ ਤਾਂ ਕਦੇ ਭ੍ਰਿਸ਼ਟਾਚਾਰ ਵਿਰੋਧੀ ਸਖ਼ਤ ਕਾਨੂੰਨ ਦੀਆਂ ਗੱਲਾਂ ਹੁੰਦੀਆਂ ਹਨ ਅਤੇ ਫਿਰ ਕੁੱਝ ਦਿਨਾਂ ਬਾਅਦ ਹੀ ਸਭ ਕੁੱਝ ਉਵੇਂ ਹੀ ਚੱਲਣ ਲਗਦਾ ਹੈ।

ਭ੍ਰਿਸ਼ਟਾਚਾਰ ਪੂੰਜੀਵਾਦੀ ਸਮਾਜ ਦਾ ਸਰਵਵਿਆਪਕ ਵਰਤਾਰਾ ਹੈ। ਜਿੱਥੇ ਲੋਭ-ਲਾਭ ਦਾ ਸੱਭਿਆਚਾਰ ਹੋਵੇਗਾ, ਉੱਥੇ ਮੁਨਾਫਾ ਨਿਚੋੜਨ ਦੀ ਹਵਸ ਕਾਨੂੰਨੀ ਹੱਦਾਂ ਪਾਰ ਕਰਕੇ ਦੋਨੋਂ ਹੱਥੀਂ ਲੁੱਟਣ ਦੇ ਤਰਕਸ਼ੀਲ ਸਿੱਟੇ ’ਤੇ ਪਹੁੰਚ ਹੀ ਜਾਵੇਗੀ। ਭ੍ਰਿਸ਼ਟਾਚਾਰ ਪੱਛਮੀ ਦੇਸ਼ਾਂ ਵਿੱਚ ਵੀ ਹੈ, ਜਾਪਾਨ, ਰੂਸ ਅਤੇ “ਬਜ਼ਾਰ ਸਮਾਜਵਾਦੀ” ਚੀਨ ਵਿੱਚ ਵੀ ਹੈ। ਫਰਕ ਇਹ ਹੈ ਕਿ ਅਮੀਰ ਦੇਸ਼ਾਂ ਦੇ ਮੁਕਾਬਲੇ ਭਾਰਤ ਅਤੇ ਏਸ਼ੀਆ-ਅਫ਼ਰੀਕਾ-ਲਾਤਿਨ ਅਮਰੀਕਾ ਦੇ ਪਿਛੜੇ ਪੂੰਜੀਵਾਦੀ ਦੇਸ਼ਾਂ ਵਿੱਚ ਇਸਦਾ ਚਰਿੱਤਰ ਜਿਆਦਾ ਨੰਗਾ, ਗੰਦਾ ਅਤੇ ਬਰਬਰ ਲੋਕ ਵਿਰੋਧੀ ਹੈ। ਇਸਦਾ ਇੱਕ ਕਾਰਨ ਤਾਂ ਇਹ ਹੈ ਕਿ ਇਨਾਂ ਪਿਛੜੇ ਦੇਸ਼ਾਂ ਵਿੱਚ ਖੁਦ ਲੋਕਾਂ ਦੀ ਜਮਹੂਰੀ ਚੇਤਨਾ ਪੱਛੜੀ ਹੋਈ ਹੈ ਅਤੇ ਸਮਾਜ ਵਿੱਚ ਪੂੰਜੀਵਾਦੀ ਜਮਹੂਰੀ ਕਦਰਾਂ ਦਾ ਵੀ ਕਮਜ਼ੋਰ ਅਧਾਰ ਹੈ। ਦੂਜਾ, ਪੱਛਮੀ ਦੇਸ਼ਾਂ ਦੇ ਰਾਜਨੇਤਾਵਾਂ-ਨੌਕਰਸ਼ਾਹਾਂ ਨੂੰ ਕਾਨੂੰਨੀ ਕਮਾਈ ਨਾਲ਼ ਹੀ, ਯਾਨੀ ਪੂੰਜੀਪਤੀਆਂ ਦੀ ਸੇਵਾ ਕਰਨ ਦੇ ਇਵਜ਼ ਵਜੋਂ ਕਾਨੂੰਨੀ ਤੌਰ ’ਤੇ ਪ੍ਰਾਪਤ ਧਨ ਨਾਲ਼ ਹੀ ਕਾਫੀ ਉੱਚਾ ਜੀਵਨ ਪੱਧਰ ਮਿਲ ਜਾਂਦਾ ਹੈ। ਭਾਰਤ ਦੇ ਬੁੱਧੀਜੀਵੀ ਵਰਗ ਦਾ ਜੋ ਹਿੱਸਾ ਰਾਜਨੀਤੀ ਜਾਂ ਪ੍ਰਸ਼ਾਸ਼ਨਿਕ ਸੇਵਾ ਵਿੱਚ ਆਉਂਦਾ ਹੈ, ਉਨਾਂ ਵਿੱਚ ਜ਼ਿਆਦਾਤਰ ਸਾਬਕਾ ਜਗੀਰਦਾਰਾਂ ਅਤੇ ਜਗੀਰੂ ਕੁਲੀਨਾਂ ਦੇ ਵਾਰਿਸ ਹਨ, ਜੋ ਲੋਕਾਂ ਦੀਆਂ ਹੱਡੀਆਂ ਨਿਚੋੜਕੇ ਅੱਯਾਸ਼ ਜੀਵਨ ਜਿਉਣਾ ਚਾਹੁੰਦੇ ਹਨ ਅਤੇ ਪੀੜ੍ਹੀਆਂ ਲਈ ਸੁਖ-ਸੁਵਿਧਾ ਦੀ ਗਰੰਟੀ ਕਰ ਲੈਣਾ ਚਾਹੁੰਦੇ ਹਨ। ਆਮ ਘਰਾਂ ਦੇ ਜੋ ਲੋਕ ਇਨਾਂ ਦੀਆਂ ਕਤਾਰਾਂ ਵਿੱਚ ਸ਼ਾਮਿਲ ਹੋ ਜਾਂਦੇ ਹਨ, ਉਹ ਵੀ ਆਪਣੇ ਜਿਹਿਆਂ ਦਾ ਪੱਖ ਛੱਡ ਕੇ ਧਨ-ਜਾਇਦਾਦ ਜੋੜਨ ਵਿੱਚ ਲੱਗ ਜਾਂਦੇ ਹਨ। ਕਦੇ ਕਦੇ ਤਾਂ ਪੁਰਾਣੇ ਕੁਲੀਨਾਂ ਦੇ ਵਾਰਿਸਾਂ ਨੂੰ ਵੀ ਇਸ ਮਾਇਨੇ ਵਿੱਚ ਪਿੱਛੇ ਛੱਡ ਦੇਣਾ ਚਾਹੁੰਦੇ ਹਨ। ਗੈਰਕਾਨੂੰਨੀ ਲੁੱਟ ਦੀ ਇਹੀ ਪ੍ਰਕਿਰਿਆ ਨਿੱਜੀਕਰਨ-ਉਦਾਰੀਕਰਨ ਦੇ ਦੌਰ ਵਿੱਚ ਆਪਣੇ ਸਿਖਰ ਤੱਕ ਪਹੁੰਚ ਚੁੱਕੀ ਹੈ।

ਪੂੰਜੀਵਾਦੀ ਜਮਹੂਰੀਅਤ ਦੇ ਸਾਰੇ ਨਾਟਕ ਦਾ ਸਾਰ ਤੱਤ ਇਹ ਹੈ ਕਿ ਸਰਕਾਰਾਂ ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਦਾ ਕੰਮ ਕਰਦੀਆਂ ਹਨ, ਸੰਸਦ ਵਿੱਚ ਬਹਿਸਬਾਜ਼ੀ ਕਰਨ ਵਾਲ਼ੇ ਲੋਕ ਆਗੂ ਦੇ ਢੌਂਗ ਨੂੰ ਵਿਸ਼ਵਾਸ਼ਯੋਗ ਬਣਾਉਂਦੇ ਹਨ, ਨੌਕਰਸ਼ਾਹੀ ਸ਼ਾਸ਼ਨ ਅਤੇ ਲੁੱਟ ਦੀਆਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦਾ ਕੰਮ ਕਰਦੀ ਹੈ ਅਤੇ ਫੌਜ-ਪੁਲਿਸ ਹਰ ਵਿਦਰੋਹ ਨੂੰ ਕੁਚਲ ਦੇਣ ਲਈ ਪੱਬਾਂ-ਭਾਰ ਰਹਿੰਦੀ ਹੈ। ਇਨਾਂ ਸਾਰੇ ਕੰਮਾਂ ਵਿੱਚ ਲੱਗੇ ਹੋਏ ਲੋਕ ਪੂੰਜੀਵਾਦ ਦੇ ਵਫ਼ਾਦਾਰ ਸੇਵਕ ਹੁੰਦੇ ਹਨ, ਜਿਨਾਂ ਤੋਂ ਬਿਨਾਂ ਪੂੰਜੀਵਾਦੀ ਢਾਂਚਾ ਚੱਲ ਹੀ ਨਹੀਂ ਸਕਦਾ। ਇਨਾਂ ਸਾਰਿਆਂ ਨੂੰ ਉੱਚੀਆਂ ਤਨਖਾਹਾਂ-ਭੱਤੇ ਅਤੇ ਵਿਸ਼ੇਸ਼ ਅਧਿਕਾਰਾਂ ਦੇ ਰੂਪ ਵਿੱਚ ਆਪਣੇ ਕੰਮ ਦੀ ਕੀਮਤ ਮਿਲ਼ਦੀ ਹੈ, ਪਰ ਇਹ ਲੋਕ ਜਿਸ ਜਗ੍ਹਾ ਬੈਠੇ ਹੁੰਦੇ ਹਨ, ਉੱਥੇ ਕੋਈ ਭਰਮ ਨਹੀਂ ਹੁੰਦਾ। ਇਹ ਸਾਰੇ ਜਾਣਦੇ ਹਨ ਕਿ ਉਹ ਲੁਟੇਰੇਆਂ ਦੇ ਸੇਵਕ ਆਪਣੇ ਮਾਲਕਾਂ ਦੇ ਪ੍ਰਤੀ ਵਫ਼ਾਦਾਰ ਤਾਂ ਹੋ ਸਕਦੇ ਹਨ, ਪਰ ਇੱਕ ਸਮਾਜਿਕ ਸ਼੍ਰੇਣੀ ਦੇ ਤੌਰ ’ਤੇ ਨੈਤਿਕ ਅਤੇ ਸਦਾਚਾਰੀ ਕਦੇ ਵੀ ਨਹੀਂ ਹੋ ਸਕਦੇ। ਇਸ ਲਈ ਸੁਆਮੀ ਵਰਗ ਦੀ ਚਾਕਰੀ ਕਰਦੇ ਹੋਏ, ਨੀਤੀਆਂ ਬਣਾਉਂਦੇ ਅਤੇ ਲਾਗੂ ਕਰਦੇ ਹੋਏ ਤੇ ਦੱਬੇ-ਕੁਚਲੇ ਲੋਕਾਂ ਨੂੰ ਭਰਮਾਉਂਦੇ-ਠਗਦੇ-ਦਬਾਉਂਦੇ ਅਤੇ ਕੁਚਲਦੇ ਹੋਏ ਜਿੱਥੇ ਵੀ ਉਹਨਾਂ ਨੂੰ ਮੌਕਾ ਮਿਲ਼ਦਾ ਹੈ, ਉਸਦਾ ਲਾਭ ਉਠਾਕੇ ਆਪਣੀ ਜੇਬ੍ਹ ਗਰਮ ਕਰ ਲੈਣ ਤੋਂ ਕਦੇ ਵੀ ਨਹੀਂ ਕਤਰਾਉਂਦੇ। ਇਨਾਂ ਦੇ ਮਨਾਂ ਵਿੱਚ ਇਹ ਤੀਖੀ ਇੱਛਾ ਤਾਂ ਹੁੰਦੀ ਹੀ ਹੈ ਕਿ ਉਹ ਵੀ ਆਪਣੇ ਮਾਲਕਾਂ ਦੀ ਤਰਾਂ, ਕਾਨੂੰਨੀ-ਗੈਰਕਾਨੂੰਨੀ ਤਰੀਕੇ ਨਾਲ਼ ਪੂੰਜੀ ਲਾ ਕੇ ਮੁਨਾਫਾ ਕਮਾਉਣ ਅਤੇ ਨੇਤਾਸ਼ਾਹੀ-ਅਫ਼ਸਰਸ਼ਾਹੀ ਦਾ ਇੱਕ ਹਿੱਸਾ ਪੂੰਜੀਵਾਦੀ ਅਦਾਰਿਆਂ ਦੇ ਸ਼ੇਅਰ ਖਰੀਦਣ ਦਾ ਕੰਮ ਜਾਂ ਪੂੰਜੀਪਤੀਆਂ ਦੇ ਕਮਿਸ਼ਨ ਏਜੰਟ ਦਾ ਕੰਮ ਕਰਨ ਵਾਲ਼ਿਆਂ ਵਿੱਚ ਲਗਾਤਾਰ ਸ਼ਾਮਿਲ ਹੁੰਦਾ ਰਹਿੰਦਾ ਹੈ। ਬਾਕੀ ਹਰਾਮ ਦੀ ਕਮਾਈ ਲੁਕਾਉਣ, ਠੇਕਾ ਪੱਟੀ ਕਰਨ, ਬੇਨਾਮੀ ਸੰਪਤੀ ਜੁਟਾਉਣ ਜਾਂ ਪੈਟਰੋਲ ਪੰਪ ਲੈਣ ਜਿਹੇ ਕੰਮਾਂ ਵਿੱਚ ਲੱਗਿਆ ਰਹਿੰਦਾ ਅਤੇ ਇੱਕ ਜਿਲ੍ਹਾ ਪੱਧਰ ਦਾ ਅਫ਼ਸਰ ਅਤੇ ਇੱਕ ਵਾਰ ਦਾ ਵਿਧਾਇਕ ਵੀ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਉੱਚਮੱਧਵਰਗੀ ਜੀਵਨ ਦੀ ਗਰੰਟੀ ਤਾਂ ਹਾਸਲ ਕਰ ਹੀ ਲੈਂਦਾ ਹੈ।

ਇੰਞ ਵੀ ਕਿਹਾ ਜਾ ਸਕਦਾ ਹੈ ਕਿ ਪੂੰਜੀਵਾਦੀ ਸਮਾਜ ਵਿੱਚ ਚਿੱਟੇ ਧਨ ਦੇ ਅਰਥਚਾਰੇ ਦੇ ਨਾਲ਼-ਨਾਲ਼ ਕਾਲ਼ੇ ਧਨ ਦਾ ਅਰਥਚਾਰਾ ਵੀ ਜ਼ਰੂਰ ਹੀ ਮੌਜੂਦ ਰਹਿੰਦਾ ਹੈ ਜੋ ਪੂੰਜੀਪਤੀਆਂ ਨੂੰ ਗੈਰਕਾਨੂੰਨੀ ਕਮਾਈ ਦਾ ਮੌਕਾ ਦੇਣ ਦੇ ਨਾਲ਼ ਹੀ ਲੀਡਰਾਂ-ਅਫ਼ਸਰਾਂ ਸਹਿਤ ਸਾਰੇ ਪਰਜੀਵੀ ਵਰਗਾਂ ਨੂੰ ਲੁੱਟਣ ਦੇ ਮੌਕੇ ਉਪਲਬਧ ਕਰਵਾਉਂਦਾ ਹੈ। ਭ੍ਰਿਸ਼ਟਾਚਾਰ ਅਤੇ ਕਾਲ਼ੀ ਕਮਾਈ ਸ਼ੁਰੂ ਤੋਂ ਹੀ ਪੂੰਜੀਵਾਦੀ-ਸੰਗ੍ਰਹਿ ਪ੍ਰਣਾਲ਼ੀ ਦੇ ਅਟੁੱਟ ਅੰਗ ਦੇ ਰੂਪ ਵਿੱਚ ਮੌਜੂਦ ਰਹੇ ਹਨ। ਬੁਰਜੂਆਜ਼ੀ ਨੇ ਪੂੰਜੀਵਾਦੀ ਢਾਂਚੇ ਦੇ ਜਨਮ ਅਤੇ ਵਿਕਾਸ ਦੇ ਦੌਰ ਵਿੱਚ ਨਿਯਮ-ਕਾਨੂੰਨਾਂ ਦਾ ਅਜਿਹਾ ਢਾਂਚਾ ਤਿਆਰ ਕੀਤਾ ਹੈ ਜਿਸ ਨਾਲ਼ ਵਧਦਾ ਭ੍ਰਿਸ਼ਟਾਚਾਰ ਪੂੰਜੀਵਾਦੀ ਲੁੱਟ ਦੀ ਪੂਰੀ ਪ੍ਰਣਾਲ਼ੀ ਦੇ ਸਚਾਰੂ ਸੰਚਾਲਨ ਵਿੱਚ

ਰੁਕਾਵਟ ਨਾ ਬਣੇ ਅਤੇ ਪੂੰਜੀਵਾਦੀ ਜਮਹੂਰੀ ਆਦਰਸ਼ਾਂ ਤੋਂ ਲੋਕ ਬੇਮੁਖ ਨਾ ਹੋਣ। ਫਿਰ ਵੀ ਕਿਉਂਕਿ ਆਪਸੀ ਮੁਕਾਬਲੇ ਵਿੱਚ ਪੂੰਜੀਪਤੀ ਖੁਦ ਹੀ ਸ਼ੋਸ਼ਣ ਭ੍ਰਿਸ਼ਟਾਚਾਰ ਲੁੱਟ ਅਤੇ ਸੰਗ੍ਰਿਹ ਦੇ ਇੱਕ ਜ਼ਰੀਏ ਦੇ ਰੂਪ ਵਿੱਚ ਵਰਤਦੇ ਹਨ, ਇਸ ਲਈ ਰਾਜਨੀਤਕ ਢਾਂਚੇ ਤੇ ਨੌਕਰਸ਼ਾਹੀ ਵਿੱਚ ਭ੍ਰਿਸ਼ਟਾਚਾਰ ਦੀ ਲਾਗ ਦਾ ਸਮੇਂ-ਸਮੇਂ 'ਤੇ ਗੰਭੀਰ ਹੋ ਜਾਣਾ ਲਾਜ਼ਮੀ ਸੀ ਅਤੇ ਇਹੀ ਹੁੰਦਾ ਰਿਹਾ ਹੈ।

ਮੌਜੂਦਾ ਨਵਉਦਾਰਵਾਦੀ ਦੌਰ ਨੇ ਸਾਰੀਆਂ ਬੁਰਜੂਆ ਜਮਹੂਰੀ ਕਦਰਾਂ-ਕੀਮਤਾਂ ਨੂੰ ਖੁਦ ਹੀ ਛਿਲਕੇ ਦੀ ਤਰਾਂ ਪੂੰਜੀਵਾਦ ਦੇ ਸਰੀਰ ਤੋਂ ਉਤਾਰ ਸੁੱਟਿਆ ਹੈ। ਸਭ ਕੁੱਝ ਮੰਡੀ ਦੀਆਂ ਸ਼ਕਤੀਆਂ ਦੇ ਹਵਾਲੇ ਕਰਨ ਅਤੇ "ਕਲਿਆਣਕਾਰੀ ਰਾਜ" ਦੇ ਦੌਰ ਦੇ ਭੋਗ ਪੈਣ ਤੋਂ ਬਾਅਦ ਸਰਕਾਰਾਂ ਇੱਕਦਮ ਖੁੱਲ੍ਹੇ ਰੂਪ ਵਿੱਚ ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਬਣ ਚੁੱਕੀਆਂ ਹਨ। ਹਰ ਤਰਾਂ ਦੀ ਕਮਿਸ਼ਨਖੋਰੀ, ਦਲਾਲੀ, ਲੈਣ-ਦੇਣ, ਰਿਸ਼ਵਤ—ਸਭ ਕੁੱਝ ਪੂੰਜੀ ਦੇ 'ਖੁੱਲ੍ਹਾ ਖੇਲ ਫਰੁਖਾਬਾਦੀ' ਦਾ ਸੁਭਾਵਿਕ ਹਿਸਾ ਮੰਨਿਆਂ ਜਾਣ ਲੱਗਿਆ ਹੈ। ਲੀਡਰਾਂ, ਅਫਸਰਾਂ, ਦਲਾਲਾਂ ਅਤੇ ਪੇਸ਼ੇਵਰ ਅਪਰਾਧੀਆਂ ਤੱਕ ਵਿੱਚ ਨਾ ਸਿਰਫ ਖੁੱਲੇ ਗੱਠਜੋੜ ਬਣ ਚੁੱਕੇ ਹਨ, ਸਗੋਂ ਉਹਨਾਂ ਵਿਚਲੀਆਂ ਨਿਖੇੜੇ ਦੀਆਂ ਲੀਕਾਂ ਵੀ ਮਿਟ ਚੁੱਕੀਆਂ ਹਨ। **ਅੱਜ ਦਾ ਪੂੰਜੀਵਾਦ ਜਿਸ ਤਰਾਂ ਲਾਇਲਾਜ਼ ਢਾਂਚਾਗਤ ਆਰਥਿਕ ਸੰਕਟ ਦਾ ਸ਼ਿਕਾਰ ਹੈ, ਉਸੇ ਤਰਾਂ ਉਹ ਰਾਜਨੀਤਕ-ਸੱਭਿਆਚਾਰਕ ਅਤੇ ਨੈਤਿਕ ਸੰਕਟ ਦਾ ਸ਼ਿਕਾਰ ਹੈ। ਭ੍ਰਿਸ਼ਟਾਚਾਰ ਇਸੇ ਦਾ ਇੱਕ ਪ੍ਰਗਟਾਵਾ ਹੈ, ਸਿੱਟਾ ਹੈ ਅਤੇ ਲੱਛਣ ਹੈ।**

ਇਸ ਲੇਖ ਵਿੱਚ ਸਾਡੀ ਚਰਚਾ ਦਾ ਵਿਸ਼ਾ ਸਿਰਫ ਭਾਰਤ ਦੀ ਪੂੰਜੀਵਾਦੀ ਰਾਜਨੀਤਕ ਪ੍ਰਣਾਲ਼ੀ ਵਿੱਚ ਮੌਜੂਦ ਭ੍ਰਿਸ਼ਟਾਚਾਰ ਹੀ ਨਹੀਂ ਹੈ। ਅਸੀਂ ਸ਼ੁਰੂਆਤ ਇਸ ਚਰਚਾ ਨਾਲ਼ ਹੀ ਕੀਤੀ ਸੀ ਕਿ ਮੰਤਰੀਆਂ, ਲੋਕ ਆਗੂਆਂ 'ਤੇ ਕਿਸ ਤਰਾਂ ਸਲਾਨਾ ਖਰਬਾਂ ਰੁਪਏ ਬਿਲਕੁਲ ਫਾਲਤੂ ਖਰਚ ਹੁੰਦੇ ਹਨ ਅਤੇ ਭਾਰਤ ਦਾ ਵਿਸ਼ਾਲ ਪੂੰਜੀਵਾਦੀ ਜਮਹੂਰੀ ਸੰਸਦੀ ਰਾਜਨੀਤਕ ਢਾਂਚਾ ਕਿਸ ਕਦਰ ਫਜ਼ੂਲਖਰਚੀ ਵਾਲ਼ਾ ਅਤੇ ਪਰਜੀਵੀ ਹੈ, ਕਿੰਨਾ ਬਰਬਰ-ਮਨੁੱਖ ਵਿਰੋਧੀ ਹੈ ਅਤੇ ਅੱਜ ਦਾ ਪਤਨਸ਼ੀਲ ਪੂੰਜੀਵਾਦ ਦੇ ਰਾਜਨੀਤਕ ਪ੍ਰਤੀਨਿਧੀ ਆਪ ਕਿੰਨੇ ਭ੍ਰਿਸ਼ਟ ਅਤੇ ਵਿਲਾਸੀ ਹਨ।

ਇਹ ਪੂਰਾ ਵਰਨਣ ਇੱਕ ਇੱਕ ਸ਼ੀਸ਼ਾ ਹੈ ਜੋ ਦਸਦਾ ਹੈ ਕਿ **ਇਹ ਪੂਰਾ ਢਾਂਚਾ ਸਿਰ ਤੋਂ ਪੈਰਾਂ ਤੱਕ ਸੜ ਚੁੱਕਿਆ ਹੈ ਅਤੇ ਕਿਰਤੀ ਲੋਕਾਈ ਦੇ ਸਾਹਮਣੇ ਇੱਕੋ-ਇੱਕ ਬਦਲ ਇਹੀ ਹੈ ਕਿ ਉਹ ਪੂੰਜੀਵਾਦੀ ਸੰਸਦੀ ਜਮਹੂਰੀਅਤ ਇਸ ਖਰਚੀਲੀ ਧੋਖਾਧੜੀ ਅਤੇ ਲੋਟੂ ਢਾਂਚੇ ਨੂੰ ਸਿਰੇ ਤੋਂ ਖਾਰਜ ਕਰ ਦੇਵੇ ਅਤੇ ਇਤਿਹਾਸ ਦਸਦਾ ਹੈ ਕਿ ਅਜਿਹਾ ਹੀ ਹੋਵੇਗਾ।** ਪਿਛਲੇ ਮਜ਼ਦੂਰ ਇਨਕਲਾਬਾਂ ਦੀ ਹਾਰ ਅੰਤਿਮ ਨਹੀਂ ਸੀ। ਇਤਿਹਾਸ ਦਾ ਹਾਲੇ ਅੰਤ ਨਹੀਂ ਹੋਇਆ ਹੈ। ਸਗੋਂ ਇਤਿਹਾਸ ਦੀ ਅਸਲੀ ਸ਼ੁਰੂਆਤ ਤਾਂ ਉਦੋਂ ਹੋਵੇਗੀ ਜਦੋਂ ਫੈਸਲਾਕੁਨ ਮਜ਼ਦੂਰ ਇਨਕਲਾਬ ਪੂੰਜੀਵਾਦ ਦੀ ਲਾਸ਼ ਨੂੰ ਕਬਰ ਵਿੱਚ ਸੁੱਟ ਦੇਣਗੇ। **ਇੱਕ ਅਜਿਹਾ ਸਮਾਜ ਜਿਸ ਵਿੱਚ ਉਤਪਾਦਨ, ਰਾਜਕਾਜ ਅਤੇ ਸਮਾਜ ਦੇ ਢਾਂਚੇ 'ਤੇ ਉਤਪਾਦਨ ਕਰਨ ਵਾਲ਼ੀਆਂ ਜਮਾਤਾਂ ਕਾਬਜ ਹੋਣਗੀਆਂ, ਉਸ ਵਿੱਚ ਲੋਕ ਪ੍ਰਤੀਨਿਧਤਾ ਦੀ ਅਜਿਹੀ ਪ੍ਰਣਾਲ਼ੀ ਹੋਵੇਗੀ ਹੀ ਨਹੀਂ, ਜਿਸ ਵਿੱਚ ਸੰਸਦ ਮੈਂਬਰ ਅਤੇ ਵਿਧਾਇਕਾਂ ਦੀਆਂ ਚੋਣਾਂ ਵਿੱਚ ਅਰਬਾਂ ਖਰਬਾਂ ਖਰਚ ਹੋਣ ਅਤੇ ਅਰਬਾਂ ਖਰਬਾਂ ਉਹਨਾਂ ਤਨਖ਼ਾਹ-ਭੱਤਿਆਂ ਅਤੇ ਵਿਲਾਸਤਾ ਦੇ ਖਰਚ ਦੇ ਤੌਰ 'ਤੇ ਦਿੱਤੇ ਜਾਣ ਅਤੇ ਫਿਰ ਉਨਾਂ ਨੂੰ ਅਰਬਾਂ-ਖਰਬਾਂ ਦੀ ਕਾਲ਼ੀ ਕਮਾਈ ਦਾ ਵੀ ਮੌਕਾ ਦਿੱਤਾ ਜਾਵੇ। ਕਿਰਤੀਆਂ ਦੁਆਰਾ ਕਾਇਮ ਨਵੀਂ ਸਮਾਜਵਾਦੀ ਜਮਹੂਰੀਅਤ ਪੂੰਜੀਵਾਦੀ ਜਮਹੂਰੀਅਤ ਤੋਂ ਇਸ ਮਾਇਨੇ ਵਿੱਚ ਵੱਖ ਹੋਵੇਗੀ। ਆਮ ਲੋਕ ਸਮੂਹਿਕ, ਰਾਜਕੀ ਅਤੇ ਸਹਿਕਾਰੀ ਫਾਰਮਾਂ ਅਤੇ ਕਾਰਖਾਨਿਆਂ ਦੇ ਬੁਨਿਆਦੀ ਪੱਧਰ 'ਤੇ ਆਪਣੇ ਪ੍ਰਤੀਨਿਧੀਆਂ ਦੀਆਂ ਕਮੇਟੀਆਂ ਦੀ ਚੋਣ ਕਰੇਗੀ ਅਤੇ ਫਿਰ ਉਨਾਂ ਤੋਂ ਉੱਪਰ ਦੀਆਂ ਕਮੇਟੀਆਂ ਦੇ ਪ੍ਰਤੀਨਿਧੀ ਚੁਣੇ ਜਾਣਗੇ। ਇਹ ਲੜੀ ਕੇਂਦਰੀ ਪੱਧਰ ਤੱਕ ਜਾਵੇਗੀ। ਛੋਟੇ ਚੋਣ ਮੰਡਲ (ਚੋਣ ਖੇਤਰ) ਹੋਣ ਦੇ ਕਾਰਨ ਚੋਣ ਪ੍ਰਚਾਰ ਦਾ ਖਰਚ ਨੰਗਾ ਹੋਵੇਗਾ ਅਤੇ ਚੋਣਾਂ ਵਿੱਚ ਪੈਸੇ ਦੀ ਕਾਨੂੰਨੀ-ਗੈਰਕਾਨੂੰਨੀ ਭੂਮਿਕਾ ਸਮਾਪਤ ਹੋ ਜਾਵੇਗੀ। ਹਰ ਨਾਗਰਿਕ ਨੂੰ ਚੁਣਨ ਅਤੇ ਚੁਣੇ ਜਾਣ ਦਾ ਅਧਿਕਾਰ ਹੋਵੇਗਾ। ਲੋਕਾਂ ਨੂੰ ਬਹੁਮਤ ਨਾਲ਼ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਵਾਪਸ ਬੁਲਾਉਣ ਦਾ ਵੀ ਹੱਕ ਹੋਵੇਗਾ। ਲੋਕਪ੍ਰਤੀਨਿਧੀਆਂ ਦੀਆਂ ਕਮੇਟੀਆਂ ਕਿਸੇ ਵੀ ਪੱਧਰ 'ਤੇ ਬਹਿਸਬਾਜ਼ੀ ਦੇ ਅੱਡੇ ਹੀ ਨਹੀਂ ਹੋਣਗੀਆਂ। ਸਰਕਾਰ ਯਾਨੀ ਕਾਰਜਪਾਲਿਕਾ ਦੇ ਕੰਮ ਅਤੇ ਸੰਸਦ ਯਾਨੀ ਵਿਧਾਨਪਾਲਿਕਾ ਦੇ ਕੰਮ ਨੂੰ ਉਹ ਇਕੱਠੇ ਹੀ ਹੋਣਗੇ। ਨੌਕਰਸ਼ਾਹੀ ਦਾ ਕੰਮ ਵੀ ਚੁਣੇ ਹੋਏ ਲੋਕਪ੍ਰਤੀਨਿਧੀਆਂ ਦੀਆਂ ਕਮੇਟੀਆਂ ਹੀ ਕਰਨਗੀਆਂ। ਲੀਡਰਾਂ ਦਾ ਕੋਈ ਸੁਤੰਤਰ ਪੇਸ਼ਾ ਨਹੀਂ ਹੋਵੇਗਾ। ਉਹ ਆਮ ਉਦਪਾਦਕ ਵਰਗਾਂ ਵਿਚਲੇ ਲੋਕ ਹੋਣਗੇ ਅਤੇ ਉਹਨਾਂ ਦੀ ਤਨਖਾਹ ਅਤੇ ਜੀਵਨ ਪੱਧਰ ਵੀ ਉਨ੍ਹਾਂ ਜਿਹਾ ਹੀ ਹੋਵੇਗਾ। ਕਿਉਂਕਿ ਕਾਰਖਾਨਿਆਂ, ਫਾਰਮਾਂ ਆਦਿ 'ਤੇ ਨਿੱਜੀ ਮਾਲਕਾਨਾਂ ਨਹੀਂ ਹੋਵੇਗਾ, ਵਪਾਰਕ ਅਦਾਰੇ ਵੀ ਇੱਕ ਪ੍ਰਕਿਰਿਆ ਵਿੱਚੋਂ ਲੰਘ ਕੇ, ਸਮਾਜਿਕ ਮਾਲਕੀ ਵਿੱਚ ਆ ਜਾਣਗੇ ਅਤੇ ਸ਼ੇਅਰ ਬਜ਼ਾਰਾਂ ਦੀ ਹੋਂਦ ਖਤਮ ਹੋ ਜਾਵੇਗੀ, ਇਸ ਲਈ ਮੁਨਾਫ਼ਾ ਕਮਾਉਣ ਦੀ ਗੁੰਜਾਇਸ਼ ਖਤਮ ਹੋਣ ਦੇ ਨਾਲ਼ ਹੀ ਕਮਿਸ਼ਨਖੋਰੀ, ਰਿਸ਼ਵਤ ਅਤੇ ਦਲਾਲੀ ਦਾ ਵੀ ਖਾਤਮਾ ਹੋ ਜਾਵੇਗਾ।** ਤੈਅ ਹੈ ਕਿ ਇਹ ਸਾਰੀਆਂ ਚੀਜ਼ਾਂ ਲੋਕ ਇਨਕਲਾਬ ਤੋਂ ਬਾਅਦ ਅਚਾਨਕ ਨਹੀਂ ਸਗੋਂ ਇੱਕ ਪ੍ਰਕਿਰਿਆ ਵਿੱਚ ਹੋਂਦ ਵਿੱਚ ਆਉਣਗੀਆਂ। ਪਰ ਰਾਜਨੀਤਕ ਢਾਂਚੇ ਦੇ ਚਰਿੱਤਰ ਅਤੇ ਵਿਕਾਸ ਦੀ ਆਮ ਦਿਸ਼ਾ ਅਜਿਹੀ ਹੀ ਹੋਵੇਗੀ।

ਕਲਪਨਾ ਕਰੋ ਕਿ ਸਿਰਫ ਪਰਜੀਵੀ ਪੂੰਜੀਵਾਦੀ ਨੇਤਾਸ਼ਾਹੀ ਅਤੇ ਨੌਕਰਸ਼ਾਹੀ ਦੇ ਖਾਤਮੇ ਦੇ ਨਾਲ਼ ਹੀ ਸਮਾਜਿਕ ਜਾਇਦਾਦ ਦਾ ਕਿੰਨਾ ਵੱਡਾ ਅੰਬਾਰ ਸਰਵਜਨਕ ਨਿਰਮਾਣ ਲਈ ਪੂੰਜੀ ਦੇ ਤੌਰ 'ਤੇ ਅਤੇ ਕਲਿਆਣਕਾਰੀ ਕੰਮਾਂ ਲਈ ਹਾਸਿਲ ਹੋ ਜਾਵੇਗਾ। ਪੂੰਜੀਪਤੀਆਂ ਅਤੇ ਸਾਮਰਾਜਵਾਦੀਆਂ ਦੀਆਂ ਜਾਇਦਾਦਾਂ ਅਤੇ ਪੂੰਜੀ ਨੂੰ ਅਲੱਗ ਰੱਖ ਦੇਈਏ, ਤਾਂ ਸਿਰਫ ਲੀਡਰਾਂ, ਨੌਕਰਸ਼ਾਹਾਂ ਅਤੇ ਕਾਲ਼ੀ ਕਮਾਈ 'ਤੇ ਵਧੇ-ਫੁੱਲੇ ਸਾਰੇ ਪਰਜੀਵੀਆਂ ਦੀ ਅਪਾਰ ਧਨਦੌਲਤ ਨਾਲ਼ ਮਜ਼ਦੂਰ ਇਨਕਲਾਬ ਤੋਂ ਬਾਅਦ ਭਾਰਤ ਵਿੱਚ ਇੱਕ ਜਾਂ ਦੋ ਪੰਜ ਸਾਲਾ ਯੋਜਨਾਵਾਂ ਜਾਂ

(ਬਾਕੀ ਸਫ਼ਾ 15 'ਤੇ)

ਨਵਉਦਾਰਵਾਦੀ ਅਰਥਨੀਤੀ ਦੇ 18 ਸਾਲ

ਭਾਰਤ ਦੀ ਤਰੱਕੀ ਦੇ ਦਾਅਵਿਆਂ ਦਾ ਪਰਦਾਫਾਸ਼ :

ਅਮੀਰੀ ਦੇ ਤਹਿਖਾਨੇ ਵਿੱਚ ਨਰਕ ਦਾ ਹਨ੍ਹੇਰਾ

18 ਸਾਲ ਪਹਿਲਾਂ ਨਰਸਿੰਮਹਾ ਰਾਓ ਦੀ ਸਰਕਾਰ ਨੇ ਜਦੋਂ ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਦੀ ਸ਼ੁਰੂਆਤ ਕੀਤੀ ਸੀ ਤਾਂ ਅੱਜ ਦੇ ਪ੍ਰਧਾਨਮੰਤਰੀ ਮਨਮੋਹਨ ਸਿੰਘ ਉਦੋਂ ਵਿੱਤ ਮੰਤਰੀ ਸਨ। ਉਨਾਂ ਨੇ ਉਸ ਸਮੇਂ 'ਟ੍ਰਿਕਲ ਡਾਊਨ ਥਿਊਰੀ' ਦੀ ਪੀਪਨੀ ਵਜਾਉਂਦੇ ਹੋਏ ਦਾਅਵਾ ਕੀਤਾ ਸੀ ਕਿ ਜਦੋਂ ਸਮਾਜ ਦੇ ਸ਼ਿਖਰਾਂ 'ਤੇ ਅਮੀਰੀ ਆਵੇਗੀ ਤਾਂ ਉਹ ਰਿਸ ਕੇ ਹੇਠਾਂ ਤੱਕ ਪਹੁੰਚ ਜਾਵੇਗੀ। ਉਦੋਂ ਤੋਂ 18 ਸਾਲ ਬੀਤ ਚੁੱਕੇ ਹਨ। ਸਚਾਈਆਂ ਜੋ ਸਾਹਮਣੇ ਹਨ ਉਹ ਮਨਮੋਹਨ ਸਿੰਘ ਦੇ ਦਾਅਵੇ ਦੇ ਇੱਕਦਮ ਉਲ਼ਟ ਹਨ। ਆਓ, ਉਹਨਾਂ 'ਤੇ ਇੱਕ ਨਿਗਾਹ ਮਾਰੀਏ।

ਪਹਿਲਾਂ ਤੋਂ ਹੀ ਜਾਰੀ ਅਮੀਰ-ਗਰੀਬ ਵਿਚਲੇ ਧਰੁਵੀਕਰਨ ਦੀ ਪ੍ਰਕਿਰਿਆ, ਆਮ ਕਿਰਤੀਆਂ ਦੇ ਕੰਗਾਲੀਕਰਨ ਦੀ ਪ੍ਰਕਿਰਿਆ ਪਿਛਲੇ 18 ਸਾਲਾਂ ਵਿੱਚ ਹੋਰ ਵਧੇਰੇ ਤੇਜ ਹੋ ਗਈ ਹੈ।

ਬੋਲ਼ਦੇ ਅੰਕੜੇ
ਚੀਕਦੀਆਂ ਸੱਚਾਈਆਂ

-'ਕੇਪਜੇਮਿਨੀ' ਅਤੇ 'ਮੇਰਿਲ ਲਿੰਚ' ਦੁਆਰਾ ਤਿਆਰ ਕੀਤੀ ਗਈ 'ਏਸ਼ੀਆ-ਪ੍ਰਸ਼ਾਂਤ ਸੰਪਦਾ ਰਿਪੋਰਟ' ਦੇ ਅਨੁਸਾਰ, ਪਿਛਲੇ ਕੁੱਝ ਸਾਲਾਂ ਦੌਰਾਨ ਭਾਰਤ ਕਰੋੜਪਤੀਆਂ ਦੀ ਸੰਖਿਆ ਵਿੱਚ ਵਾਧੇ ਦੀ ਦਰ ਦੇ ਨਜ਼ਰੀਏ ਤੋਂ ਪੂਰੀ ਦੁਨੀਆਂ ਵਿੱਚ ਵੀਅਤਨਾਮ ਤੋਂ ਬਾਅਦ ਦੂਸਰੇ ਸਥਾਨ 'ਤੇ ਰਿਹਾ ਹੈ। ਦਿਸੰਬਰ 2007 ਵਿੱਚ ਭਾਰਤ ਵਿੱਚ ਇੱਕ ਲੱਖ 23 ਹਜ਼ਾਰ ਕਰੋੜਪਤੀ ਸਨ, ਜੋ ਇੱਕ ਸਾਲ ਪਹਿਲਾਂ ਦੇ ਮੁਕਾਬਲੇ 23 ਪ੍ਰਤੀਸ਼ਤ ਜਿਆਦਾ ਸੀ। ਕਰੋੜਪਤੀ ਵਾਧਾ ਦਰ ਦੇ ਮਾਮਲੇ ਵਿੱਚ ਤੀਜੇ ਸਥਾਨ 'ਤੇ ਚੀਨ ਆਉਂਦਾ ਹੈ। ਪਤਾ ਹੀ ਹੈ ਕਿ ਮੰਡੀ ਸਮਾਜਵਾਦ ਦੇ ਨਾਂ 'ਤੇ ਚੀਨ ਅਤੇ ਵੀਅਤਨਾਮ ਵਿੱਚ ਵੀ ਨਵਉਦਾਰਵਾਦ ਦੀ ਘਟਾ ਛਾਈ ਹੈ, ਜਿਸ ਕਰਕੇ ਉੱਥੇ ਵੀ ਸਮਾਜਿਕ ਧਰੁਵੀਕਰਨ ਦੀ ਪ੍ਰਕਿਰਿਆ ਤੇਜ਼ ਰਫ਼ਤਾਰ ਨਾਲ਼ ਜ਼ਾਰੀ ਹੈ।

-'ਫੋਬਰਸ' ਮੈਗਜ਼ੀਨ ਦੁਆਰਾ ਜਾਰੀ ਸੂਚੀ ਦੇ ਅਨੁਸਾਰ, ਸਾਲ 2006 ਵਿੱਚ ਸੰਸਾਰ ਦੇ 946 ਅਰਬਪਤੀਆਂ ਵਿੱਚ 36 ਭਾਰਤੀ ਸ਼ਾਮਿਲ ਸਨ। 2005 ਵਿੱਚ ਸੰਸਾਰ ਵਿੱਚ 768 ਅਰਬਪਤੀ ਸਨ। ਯਾਣੀ ਇੱਕ ਸਾਲ ਵਿੱਚ ਸੰਸਾਰ ਪੱਧਰ 'ਤੇ ਅਰਬਪਤੀਆਂ ਦੀ ਸੰਖਿਆ ਵਿੱਚ 26 ਪ੍ਰਤੀਸ਼ਤ ਦਾ ਵਾਧਾ ਹੋਇਆ, ਜਦੋਂ ਕਿ ਭਾਰਤੀ ਖਰਬਪਤੀਆਂ ਦੀ ਸੰਖਿਆ ਵਿੱਚ 64 ਪ੍ਰਤੀਸ਼ਤ ਦਾ ਵਾਧਾ ਹੋਇਆ। ਦੇਸ਼ ਦੇ ਦਸ ਸਰਵਉੱਚ ਖਰਬਪਤੀ ਹਰ ਮਿੰਟ ਦੋ ਕਰੋੜ ਰੁਪਏ ਬਣਾਉਂਦੇ ਹਨ। ਇਕੱਲੇ ਮੁਕੇਸ਼ ਅੰਬਾਨੀ ਹਰੇਕ ਮਿੰਟ ਵਿੱਚ 40 ਲੱਖ ਰੁਪਏ ਬਣਾਉਂਦੇ ਹਨ। ਸੰਸਾਰ ਦੇ ਪਹਿਲੇ ਪੰਜ ਮਹਾਂਧਨੀਆਂ ਵਿੱਚੋਂ ਦੋ ਭਾਰਤੀ ਹਨ। 'ਫੋਬਰਸ' ਮੈਗਜੀਨ ਦੁਆਰਾ ਤਿਆਰ ਦੁਨੀਆਂ ਦੇ ਅਰਬਪਤੀਆਂ ਦੀ ਸੂਚੀ ਵਿੱਚ 2004 ਵਿੱਚ 9 ਭਾਰਤੀ ਸ਼ਾਮਿਲ ਸਨ। ਉਹ ਸੰਖਿਆ 2007 ਤੱਕ ਵਧ ਕੇ 40 ਹੋ ਗਈ। ਭਾਰਤ ਤੋਂ ਵੱਧ ਅਮੀਰ ਦੇਸ਼ ਜਪਾਨ ਵਿੱਚ ਅਰਬਪਤੀਆਂ ਦੀ ਗਿਣਤੀ 2007 ਵਿੱਚ ਮਹਿਜ 24, ਫਰਾਂਸ ਵਿੱਚ 14 ਅਤੇ ਇਟਲੀ ਵਿੱਚ ਵੀ 14 ਸੀ। ਚੀਨ ਵਿੱਚ ਤੇਜ਼ ਆਰਥਿਕ ਵਿਕਾਸ ਅਤੇ ਤੇਜ਼ੀ ਨਾਲ਼ ਵਧਦੀ ਗੈਰਬਰਾਬਰੀ ਦੇ ਬਾਵਜੂਦ 2007 ਵਿੱਚ ਉੱਥੇ ਕੁੱਲ 17 ਅਰਬਪਤੀ ਹੀ ਸਨ। ਭਾਰਤ ਦੇ ਅਰਬਪਤੀਆਂ ਦੀ ਜਾਇਦਾਦ ਮਹਿਜ ਇੱਕ ਸਾਲ ਵਿੱਚ, 2006-07 ਦੌਰਾਨ 106 ਅਰਬ ਡਾਲਰ ਤੋਂ ਵਧਕੇ 170 ਅਰਬ ਡਾਲਰ ਹੋ ਗਈ। ਅਰਥਸ਼ਾਸਤਰੀ ਅਮਿਤ ਭਾਦੁੜੀ (*ਫਿਲਹਾਲ*, ਅਗਸਤ-ਸਿਤੰਬਰ 2008) ਦੇ ਅਨੁਸਾਰ, ਅਰਬਪਤੀਆਂ ਦੀ ਧਨ ਰਾਸ਼ੀ ਵਿੱਚ 60 ਫੀਸਦੀ ਵਾਧਾ ਇਸ ਲਈ ਸੰਭਵ ਹੋਇਆ ਕਿ ਰਾਜ ਅਤੇ ਕੇਂਦਰ ਸਰਕਾਰਾਂ ਨੇ ਖੁਦਾਈ, ਸੱਨਅਤੀਕਰਨ ਅਤੇ ਵਿਸ਼ੇਸ਼ ਆਰਥਿਕ ਖੇਤਰਾਂ ਲਈ "ਸਰਵਜਨਕ ਉਦੇਸ਼" ਦੇ ਨਾਂ 'ਤੇ ਵੱਡੇ ਪੈਮਾਨੇ 'ਤੇ ਜ਼ਮੀਨ ਨਿੱਜੀ ਕਾਰਪੋਰੇਸ਼ਨਾਂ ਨੂੰ ਸੌਂਪ ਦਿੱਤੀ। ਕਾਰਪੋਰੇਟ ਮੁਨਾਫੇ ਦੇ ਅੰਕੜੇ ਦਸਦੇ ਹਨ ਕਿ ਸਾਲ 2000-01 ਤੋਂ ਬਾਅਦ ਹੁਣ ਤੱਕ ਕੁੱਲ ਘਰੇਲੂ ਉਤਪਾਦ ਵਿੱਚ ਹਰ ਵਾਧੂ 1 ਫੀਸਦੀ ਦੇ ਵਾਧੇ ਨਾਲ਼ ਕਾਰਪੋਰੇਟ ਮੁਨਾਫਿਆਂ ਵਿੱਚ 2.5 ਫੀਸਦੀ ਵਾਧਾ ਹੋਇਆ ਹੈ। ਅਜ਼ਾਦੀ ਤੋਂ ਬਾਅਦ ਦੇ 6 ਦਹਾਕਿਆਂ ਦੀ ਬੈਲੈਂਸਸ਼ੀਟ ਇਹ ਹੈ ਕਿ ਉੱਪਰ ਦੇ 22 ਇਜ਼ਾਰੇਦਾਰ ਪੂੰਜੀਪਤੀ ਘਰਾਣਿਆਂ ਦੀ ਜਾਇਦਾਦ ਵਿੱਚ 500 ਗੁਣਾਂ ਤੋਂ ਵੀ ਵੱਧ ਦਾ ਇਜ਼ਾਫਾ ਹੋਇਆ ਹੈ। ਇਨਾਂ ਘਰਾਣਿਆਂ ਵਿੱਚ ਉਹ ਬਹੁਕੌਮੀ ਨਿਗਮ ਸ਼ਾਮਿਲ ਨਹੀਂ ਹਨ ਜਿਨਾਂ ਦੇ ਸ਼ੁੱਧ ਮੁਨਾਫੇ ਵਿੱਚ ਦੁੱਗਣਾ-ਚੌਗਣਾ ਨਹੀਂ ਸਗੋਂ ਔਸਤ ਸੈਂਕੜੇ ਗੁਣਾ ਹੀ ਵਾਧਾ ਹੋਇਆ ਹੈ।

-18 ਸਾਲਾਂ ਦੇ ਨਵਉਦਾਰਵਾਦੀ ਦੌਰ ਤੋਂ ਬਾਅਦ, ਇੱਕੀਵੀਂ ਸਦੀ ਦੇ ਭਾਰਤ ਦੀ ਖਾਸੀਅਤ ਇਹ ਹੈ ਕਿ ਇਹ ਅਰਬਪਤੀਆਂ ਦੀ ਕੁੱਲ ਦੌਲਤ ਦੇ ਲਿਹਾਜ ਵਿੱਚ ਅਮਰੀਕਾ ਤੋਂ ਬਾਅਦ ਸੰਸਾਰ ਵਿੱਚ ਦੂਜੇ ਨੰਬਰ 'ਤੇ ਹੈ, ਪਰ ਬੇਘਰਿਆਂ, ਕੁਪੋਸ਼ਤਾਂ, ਭੁੱਖਿਆਂ ਅਤੇ ਅਨਪੜ੍ਹਾਂ ਦੀ ਗਿਣਤੀ ਦੇ ਲਿਹਾਜ ਨਾਲ਼ ਵੀ ਸੰਸਾਰ ਵਿੱਚ ਪਹਿਲੇ ਨੰਬਰ 'ਤੇ ਹੈ। ਐਸ਼ੋ-ਇਸ਼ਰਤ ਦੀ ਚਕਾਚੌਂਧ ਭਰੀ ਦੁਨੀਆਂ ਦਾ ਦੂਜਾ ਹਨ੍ਹੇਰਾ ਪੱਖ ਇਹ ਹੈ ਕਿ (ਕੌਮੀ ਨਮੂਨਾਂ ਸਰਵੇਖਣ ਦੇ ਅਨੁਸਾਰ) ਦੇਸ਼ ਦੀ 18 ਕਰੋੜ ਅਬਾਦੀ ਝੁੱਗੀਆਂ ਵਿੱਚ ਰਹਿੰਦੀ ਹੈ ਅਤੇ 18 ਕਰੋੜ ਅਬਾਦੀ ਫੁੱਟਪਾਥਾਂ 'ਤੇ ਸੌਂਦੀ ਹੈ। ਕੌਮੀ ਨਮੂਨਾ ਸਰਵੇਖਣ ਦੇ ਅਨੁਸਾਰ ਹੀ, ਪੇਂਡੂ ਭਾਰਤ ਵਿੱਚ ਰੋਜ਼ਾਨਾ ਔਸਤ ਉਪਭੋਗ ਸਿਰਫ 19 ਰੁਪਏ ਅਤੇ ਸ਼ਹਿਰੀ ਭਾਰਤ ਵਿੱਚ 30 ਰੁਪਏ ਹੈ। ਪਿੰਡਾਂ ਦੀ 10 ਪ੍ਰਤੀਸ਼ਤ ਅਬਾਦੀ 9 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰਦੀ ਹੈ। 'ਨੈਸ਼ਨਲ ਕਮਿਸ਼ਨ ਫਾਰ ਇੰਟਰਪ੍ਰਾਜਜ਼ ਇਨ ਦ ਅਨਆਰਗੇਨਾਈਜ਼ਡ ਸੈਕਟਰ' ਦੀ ਇੱਕ ਰਿਪੋਰਟ ਅਨੁਸਾਰ, ਸਾਲ 2004-05 ਵਿੱਚ ਲਗਭਗ 84 ਕਰੋੜ ਲੋਕ (ਯਾਣੀ ਅਬਾਦੀ ਦਾ 77 ਫੀਸਦੀ ਹਿੱਸਾ) ਰੋਜਾਨਾਂ 20 ਰੁਪਏ ਰੋਜ਼ਾਨਾ ਤੋਂ ਵੀ ਘੱਟ 'ਤੇ ਗੁਜਾਰਾ ਕਰ ਰਹੇ ਸਨ। ਇਨਾਂ

ਵਿੱਚੋਂ 22 ਫੀਸਦੀ ਲੋਕ ਰੋਜ਼ਾਨਾ 11.60 ਰੁਪਏ ਦੀ ਆਮਦਨੀ ’ਤੇ (ਯਾਣੀ ਸਰਕਾਰੀ ‘ਗਰੀਬ ਰੇਖਾ’ ਤੋਂ ਹੇਠਾਂ), 19 ਫੀਸਦੀ ਲੋਕ ਰੋਜ਼ਾਨਾ 11.60 ਰੁਪਏ ਤੋਂ 15 ਰੁਪਏ ਦੇ ਵਿੱਚ ਦੀ ਆਮਦਨੀ ’ਤੇ ਅਤੇ 36 ਫੀਸਦੀ ਲੋਕ ਰੋਜ਼ਾਨਾ 15 ਤੋਂ 20 ਰੁਪਏ ਵਿੱਚ ਆਮਦਨੀ ’ਤੇ ਗੁਜ਼ਾਰਾ ਕਰ ਰਹੇ ਸਨ।

–ਸਲਾਨਾ 8–9 ਪ੍ਰਤੀਸ਼ਤ ਦੀ ਦਰ ਨਾਲ਼ ਦੁੜੰਗੇ ਮਾਰ ਰਹੇ ਅਰਥਚਾਰੇ (ਭਾਵੇਂ ਮੌਜੂਦਾ ਸੰਸਾਰ ਵਿਆਪੀ ਮੰਦੀ ਤੋਂ ਬਾਅਦ ਕੁੱਲ ਘਰੇਲੂ ਉਤਪਾਦ ਦੀ ਇਹ ਸਲਾਨਾ ਵਾਧਾ ਦਰ 6 ਪ੍ਰਤੀਸ਼ਤ ’ਤੇ ਆ ਜਾਵੇਗੀ, ਅਜਿਹਾ ਕੌਮਾਂਤਰੀ ਮੁਦਰਾ ਕੋਸ਼ ਦਾ ਅਨੁਮਾਨ ਹੈ) ਵਾਲ਼ਾ ਇਹ ਦੇਸ਼ ਸਾਲ 2007 ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਵਿਕਾਸ ਸੂਚਕ ਅੰਕ ਦੇ ਅਨੁਸਾਰ, 124ਵੇਂ ਸਥਾਨ ਤੋਂ ਹੇਠਾਂ ਖਿਸਕਕੇ 127 ਵੇਂ ਸਥਾਨ ’ਤੇ ਆ ਗਿਆ। ਭਾਰਤ ਵਿੱਚ ਔਸਤ ਉਮਰ ਚੀਨ ਦੇ ਮੁਕਾਬਲੇ 7 ਸਾਲ ਅਤੇ ਸ਼੍ਰੀ ਲੰਕਾ ਦੇ ਮੁਕਾਬਲੇ 11 ਸਾਲ ਘੱਟ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ, ਭਾਰਤ ਵਿੱਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਚੀਨ ਦੇ ਮੁਕਾਬਲੇ ਤਿੰਨ ਗੁਣਾ, ਸ਼੍ਰੀ ਲੰਕਾ ਦੇ ਮੁਕਾਬਲੇ ਲਗਭਗ 6 ਗੁਣਾ ਅਤੇ ਇੱਥੋਂ ਤੱਕ ਕਿ ਬੰਗਲਾਦੇਸ਼ ਅਤੇ ਨੇਪਾਲ ਤੋਂ ਵੀ ਜਿਆਦਾ ਹੈ। ਭਾਰਤੀ ਬੱਚਿਆਂ ਵਿੱਚੋਂ ਤਕਰੀਬਨ ਅੱਧਿਆਂ ਦਾ ਭਾਰ ਲੋੜ ਤੋਂ ਘੱਟ ਹੈ ਅਤੇ ਉਹ ਕੁਪੋਸ਼ਣ ਨਾਲ਼ ਪ੍ਰਭਾਵਿਤ ਹਨ। ਲਗਭਗ 60 ਫੀਸਦੀ ਬੱਚੇ ਖ਼ੂਨ ਦੀ ਕਮੀ ਨਾਲ਼ ਪ੍ਰਭਾਵਿਤ ਹਨ ਅਤੇ 74 ਫੀਸਦੀ ਨਵਜਨਮਿਆਂ ਵਿੱਚ ਖ਼ੂਨ ਦੀ ਕਮੀ ਹੁੰਦੀ ਹੈ। ਹਰ ਰੋਜ਼ ਲਗਭਗ 9 ਹਜ਼ਾਰ ਭਾਰਤੀ ਬੱਚੇ ਭੁੱਖ, ਕੁਪੋਸ਼ਣ ਅਤੇ ਕੁਪੋਸ਼ਣ ਨਾਲ਼ ਹੋਣ ਵਾਲ਼ੀਆਂ ਬਿਮਾਰੀਆਂ ਨਾਲ਼ ਮਰਦੇ ਹਨ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦੇ 50 ਫੀਸਦੀ ਮਾਮਲਿਆਂ ਦਾ ਕਾਰਨ ਕੁਪੋਸ਼ਣ ਹੁੰਦਾ ਹੈ। 5 ਸਾਲ ਤੋਂ ਘੱਟ ਉਮਰ ਦੇ 5 ਕਰੋੜ ਭਾਰਤੀ ਬੱਚੇ ਗੰਭੀਰ ਕੁਪੋਸ਼ਣ ਦੇ ਸ਼ਿਕਾਰ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, 63 ਫੀਸਦੀ ਭਾਰਤੀ ਬੱਚੇ ਰੋਜ਼ਾਨਾ ਭੁੱਖੇ ਸੌਂਦੇ ਹਨ ਅਤੇ 60 ਫੀਸਦੀ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ। 23 ਫੀਸਦੀ ਬੱਚੇ ਜਨਮ ਤੋਂ ਕਮਜ਼ੋਰ ਅਤੇ ਬਿਮਾਰ ਹੁੰਦੇ ਹਨ। ਇੱਕ ਹਜ਼ਾਰ ਨਵ–ਜਨਮੇ ਬੱਚਿਆਂ ਵਿੱਚੋਂ 60 ਇੱਕ ਸਾਲ ਦੇ ਅੰਦਰ ਮਰ ਜਾਂਦੇ ਹਨ। ਲਗਭਗ ਦਸ ਕਰੋੜ ਬੱਚੇ ਹੋਟਲਾਂ ਵਿੱਚ ਭਾਂਡੇ ਧੋਣ, ਮੂੰਗਫਲੀ ਵੇਚਣ ਆਦਿ ਦਾ ਕੰਮ ਕਰਦੇ ਹਨ।

–ਕੌਮਾਂਤਰੀ ਖਾਦਨੀਤੀ ਖੋਜ ਸੰਸਥਾ ਦੀ 2007 ਦੀ ਰਿਪੋਰਟ ਦੇ ਅਨੁਸਾਰ ਭੁੱਖਮਰੀ ਦੇ ਨਜ਼ਰੀਏ ਤੋਂ ਦੁਨੀਆਂ ਦੇ 118 ਦੇਸ਼ਾਂ ਵਿੱਚ ਭਾਰਤ ਦਾ ਸਥਾਨ 94 ਵਾਂ ਸੀ, ਜਦੋਂ ਕਿ ਪਾਕਿਸਤਾਨ ਦਾ 88ਵਾਂ ਅਤੇ ਚੀਨ ਦਾ 47ਵਾਂ । ਕੌਮਾਂਤਰੀ ਖਾਦਨੀਤੀ ਖੋਜ ਸੰਸਥਾ ਅਤੇ ਕੈਲੀਫੋਰਨੀਆਂ ਯੂਨੀਵਰਸਿਟੀ ਦੁਆਰਾ ਤਿਆਰ ਕੀਤੇ ਗਏ ‘ਸੰਸਾਰੀ ਭੁੱਖ ਸੂਚਕ ਅੰਕ’ (ਗਲੋਬਲ ਹੰਗਰ ਇੰਨਡੈਕਸ) 2008 ਦੇ ਅਨੁਸਾਰ, ਸੰਸਾਰ ਦੇ 88 ਦੇਸ਼ਾਂ ਵਿੱਚ ਭਾਰਤ ਦਾ 66ਵਾਂ ਸਥਾਨ ਹੈ। ਅਫਰੀਕੀ ਦੇਸ਼ਾਂ ਅਤੇ ਬੰਗਲਾਦੇਸ਼ ਨੂੰ ਛੱਡ ਕੇ ਭੁੱਖੇ ਲੋਕਾਂ ਦੇ ਮਾਮਲਿਆਂ ਵਿੱਚ ਭਾਰਤ ਸਾਰੇ ਦੇਸ਼ਾਂ ਤੋਂ ਪਿੱਛੇ ਹੈ। ਸੰਸਾਰ ਦੇ ਕੁੱਲ 30 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ ਅਤੇ 2015 ਤੱਕ ਭੁੱਖ ਦੀ ਸਮੱਸਿਆ ਖਤਮ ਕਰਨ ਦੇ ਸੰਯੁਕਤ ਰਾਸ਼ਟਰ ਸੰਘ ਦੇ ਸੱਦੇ ਦੇ ਬਾਵਜੂਦ 2030 ਤੱਕ ਇਨਾਂ ਦੀ ਸੰਖਿਆ ਵਧ ਕੇ 80 ਕਰੋੜ ਹੋ ਜਾਣ ਦਾ ਅੰਦਾਜ਼ਾ ਹੈ। ਇਸ ਅਬਾਦੀ ਦਾ 25 ਪ੍ਰਤੀਸ਼ਤ ਹਿੱਸਾ ਸਿਰਫ ਭਾਰਤ ਵਿੱਚ ਰਹਿੰਦਾ ਹੈ। ਸੰਯੁਕਤ ਰਾਸ਼ਟਰ ਸੰਘ ਦੇ ਭੋਜਨ ਤੇ ਖੇਤੀ ਦੇ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ, ਪੂਰੇ ਸੰਸਾਰ ਵਿੱਚ 85 ਕਰੋੜ 50 ਲੱਖ ਲੋਕ ਭੁੱਖਮਰੀ, ਕੁਪੋਸ਼ਣ ਜਾਂ ਪੋਸ਼ਣ ਦੀ ਕਮੀ ਦੇ ਸ਼ਿਕਾਰ ਹਨ। ਇਨਾਂ ਵਿੱਚੋਂ ਲੱਗਭਗ 35 ਕਰੋੜ ਅਬਾਦੀ ਭਾਰਤੀ ਹੈ। ਹਰੇਕ ਤਿੰਨਾਂ ਵਿੱਚੋਂ ਇੱਕ (ਯਾਣੀ ਲਗਭਗ 35 ਕਰੋੜ) ਭਾਰਤੀਆਂ ਨੂੰ ਲਗਭਗ ਭੁੱਖੇ ਢਿੱਡ ਸੌਣਾ ਪੈਂਦਾ ਹੈ। ਨਾ ਤਾਂ ਪੂਰੇ ਸੰਸਾਰ ਪੱਧਰ ’ਤੇ ਅਤੇ ਨਾ ਹੀ ਭਾਰਤ ਪੱਧਰ ’ਤੇ ਇਸਦਾ ਕਾਰਨ ਅਨਾਜ ਭੰਡਾਰ ਦੀ ਕਮੀ ਨਹੀਂ, ਸਗੋਂ ਵਧਦੀ ਮਹਿੰਗਾਈ ਅਤੇ ਆਮ ਲੋਕਾਂ ਦੀ ਘੱਟਦੀ ਅਸਲ ਆਮਦਨ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਰਿਪੋਰਟ ਅਨੁਸਾਰ, ਭਾਰਤ ਵਿੱਚ 1991 ਵਿੱਚ ਪ੍ਰਤੀ ਵਿਅਕਤੀ ਔਸਤ ਅਨਾਜ ਪ੍ਰਾਪਤੀ 580 ਗ੍ਰਾਮ ਸੀ ਜੋ 2007 ਵਿੱਚ ਘਟਕੇ 445 ਗ੍ਰਾਮ ਰਹਿ ਗਈ। ਵਰਨਣਯੋਗ ਹੈ ਕਿ ਇਸ ਦੌਰਾਨ ਸਮਾਜ ਦੇ ਅਮੀਰ ਤਬਕਿਆਂ (ਉੱਚ ਮੱਧਵਰਗ ਤੱਕ) ਨੇ ਖਾਣ–ਪੀਣ ’ਤੇ ਹੋਰ ਖਰਚ ਕਾਫੀ ਵਧਾਇਆ ਹੈ। ਯਾਣੀ ਔਸਤ ਅਨਾਜ ਪ੍ਰਾਪਤੀ ਵਿੱਚ ਉਪਰੋਕਤ ਸਮੇਂ ਵਿੱਚ ਦਰਸਾਈ ਗਈ ਕਮੀ ਤੋਂ ਵੀ ਵੱਧ ਕਟੌਤੀ ਗਰੀਬ ਦੇ ਭੋਜਨ ਵਿੱਚ ਹੋਈ ਹੈ। ਉਸੇ ਰਿਪੋਰਟ ਅਨੁਸਾਰ, ਉਦਾਰੀਕਰਨ ਦੇ ਇਨ੍ਹਾਂ 18 ਸਾਲਾਂ ਦੌਰਾਨ ਸਮਾਜ ਵਿੱਚ ਗਰੀਬ ਹਿੱਸੇ ਦੀ ਪ੍ਰਤੀ ਵਿਅਕਤੀ ਕੈਲੋਰੀ ਖਪਤ ਵਿੱਚ ਵੀ ਕਾਫੀ ਕਮੀ ਆਈ ਹੈ। ਜਿੱਥੇ ਵਿਕਸਿਤ ਦੇਸ਼ਾਂ ਦੇ ਲੋਕ ਆਪਣੀ ਕੁੱਲ ਆਮਦਨ ਦਾ 10 ਤੋਂ 20 ਫੀਸਦੀ ਭੋਜਨ ’ਤੇ ਖਰਚ ਕਰਦੇ ਹਨ, ਉੱਥੇ ਭਾਰਤ ਦੇ ਲੋਕ ਔਸਤਨ ਕਰੀਬ 55 ਫੀਸਦੀ ਹਿੱਸਾ ਖਾਣ ’ਤੇ ਖਰਚ ਕਰਦੇ ਹਨ। ਪਰ ਘੱਟ ਆਮਦਨ ਵਾਲ਼ੇ ਤਬਕੇ ਦੇ ਭਾਰਤੀ ਨਾਗਰਿਕ ਆਪਣੀ ਆਮਦਨ ਦਾ 70 ਪ੍ਰਤੀਸ਼ਤ ਹਿੱਸਾ ਭੋਜਨ ’ਤੇ ਖਰਚ ਕਰਦੇ ਹਨ ਅਤੇ ਫਿਰ ਵੀ ਉਸਨੂੰ ਨਾ ਤਾਂ ਦੋ ਵੇਲ਼ੇ ਢਿੱਡ ਭਰਵਾਂ ਭੋਜਨ ਮਿਲਦਾ ਹੈ, ਨਾ ਹੀ ਪੋਸ਼ਣਮਈ ਭੋਜਨ। ਔਸਤ ਇੱਕ ਆਦਮੀ ਨੂੰ ਹਰ ਰੋਜ਼ 50 ਗ੍ਰਾਮ ਦਾਲ਼ ਚਾਹੀਦੀ ਹੈ, ਪਰ ਭਾਰਤ ਦੀ ਹੇਠਾਂ ਦੀ 30 ਫੀਸਦੀ ਅਬਾਦੀ ਨੂੰ ਔਸਤਨ 13 ਗ੍ਰਾਮ ਹੀ ਨਸੀਬ ਹੋ ਪਾਉਂਦੀ ਹੈ। ਸਾਲ 2006 ਤੋਂ 2007 ਵਿੱਚ ਦਾਲ਼ ਦੀਆਂ ਕੀਮਤਾਂ ਵਿੱਚ 110 ਪ੍ਰਤੀਸ਼ਤ ਦਾ ਵਾਧਾ ਹੋਇਆ। ਕੁੱਝ ਕੁ ਮੌਸਮੀ ਸਬਜ਼ੀਆਂ ਨੂੰ ਛੱਡ ਕੇ, ਪਿਆਜ, ਟਮਾਟਰ ਅਤੇ ਆਲੂ ਤੱਕ ਖਰੀਦਣਾ ਵੀ ਸਾਲ ਦੇ ਜਿਆਦਾਤਰ ਹਿੱਸੇ ਵਿੱਚ ਉਸਦੇ ਲਈ ਮੁਸ਼ਕਿਲ ਹੁੰਦਾ ਹੈ। ਅੱਜ ਤੋਂ 50 ਸਾਲ ਪਹਿਲਾਂ 5 ਵਿਅਕਤੀਆਂ ਦਾ ਪਰਿਵਾਰ ਇੱਕ ਸਾਲ ਵਿੱਚ ਔਸਤਨ ਜਿੰਨਾ ਅਨਾਜ਼ ਖਾਂਦਾ ਸੀ, ਅੱਜ ਉਸਤੋਂ 200 ਕਿੱਲੋ ਘੱਟ ਖਾਂਦਾ ਹੈ।

–ਇੱਕ ਸਰਕਾਰੀ ਅੰਕੜੇ ਦੇ ਅਨੁਸਾਰ, ਦੇਸ਼ ਦੀਆਂ 75 ਫੀਸਦੀ ਮਾਵਾਂ ਨੂੰ ਪੌਸ਼ਟਿਕ ਭੋਜਨ ਨਹੀਂ ਮਿਲਦਾ। ਵਿਸ਼ਵ ਸਿਹਤ ਸੰਗਠਨ, ਯੂਨੀਸੇਫ, ਯੂ.ਐਨ.ਐਫ.ਪੀ.ਏ. ਅਤੇ ਸੰਸਾਰ ਬੈਂਕ ਦੁਆਰਾ ਤਿਆਰ ਕੀਤੀ ਗਈ ‘ਮੈਟਰਨਲ ਮਾਰਟਲਿਟੀ ਰਿਪੋਰਟ’ (2007) ਦੇ ਅਨੁਸਾਰ, ਪੂਰੇ ਸੰਸਾਰ ਵਿੱਚ ਗਰਭ ਜਾਂ ਜਣੇਪੇ ਦੌਰਾਨ 5.36 ਲੱਖ ਔਰਤਾਂ ਮਰ ਜਾਂਦੀਆਂ ਹਨ। ਇਨਾਂ ਵਿੱਚੋਂ 1.17 ਲੱਖ ਮੌਤਾਂ ਸਿਰਫ ਭਾਰਤ ਵਿੱਚ ਹੁੰਦੀਆਂ ਹਨ।

ਭਾਰਤ ਵਿੱਚ ਜਣੇਪੇ ਦੌਰਾਨ ਮੌਤਾਂ ਦੇ 47 ਫੀਸਦੀ ਮਾਮਲਿਆਂ ਵਿੱਚ ਕਾਰਨ ਖੂਨ ਦੀ ਕਮੀ ਅਤੇ ਬਹੁਤ ਜਿਆਦਾ ਖੂਨ ਵਹਿਣਾ ਹੁੰਦਾ ਹੈ। ਰਿਪੋਰਟ ਅਨੁਸਾਰ, ਭਾਰਤ ਸਹਿਤ ਸਾਰੇ ਵਿਕਾਸਸ਼ੀਲ ਦੇਸ਼ਾਂ ਵਿੱਚ ਗਰਭਵਤੀ ਅਤੇ ਬੱਚੇ ਜਣ ਰਹੀਆਂ ਔਰਤਾਂ ਦੇ ਮਾਮਲਿਆਂ ਵਿੱਚ 99 ਫੀਸਦੀ ਮੌਤਾਂ ਗਰੀਬੀ, ਭੁੱਖ ਅਤੇ ਬਿਮਾਰੀ ਕਰਕੇ ਹੁੰਦੀਆਂ ਹਨ। ਭਾਰਤ ਦੇ ਸਿਹਤ ਮੰਤਰੀ ਦੁਆਰਾ 2007 ਵਿੱਚ ਜਾਰੀ ਰਿਪੋਰਟ 'ਐਨ.ਐਫ.ਐਚ.ਐਸ.-III'ਅਨੁਸਾਰ, ਗਰੀਬੀ ਕਾਰਨ ਸਮੁੱਚੀ ਡਾਕਟਰੀ ਦੇਖਭਾਲ਼ ਦੀ ਕਮੀ ਭਾਰਤ ਵਿੱਚ ਮਾਵਾਂ ਦੀ ਉੱਚੀ ਮੌਤ ਦਰ ਦਾ ਮੁੱਖ ਕਾਰਨ ਹੈ। 2007 ਤੋਂ ਪਹਿਲਾਂ ਦੇ ਅੱਠ ਸਾਲਾਂ ਦੌਰਾਨ ਬੱਚਿਆਂ ਨੂੰ ਜਨਮ ਦੇਣ ਵਾਲ਼ੀਆਂ 25 ਪ੍ਰਤੀਸ਼ਤ ਔਰਤਾਂ ਨੂੰ ਜਣੇਪੇ ਤੋਂ ਪਹਿਲਾਂ ਜਾਂ ਉਸਤੋਂ ਬਾਅਦ ਡਾਕਟਰੀ ਦੇਖਭਾਲ਼ ਦੀ ਕੋਈ ਸਹੂਲਤ ਉਪਲਭਧ ਨਹੀਂ ਹੋਈ। ਇਸੇ ਰਿਪੋਰਟ ਅਨੁਸਾਰ ਭਾਰਤ ਵਿੱਚ ਹਾਲੇ ਵੀ 60 ਪ੍ਰਤੀਸ਼ਤ ਜਣੇਪੇ ਘਰ ਵਿੱਚ ਹੀ ਕਰਵਾਏ ਜਾਂਦੇ ਹਨ, 37 ਪ੍ਰਤੀਸ਼ਤ ਮਾਮਲਿਆਂ ਵਿੱਚ ਖਾਨਦਾਨੀ ਦਾਈਆਂ ਅਤੇ 60 ਪ੍ਰਤੀਸ਼ਤ ਮਾਮਲਿਆਂ ਵਿੱਚ ਰਿਸ਼ਤੇਦਾਰ ਜਾਂ ਅਣਜਾਣ ਲੋਕ ਜਣੇਪੇ ਸਮੇਂ ਮਾਂ ਦੀ ਸਹਾਇਤਾ ਜਾਂ ਦੇਖਭਾਲ ਕਰਦੇ ਹਨ।

-1991ਤੋਂ ਪਹਿਲਾਂ 4 ਫੀਸਦੀ ਤੋਂ ਵੀ ਘੱਟ ਸਲਾਨਾ ਆਰਥਿਕ ਵਾਧੇ ਦੇ ਨਾਲ਼ ਰੋਜ਼ਗਾਰ ਵਿੱਚ 2 ਫੀਸਦੀ ਦਾ ਵਾਧਾ ਹੁੰਦਾ ਸੀ। 1991 ਦੇ ਸਾਲਾਂ ਵਿੱਚ 6 ਤੋਂ 9 ਫੀਸਦੀ ਵਿਚਕਾਰ ਸਲਾਨਾ ਆਰਥਿਕ ਵਾਧਾ ਦਰ ਹੋਣ ਬਾਵਜੂਦ ਨਿਯਮਤ ਰੋਜ਼ਗਾਰ ਵਾਧੇ ਦੀ ਦਰ 1 ਫੀਸਦੀ ਸਲਾਨਾ ਤੋਂ ਅੱਗੇ ਨਹੀਂ ਜਾ ਸਕੀ ਹੈ। ਇਸਦਾ ਮਤਲਬ ਇਹ ਹੈ ਕਿ ਕੁੱਲ ਘਰੇਲੂ ਉਤਪਾਦ ਦਾ ਲਗਭਗ 7-8 ਫੀਸਦੀ ਰੋਜ਼ਗਾਰ ਵਿੱਚ ਵਾਧੇ ਦਾ ਨਹੀਂ ਸਗੋਂ ਪ੍ਰਤੀ ਵਿਅਕਤੀ ਉਤਪਾਦਨ ਵਿੱਚ ਵਾਧੇ ਦਾ ਨਤੀਜਾ ਹੈ। ਉਤਪਾਦਨ ਵਿੱਚ ਇਹ ਉੱਚਾ ਵਾਧਾ ਕਿਰਤ ਦੀ ਉਤਪਾਦਕਤਾ ਵਿੱਚ ਵਾਧੇ ਨਾਲ਼ ਹੋਇਆ ਹੈ। 1991ਤੋਂ ਬਾਅਦ ਸੰਗਠਤ ਸਰਵਜਨਕ ਖੇਤਰ ਵਿੱਚ ਰੁਜ਼ਗਾਰ ਵਿੱਚ ਲਗਾਤਾਰ ਗਿਰਾਵਟ ਆਈ ਹੈ ਅਤੇ ਸੰਗਠਿਤ ਨਿੱਜੀ ਖੇਤਰ ਇਸ ਗਿਰਾਵਟ ਦੀ ਪੂਰਤੀ ਨਹੀਂ ਕਰ ਸਕਿਆ ਹੈ। ਕਾਰਪੋਰੇਟ ਸੰਸਾਰ ਵਿੱਚ ਅਤੇ ਜੱਥੇਬੰਦ ਉਦਯੋਗਾਂ ਵਿੱਚ ਮਸ਼ੀਨੀਕਰਨ ਅਤੇ ਰੋਜ਼ਾਨਾ ਕੰਮ ਦੇ ਘੰਟੇ ਵਧਾ ਕੇ ਉਤਪਾਦਨ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਕਾਰਪੋਰੇਟ ਘਰਾਣੇ ਅਤੇ ਜੱਥੇਬੰਦ ਉਦਯੋਗ ਅਤੇ ਮਸ਼ੀਨੀਕਰਨ ਦੇ ਨਾਲ਼ ਹੀ ਅਨੇਕਾਂ ਪ੍ਰਤੱਖ-ਅਪ੍ਰਤੱਖ ਤਰੀਕਿਆਂ ਨਾਲ਼ ਛਾਂਟੀ ਕਰਕੇ ਪੱਕੇ ਰੋਜ਼ਗਾਰ ਅਤੇ ਜਥੇਬੰਦ ਮਜ਼ਦੂਰ ਅਬਾਦੀ ਨੂੰ ਘੱਟ ਕਰਦੇ ਰਹੇ ਹਨ। ਇਹ ਪ੍ਰਕਿਰਿਆ ਸਰਵਜਨਕ ਖੇਤਰ ਵਿੱਚ ਵੀ ਜਾਰੀ ਰਹੀ ਹੈ ਅਤੇ ਜਿੰਨ੍ਹਾਂ ਰਾਜਕੀ ਉਦਯੋਗਾਂ ਨੂੰ ਨਿੱਜੀ ਘਰਾਣਿਆਂ ਜਾਂ ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕੀਤਾ ਗਿਆ ਹੈ, ਉਨਾਂ ਵਿੱਚ ਪੁਰਾਣੇ ਪੱਕੇ-ਕਰਮਚਾਰੀਆਂ ਦੀ ਵੱਡੇ ਪੈਮਾਨੇ 'ਤੇ ਛਾਂਟੀ ਕੀਤੀ ਜਾਂਦੀ ਰਹੀ ਹੈ। ਇਸ ਤਰਾਂ ਕਿਰਤ ਮੰਡੀ ਵਿੱਚ ਕਿਰਤ ਸ਼ਕਤੀ ਦਾ ਮੁੱਲ ਘਟਾ ਕੇ (ਦਿਹਾੜੀ, ਠੇਕਾ ਅਤੇ ਪੀਸ ਰੇਟ 'ਤੇ ਕੰਮ ਕਰਵਾਕੇ) ਪੂੰਜੀਪਤੀ ਕਿਰਤ-ਉਤਪਾਦਕਤਾ ਵਧਾਉਣ ਦੇ ਨਾਲ਼ ਹੀ ਪੱਕੇ ਰੁਜ਼ਗਾਰ ਅਤੇ ਉਤਪਾਦਨ-ਖਰਚ ਵਿੱਚ ਮਜ਼ਦੂਰੀ ਦੇ ਹਿੱਸੇ ਨੂੰ ਲਗਾਤਾਰ ਘਟਾਉਂਦੇ ਰਹੇ ਹਨ।

-'ਫਾਈਨੇਂਸ਼ਿਅਲ ਟਾਈਮਸ' (ਲੰਦਨ) ਅਨੁਸਾਰ, ਟਾਟਾ ਘਰਾਣੇ ਦੇ ਜਮਸ਼ੇਦਪੁਰ ਇਸਪਾਤ ਕਾਰਖਾਨੇ ਵਿੱਚ 1991 ਵਿੱਚ 85 ਹਜ਼ਾਰ ਮਜ਼ਦੂਰਾਂ ਨੇ ਦਸ ਲੱਖ ਟਨ ਇਸਪਾਤ ਦਾ ਉਤਪਾਦਨ ਕੀਤਾ ਜਿਸਦੀ ਕੀਮਤ ਸੀ 8 ਲੱਖ ਡਾਲਰ। 2005 ਵਿੱਚ ਇਹ ਉਤਪਾਦਨ ਵਧ ਕੇ 50 ਲੱਖ ਟਨ ਹੋ ਗਿਆ ਜਿਸਦੀ ਕੀਮਤ ਸੀ ਲਗਭਗ 50 ਲੱਖ ਡਾਲਰ। ਪਰ ਇਸੇ ਦੌਰ ਵਿੱਚ ਕਾਰਖਾਨੇ ਵਿੱਚ ਰੋਜ਼ਗਾਰ ਵਾਲ਼ੇ ਕਾਮਿਆਂ ਦੀ ਗਿਣਤੀ ਘਟ ਕੇ 44,000 ਰਹਿ ਗਈ। ਯਾਨੀ ਉਤਪਾਦਨ ਛੇ ਗੁਣਾ ਵਧ ਗਿਆ ਪਰ ਰੁਜ਼ਗਾਰ ਘੱਟ ਕੇ ਅੱਧਾ ਰਹਿ ਗਿਆ। ਯਾਨੀ ਕਿਰਤ ਦੀ ਉਤਪਾਦਕਤਾ ਦਸ ਗੁਣਾ ਤੋਂ ਵੀ ਜਿਆਦਾ ਵਧ ਗਈ। ਇਸ ਤਰਾਂ, ਪੂਨੇ ਵਿੱਚ ਟਾਟਾ ਮੋਟਰਜ਼ ਨੇ 1999 ਤੋਂ 2004 ਵਿਚਕਾਰ ਮਜ਼ਦੂਰਾਂ ਦੀ ਸੰਖਿਆ 35,000 ਤੋਂ ਘਟਾਕੇ 21,000 ਕਰ ਦਿੱਤੀ, ਪਰ ਵਾਹਨਾਂ ਦਾ ਉਤਪਾਦਨ 1,29,000 ਤੋਂ ਵਧਾ ਕੇ, 3,11,500 ਕਰ ਦਿੱਤਾ। ਯਾਨੀ ਕਿਰਤ ਦੀ ਉਤਪਾਦਕਤਾ 4 ਗੁਣਾ ਵਧਾ ਦਿੱਤੀ। ਮਾਰਗਨ ਸਟੈਨਲੇ ਦੇ ਮੁੱਖ ਅਰਥਸ਼ਾਸਤਰੀ ਸਟੀਫ਼ਨ ਰੋਸ ਅਨੁਸਾਰ, 1995 ਦੇ ਨੇੜੇ-ਤੇੜੇ ਪੂਨੇ ਦੇ ਬਜ਼ਾਜ ਮੋਟਰ ਸਾਇਕਲ ਕਾਰਖਾਨੇ ਵਿੱਚ 24,000 ਕਿਰਤੀ 10 ਲੱਖ ਦੋ ਪਹੀਆ ਵਾਹਨਾਂ ਦਾ ਉਤਪਾਦਨ ਕਰਦੇ ਸਨ, ਜਦੋਂ ਕਿ 2004 ਵਿੱਚ ਇਸੇ ਕਾਰਖਾਨੇ ਵਿੱਚ ਸਿਰਫ 10,500 ਕਿਰਤੀਆਂ ਨੇ 24 ਲੱਖ ਦੋ ਪਹੀਆ ਵਾਹਨਾਂ ਦਾ ਉਤਪਾਦਨ ਕੀਤਾ। ਯਾਨੀ ਕਿਰਤ-ਉਤਪਾਦਕਤਾ ਵਿੱਚ 6 ਗੁਣਾ ਤੋਂ ਵੀ ਜਿਆਦਾ ਵਾਧਾ ਹੋ ਗਿਆ ਹੈ। ਇਹ ਸਥਿਤੀ ਸਿਰਫ ਆਟੋਮੋਬਾਇਲ ਇੰਡਸਟਰੀ ਦੀ ਹੀ ਨਹੀਂ ਸਗੋਂ ਨਿੱਜੀ ਕਾਰਪੋਰੇਟ ਖੇਤਰ ਦੀਆਂ ਲਗਭਗ ਸਾਰੀਆਂ ਸੱਨਅਤਾਂ ਦੀ ਹੈ।

-ਆਟੋਮੋਬਾਇਲ, ਇਲੈਕਟ੍ਰਿਕ ਗੁਡਸ, ਇਲੈਕਟ੍ਰਾਨਿਕ ਗੁਡਸ, ਕੰਪਿਊਟਰ, ਰੈਡੀਮੇਡ ਕੱਪੜੇ, ਚਮੜੇ ਦੇ ਸਮਾਨ, ਪੇਂਟ, ਰਸਾਇਣ - ਇਨਾਂ ਸਭ ਉਦਯੋਗਾਂ ਵਿੱਚ ਹਾਵੀ ਕਾਰਪੋਰੇਟ ਘਰਾਣੇ ਅੱਜ ਜਿਆਦਾ ਕੰਮ ਠੇਕੇ 'ਤੇ ਗੈਰ ਜਥੇਬੰਦ ਖੇਤਰ ਤੋਂ ਕਰਾਉਂਦੇ ਹਨ। ਜਾਂ ਤਾਂ ਉਹ ਠੇਕੇਦਾਰਾਂ ਜ਼ਰੀਏ ਸਿੱਧੇ ਠੇਕੇ 'ਤੇ ਦਿਹਾੜੀ ਮਜ਼ਦੂਰ ਰੱਖ ਲੈਂਦੇ ਹਨ, ਜਾਂ ਕੁੱਝ ਕੰਮ ਕੁੱਝ ਛੋਟੇ-ਛੋਟੇ ਵਰਕਸ਼ਾਪ-ਮਾਲਕਾਂ ਅਤੇ ਛੋਟੇ ਕਾਰਖਾਨੇਦਾਰਾਂ ਨੂੰ ਦੇ ਦਿੰਦੇ ਹਨ ਜੋ ਦਿਹਾੜੀ 'ਤੇ ਮਜ਼ਦੂਰ ਰੱਖ ਕੇ 60-70 ਰੁਪਏ ਦੀ ਦਿਹਾੜੀ 'ਤੇ ਦਸ ਘੰਟੇ ਤੱਕ ਕੰਮ ਲੈਂਦੇ ਹਨ ਅਤੇ ਲੋੜ ਪੈਣ 'ਤੇ ਸਿੰਗਲ ਰੇਟ 'ਤੇ ਪੰਜ ਛੇ ਘੰਟੇ ਓਵਰਟਾਈਮ ਵੀ ਕਰਵਾਉਂਦੇ ਹਨ। ਕੁੱਲ ਉਦਯੋਗਿਕ ਕਿਰਤ ਸ਼ਕਤੀ ਦਾ ਲਗਭਗ 90 ਪ੍ਰਤੀਸ਼ਤ ਹਿੱਸਾ ਇਸ ਤਰਾਂ ਹੀ ਗੈਰ ਜਥੇਬੰਦ ਮਜ਼ਦੂਰਾਂ ਦਾ ਹੈ। ਇਨਾਂ ਗੈਰ ਜਥੇਬੰਦ ਮਜ਼ਦੂਰਾਂ ਲਈ ਨਾ ਤਾਂ ਕੋਈ ਕਾਰਗਰ ਕਿਰਤ ਕਾਨੂੰਨ ਹੈ, ਨਾ ਹੀ ਸਮਾਜਿਕ ਸੁੱਰਖਿਆ ਦਾ ਕੋਈ ਪ੍ਰਬੰਧ ਹੈ। ਜੱਥੇਬੰਦ ਖੇਤਰ ਦੁਆਰਾ ਉਤਪਾਦਕ ਕਾਰਵਾਈਆਂ ਦਾ ਵੱਡੇ ਤੋਂ ਵੱਡਾ ਹਿੱਸਾ ਗੈਰਜਥੇਬੰਦ ਖੇਤਰ ਵਿੱਚ ਕਾਰਖਾਨਾ ਅਤੇ ਪੱਕੇ ਰੁਜ਼ਗਾਰ ਦੀ ਬਜਾਇ ਵੱਡੇ ਪੈਮਾਨੇ 'ਤੇ ਦਿਹਾੜੀ ਮਜ਼ਦੂਰਾਂ ਤੋਂ ਕੰਮ ਕਰਵਾਉਣਾ ਸੰਸਾਰੀਕਰਨ ਦੇ ਦੌਰ ਦਾ ਸਰਵਵਿਆਪੀ ਵਰਤਾਰਾ ਹੈ ਜੋ ਪਿਛਲੇ 18 ਸਾਲਾਂ ਤੋਂ ਭਾਰਤੀ ਸੱਨਅਤਾਂ ਦੀ ਖਾਸੀਅਤ ਬਣ ਗਿਆ ਹੈ। ਤਨਖਾਹ ਵਿੱਚ ਬਿਨਾਂ ਕਿਸੇ ਵਾਧੇ ਦੇ ਕੰਮ ਦੇ ਘੰਟੇ ਵਧਾਉਣ ਦਾ ਇਹ ਸਭ ਤੋਂ ਵੱਧ

ਪ੍ਰਚੱਲਿਤ ਹੱਲ ਬਣ ਗਿਆ ਹੈ। ਜਥੇਬੰਦ ਖੇਤਰ ਵਿੱਚ ਪੱਕੇ ਰੁਜ਼ਗਾਰ ਦੀ ਕਮੀ ਨੇ ਸਵੈ-ਰੋਜ਼ਗਾਰ ਵਿੱਚ ਲੱਗੇ ਕਾਮਿਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਕੀਤਾ ਹੈ। ਇੱਕ ਪਾਸੇ ਇੱਥੇ ਕਰਘਾ ਉਦਯੋਗ ਆਦਿ ਰਿਵਾਇਤੀ ਕਿੱਤਿਆਂ ਵਿੱਚ ਲੱਗੇ ਸਵੈ-ਰੋਜ਼ਗਾਰੀ ਕਿਰਤੀ ਉਜੜਦੇ ਜਾ ਰਹੇ ਹਨ, ਉੱਥੇ ਪੀਸਰੇਟ 'ਤੇ ਕਿਸੇ ਵੱਡੇ ਉਦਯੋਗ ਜਾਂ ਰਿਟੇਲ ਚੇਨ ਤੋਂ ਕੰਮ ਲੈ ਕੇ ਘਰ ਵਿੱਚ ਹੀ ਛੋਟੀ ਮੋਟੀ ਮਸ਼ੀਨ ਲਾ ਕੇ ਜਾਂ ਵਰਕਸ਼ਾਪ ਲਾ ਕੇ ਪੂਰੇ ਪਰਿਵਾਰ ਨੂੰ ਨਾਲ਼ ਲੈ ਕੇ ਕੰਮ ਕਰਨ ਵਾਲ਼ੇ ਕਾਮਿਆਂ ਦੀ ਗਿਣਤੀ ਤੇਜ਼ੀ ਨਾਲ਼ ਵਧੀ ਹੈ। ਇਸ ਸਮੇਂ ਅਜਿਹੇ ਸਵੈ-ਰੋਜ਼ਗਾਰੀ ਕਾਮਿਆਂ ਦੀ ਗਿਣਤੀ 26 ਕਰੋੜ ਹੈ। ਅਰਥਸ਼ਾਸਤਰੀ ਸੀ. ਰੰਗਰਾਜਨ ਦੇ ਅਨੁਸਾਰ, ਅਜਿਹੇ ਕਾਮਿਆਂ ਦੇ ਵੱਡੇ ਹਿੱਸੇ ਨੇ ਥੋੜ੍ਹੀ ਜਿਹੀ ਜਿਆਦਾ ਆਮਦਨ ਲਈ ਘੰਟਿਆਂ ਜਿਆਦਾ ਮਿਹਨਤ ਕਰਕੇ ਉਤਪਾਦਕਤਾ ਅਤੇ ਕਾਰਪੋਰੇਟ ਮੁਨਾਫੇ ਵਿੱਚ ਭਾਰੀ ਵਾਧਾ ਕੀਤਾ ਹੈ ਅਤੇ ਬਦਲੇ ਵਿੱਚ ਉਨਾਂ ਨੂੰ ਨਰਕੀ ਬਦਹਾਲੀ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਮਿਲਿਆ ਹੈ। ਪਿਛਲੇ 18 ਸਾਲਾਂ ਵਿੱਚ ਉਤਪਾਦਨ-ਖਰਚ ਵਿੱਚ ਮਜ਼ਦੂਰੀ-ਤਨਖਾਹ ਦਾ ਹਿੱਸਾ ਲਗਾਤਾਰ ਘਟਦਾ ਗਿਆ ਹੈ। ਇੱਕ ਅਧਿਐਨ ਅਨੁਸਾਰ, ਦੇਸ਼ ਦੇ ਸੌ ਵੱਡੇ ਉਦਯੋਗਾਂ ਵਿੱਚ 1990-91 ਵਿੱਚ ਉਤਪਾਦਨ-ਖਰਚ ਵਿੱਚ ਮਜ਼ਦੂਰੀ ਦਾ ਹਿੱਸਾ 11 ਪ੍ਰਤੀਸ਼ਤ ਸੀ, ਜੋ 2000-01 ਤੱਕ ਘੱਟ ਕੇ ਸਿਰਫ 5.56 ਪ੍ਰਤੀਸ਼ਤ ਰਹਿ ਗਿਆ ਸੀ।

-ਆਓ ਹੁਣ, ਅਮੀਰ-ਗਰੀਬ ਵਿੱਚ ਵਧਦੇ ਪਾੜੇ ਦੀ ਗੱਲ ਕਰ ਲਈ ਜਾਵੇ। 'ਮਾਰਗਟੇਨ ਸਟੈਨਲੇ' ਦੇ ਕਾਰਜਕਾਰੀ ਨਿਰਦੇਸ਼ਕ ਚੇਤਨ ਆਹਯਾ ਨੇ 9 ਜੁਲਾਈ 2007 ਨੂੰ 'ਇਕਨਾਮਿਕ ਟਾਈਮਜ਼' ਵਿੱਚ ਲਿਖਿਆ ਸੀ ਕਿ "ਪਿਛਲੇ ਚਾਰ ਸਾਲ ਦੌਰਾਨ ਭਾਰਤ ਵਿੱਚ ਇੱਕ ਖਰਬ ਡਾਲਰ ਤੋਂ ਜਿਆਦਾ ਦੌਲਤ ਵਧੀ ਹੈ, ਯਾਣੀ ਭਾਰਤ ਦੇ ਕੁੱਲ ਘਰੇਲੂ ਉਤਪਾਦ ਦੇ ਸੌ ਫੀਸਦੀ ਤੋਂ ਵੀ ਜਿਆਦਾ ਅਤੇ ਇਸਦਾ ਬਹੁਤ ਵੱਡਾ ਹਿੱਸਾ ਅਬਾਦੀ ਦੇ ਬਹੁਤ ਹੀ ਛੋਟੇ ਹਿੱਸੇ ਦੇ ਹੱਥਾਂ ਵਿੱਚ ਗਿਆ ਹੈ।" ਆਹਯਾ ਦੇ ਅਨੁਸਾਰ, "ਪਿਛਲੇ ਕੁੱਝ ਸਾਲਾਂ ਵਿੱਚ ਸੰਸਰੀਕਰਨ ਅਤੇ ਪੂੰਜੀਵਾਦ ਦੇ ਉਭਾਰ ਦੀ ਵਜ੍ਹਾ ਨਾਲ਼ ਗੈਰਬਰਾਬਰੀ ਦਾ ਫਾਸਲਾ ਚੌੜਾ ਹੀ ਹੁੰਦਾ ਗਿਆ ਹੈ... ਗੈਰਬਰਾਬਰੀ ਵਧਣ ਦੀ ਵਜ੍ਹਾ ਨਾਲ਼ ਸਮਾਜਿਕ ਅਤੇ ਰਾਜਨੀਤਕ ਭੁਚਾਲ ਆ ਸਕਦਾ ਹੈ।" ਇੱਕ ਹੋਰ ਅਧਿਐਨ ਦੇ ਅਨੁਸਾਰ, ਦੇਸ਼ ਦੀ ਸ਼ਿਖ਼ਰ ਦੀ ਦਸ ਫੀਸਦੀ ਅਬਾਦੀ ਕੋਲ਼ ਕੁੱਲ ਜਾਇਦਾਦ ਦਾ 85 ਪ੍ਰਤੀਸ਼ਤ ਇਕੱਠਾ ਹੋ ਗਿਆ ਹੈ ਜਦੋਂ ਕਿ ਹੇਠਾਂ ਦੀ 60 ਪ੍ਰਤੀਸ਼ਤ ਅਬਾਦੀ ਕੋਲ਼ ਸਿਰਫ ਦੋ ਪ੍ਰਤੀਸ਼ਤ ਹੈ। ਦੇਸ਼ ਵਿੱਚ 0.01 ਵਿਅਕਤੀ ਅਜਿਹੇ ਹਨ ਜਿਨਾਂ ਦੀ ਆਮਦਨ ਪੂਰੇ ਦੇਸ਼ ਦੀ ਔਸਤ ਆਮਦਨ ਨਾਲ਼ੋਂ ਦੋ ਸੌ ਗੁਣਾ ਵੱਧ ਹੋ ਚੁੱਕੀ ਹੈ। ਦੇਸ਼ ਦੀ ਸ਼ਿਖ਼ਰ ਦੀ ਤਿੰਨ ਫੀਸਦੀ ਅਤੇ ਹੇਠਾਂ ਦੀ 40 ਫੀਸਦੀ ਅਬਾਦੀ ਦੀ ਆਮਦਨ ਵਿਚਲਾ ਫਰਕ ਅੱਜ ਸੱਠ ਗੁਣਾ ਹੋ ਚੁੱਕਿਆ ਹੈ। ਆਮਦਨਕਰ ਰਿਟਰਨਾਂ ਦੇ ਅਧਿਐਨ 'ਤੇ ਅਧਾਰਿਤ ਆਪਣੇ ਖੋਜਪੱਤਰ ਵਿੱਚ ਅਭੀਜੀਤ ਬੈਨਰਜੀ ਅਤੇ ਥਾਮਸ ਪਿਕੇਰੀ ਨੇ ਦੱਸਿਆ ਹੈ ਕਿ ਭਾਰਤ ਦੇ ਸਭ ਤੋਂ ਅਮੀਰ 0.01 ਪ੍ਰਤੀਸ਼ਤ ਲੋਕਾਂ ਦੀ ਆਮਦਨ ਪੂਰੀ ਆਮਦਨ ਤੋਂ 150 ਤੋਂ 200 ਗੁਣਾ ਜਿਆਦਾ ਸੀ। 1980 ਦੇ ਦਹਾਕੇ ਦੇ ਸ਼ੁਰੂ ਵਿੱਚ ਇਹ ਘੱਟਕੇ 50 ਗੁਣਾ ਤੋਂ ਵੀ ਘੱਟ ਰਹਿ ਗਈ ਸੀ। 1990 ਦੇ ਦਹਾਕੇ ਦੇ ਅੰਤ ਤੱਕ ਇਹ ਫਿਰ ਤੋਂ ਵਧ ਕੇ 150 ਤੋਂ 200 ਗੁਣਾ ਜਿਆਦਾ ਹੋ ਗਈ। ਬੈਨਰਜੀ ਅਤੇ ਪਿਕੇਰੀ ਦੇ ਅਨੁਸਾਰ, 1980 ਅਤੇ 1990 ਦੇ ਦਹਾਕਿਆਂ ਦੇ ਦੌਰਾਨ ਕੁੱਲ ਅਬਾਦੀ ਦੇ ਉੱਪਰਲੇ ਇੱਕ ਹਿੱਸੇ ਨੇ ਦੇਸ਼ ਦੀ ਕੁੱਲ ਆਮਦਨੀ ਵਿੱਚ ਆਪਣਾ ਹਿੱਸਾ ਬਹੁਤ ਜਿਆਦਾ ਵਧਾ ਲਿਆ। 1980 ਦੇ ਦਹਾਕੇ ਵਿੱਚ ਜਿੱਥੇ ਇਸ ਪੂਰੀ 1 ਫੀਸਦੀ ਅਬਾਦੀ ਵਿੱਚੋਂ ਹਰ ਕਿਸੇ ਨੂੰ ਲਾਭ ਹੋਇਆ ਸੀ, ਉੱਥੇ 1990 ਦੇ ਦਹਾਕੇ ਵਿੱਚ ਸਭ ਤੋਂ ਉੱਪਰ ਦੇ 0.1 ਫੀਸਦੀ ਲੋਕਾਂ (ਯਾਣੀ ਲਗਭਗ 11 ਲੱਖ) ਨੇ ਹੀ ਜਿਆਦਾ ਲਾਭ ਬਟੋਰਿਆ।

-ਦੇਸ਼ ਦੀ ਲਗਭਗ ਇੱਕ ਅਰਬ ਦਸ ਕਰੋੜ ਅਬਾਦੀ ਵਿੱਚੋਂ, ਵੱਖ-ਵੱਖ ਅਧਿਐਨਾਂ ਦੇ ਅਨੁਸਾਰ, ਹਾਕਮ ਜਮਾਤ ਅਤੇ ਉਸ ਨਾਲ਼ ਘਿਓ ਖਿਚੜੀ ਉੱਚ ਮੱਧਵਰਗ ਤੋਂ ਲੈ ਕੇ ਖੁਸ਼ਹਾਲ, ਦਰਮਿਆਨੇ ਮੱਧ ਵਰਗ ਤੱਕ ਦੀ ਕੁੱਲ ਅਬਾਦੀ, ਵੱਧ ਤੋਂ ਵੱਧ, 15 ਤੋਂ 20 ਕਰੋੜ ਦੇ ਵਿਚਕਾਰ ਹੈ। ਇਸ ਵਿੱਚ ਪੂੰਜੀਪਤੀਆਂ, ਵਪਾਰੀਆਂ, ਸ਼ੇਅਰ ਦਲਾਲਾਂ, ਕਮਿਸ਼ਨ ਏਜੰਟਾਂ, ਕਾਰਪੋਰੇਟ ਪ੍ਰਬੰਧਕਾਂ, ਸਰਕਾਰੀ ਨੌਕਰਸ਼ਾਹਾਂ, ਲੀਡਰਾਂ, ਡਾਕਟਰਾਂ, ਇੰਜੀਨੀਅਰਾਂ, ਉੱਚ ਤਨਖਾਹਦਾਰ ਪ੍ਰੋਫੈਸਰਾਂ, ਮੀਡੀਆ ਕਰਮੀਆਂ ਦੇ ਉੱਪਰਲੀਆਂ ਪਰਤਾਂ, ਵਧੀਆ ਪ੍ਰੈਕਟਿਸ ਵਾਲ਼ੇ ਵਕੀਲਾਂ ਨੂੰ ਗਿਣਿਆ ਜਾ ਸਕਦਾ ਹੈ। ਗੈਰਕਾਨੂੰਨੀ ਆਮਦਨ ਅਤੇ ਕਾਲ਼ੇ ਧਨ ਦੇ ਸਮਾਨੰਤਰ ਅਰਥਚਾਰੇ ਨਾਲ਼ ਜੁੜੀ ਅਬਾਦੀ ਵੀ ਇਨ੍ਹਾਂ ਵਿੱਚ ਸ਼ਾਮਿਲ ਹੈ। ਦਸ ਲੱਖ ਲੋਕ ਅਜਿਹੇ ਹਨ ਜਿਨਾਂ ਦੀ ਮਾਸਿਕ ਆਮਦਨ 50 ਲੱਖ ਰੁਪਏ ਜਾਂ ਇਸਤੋਂ ਉੱਪਰ ਹੈ। ਇਸ ਛੋਟੀ ਜਿਹੀ ਅਬਾਦੀ ਲਈ ਸ਼ਾਪਿੰਗ ਮਾਲਸ, ਮਲਟੀਪਲੇਕਸ, ਬਾਰ-ਰੈਸਟੋਰੈਂਟ-ਹੋਟਲ-ਰਿਜ਼ਾਰਟਜ਼ ਹਨ, ਕਰੋੜਾਂ ਦੀਆਂ ਕਾਰਾਂ ਤੋਂ ਲੈ ਕੇ 5-10 ਲੱਖ ਦੀਆਂ ਕਾਰਾਂ ਅਤੇ ਦੋ ਪਹੀਆ ਵਾਹਨਾਂ ਦੇ ਅਨੇਕਾਂ ਬ੍ਰਾਂਡਜ਼ ਅਤੇ ਮਾਡਲ ਹਨ, ਇਸੇ ਉਪਭੋਗਤਾ ਤਬਕੇ 'ਤੇ ਵਿਗਿਆਪਨ ਬਾਜ਼ਾਰ ਦੇ 95 ਪ੍ਰਤੀਸ਼ਤ ਦੀ ਨਿਗਾਹ ਹੈ, ਇਸੇ ਦੇ ਸਹਾਰੇ ਸ਼ੇਅਰ ਬਾਜ਼ਾਰ ਅਤੇ ਮਨੋਰੰਜਨ ਉਦਯੋਗ ਦਾ ਕਾਰੋਬਾਰ ਚਲਦਾ ਹੈ, ਇਸ ਲਈ ਖਾਣ-ਪੀਣ-ਪਹਿਨਣ ਦੀਆਂ ਮਹਿੰਗੀਆਂ ਚੀਜ਼ਾਂ ਦੇ ਸੈਂਕੜੇ ਵਿਕਲਪ ਹਨ ਅਤੇ ਇੱਥੋਂ ਤੱਕ ਕਿ 30 ਲੱਖ ਰੁਪਏ ਕੀਮਤ ਦਾ ਸੂਟ ਦਾ ਕੱਪੜਾ ਵੀ ਹੈ। ਬਾਕੀ ਲਗਭਗ 85 ਫੀਸਦੀ ਅਬਾਦੀ ਇਸ ਅਬਾਦੀ ਦੀਆਂ ਜ਼ਰੂਰਤਾਂ ਪੈਦਾ ਕਰਨ ਲਈ, ਸਿਰਫ ਜਿਉਂਦੇ ਰਹਿਣ ਦੀਆਂ ਹੇਠਲੀਆਂ ਸ਼ਰਤਾਂ 'ਤੇ, ਖੁਸ਼ਹਾਲੀ ਦੇ ਤਹਿਖਾਨੇ ਦੇ ਹਨ੍ਹੇਰੇ ਵਿੱਚ ਜਿੰਦਗੀ ਬਤੀਤ ਕਰਦੀ ਹੈ। ਪੂੰਜੀਵਾਦ ਦਾ ਜੋ ਨੰਗਾ ਤਰਕ ਉੱਨੀਵੀਂ ਸਦੀ ਦੇ ਯੂਰਪ ਵਿੱਚ ਸਾਹਮਣੇ ਆਇਆ ਸੀ, ਉਹ "ਕਲਿਆਣਕਾਰੀ ਰਾਜ" ਦੇ ਪਰਦੇ ਦੇ ਤਾਰ-ਤਾਰ ਹੋਣ ਨਾਲ਼ ਹੀ ਪੂਰੇ ਸੰਸਾਰ ਵਿੱਚ ਨੰਗਾ ਹੋ ਗਿਆ ਹੈ। ਭਾਰਤ ਵਿੱਚ ਵੀ ਅਜਿਹਾ ਹੀ ਹੋਇਆ ਹੈ।

-ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਦੇ ਹੋਏ ਉੱਚੀ ਵਾਧਾ ਦਰ ਹਾਸਿਲ ਕਰਨ ਵਾਲ਼ੇ ਦੇਸ਼ਾਂ ਵਿੱਚ, ਪਿਛਲੇ ਡੇਢ ਦਹਾਕੇ ਦੌਰਾਨ ਚੀਨ ਅਤੇ ਭਾਰਤ ਦਾ ਨਾਮ ਸੰਸਾਰ ਵਿੱਚ ਸਭ ਤੋਂ ਉਪਰ ਰਿਹਾ ਹੈ। ਇਸ ਤਸਵੀਰ ਦਾ ਦੂਸਰਾ ਪਹਿਲੂ ਇਹ ਹੈ ਕਿ ਇਨਾਂ ਦੋਨ੍ਹਾਂ ਦੇਸ਼ਾਂ ਵਿੱਚ ਉੱਚੇ ਆਰਥਿਕ ਵਾਧੇ ਦੇ ਨਾਲ਼

ਗਰੀਬੀ ਦਾ ਦਾਇਰਾ ਵੀ ਵਿਸ਼ਾਲ ਹੋਇਆ ਹੈ ਅਤੇ ਉਸਦੀ ਭਿਆਨਕਤਾ ਵੀ ਵਧੀ ਹੈ। ਇਹਨਾਂ ਦੇਸ਼ਾਂ ਦੀ ਇੱਕ ਤਿਹਾਈ ਤੋਂ ਇੱਕ ਚੌਥਾਈ ਅਬਾਦੀ ਅਣਮਨੁੱਖੀ ਅਤੇ ਘੋਰ ਗਰੀਬੀ ਵਿੱਚ ਜਿੰਦਗੀ ਬਸਰ ਕਰ ਰਹੀ ਹੈ। ਭਾਰਤ ਵਿੱਚ ਘੋਰ ਗਰੀਬੀ ਨਾਲ਼ ਗ੍ਰਸਤ ਅਬਾਦੀ ਪਿਛਲੇ ਦੋ ਦਹਾਕਿਆਂ ਦੌਰਾਨ ਬੇਹੱਦ ਹੌਲ਼ੀ ਰਫ਼ਤਾਰ ਨਾਲ਼ ਥੋੜ੍ਹੀ ਘੱਟ ਹੋਈ ਹੈ, ਪਰ ਹਾਲੇ ਵੀ 30.3 ਕਰੋੜ ਲੋਕ ਘਣਘੋਰ ਬਦਹਾਲੀ ਦਾ ਜੀਵਨ ਬਿਤਾਉਂਦੇ ਹਨ। ਚੀਨ ਵਿੱਚ ਸਥਿਤੀ ਥੋੜ੍ਹੀ ਬਿਹਤਰ ਹੈ। ਉੱਥੇ ਘੋਰ ਗਰੀਬੀ ਨਾਲ਼ ਗ੍ਰਸਤ ਅਬਾਦੀ 33 ਫੀਸਦੀ ਤੋਂ ਘਟ ਕੇ 8 ਫੀਸਦੀ ਰਹਿ ਗਈ ਹੈ। ਯਾਨੀ ਚੀਨ ਵਿੱਚ ਅਬਾਦੀ ਵਿੱਚ ਗਰੀਬਾਂ ਦੇ ਅਨੁਪਾਤ ਵਿੱਚ ਲਗਭਗ 45 ਫੀਸਦੀ ਦੀ ਗਿਰਾਵਟ ਆਈ, ਜਦੋਂ ਕਿ ਭਾਰਤ ਵਿੱਚ ਗਰੀਬਾਂ ਦੇ ਅਨੁਪਾਤ ਵਿੱਚ 17 ਫੀਸਦੀ ਦੀ ਹੀ ਗਿਰਾਵਟ ਦਰਜ ਹੋਈ। ਪਰ ਭਾਰਤ ਦੀ ਤੁਲਨਾ ਵਿੱਚ ਵਧੇਰੇ ਤੇਜ਼ ਗਤੀ ਨਾਲ਼ ਆਰਥਿਕ ਵਾਧਾ ਹਾਸਿਲ ਕਰਨ ਵਾਲ਼ੇ ਚੀਨ ਵਿੱਚ ਗੈਰਬਰਾਬਰੀ, ਯਾਨੀ ਤੁਲਨਾਤਮਕ ਗਰੀਬੀ ਵੀ ਭਾਰਤ ਦੇ ਮੁਕਾਬਲੇ ਤੇਜ ਗਤੀ ਨਾਲ਼ ਵਧੀ ਹੈ। ਕੁੱਝ ਅਧਿਐਨਾਂ ਦੇ ਅਨੁਸਾਰ, ਚੀਨ ਵਿੱਚ (ਅਤੇ ਸਾਬਕਾ ਸੋਵੀਅਤ ਯੂਨੀਅਨ ਦੇ ਅੰਗ ਰਹੇ ਦੇਸ਼ਾਂ ਵਿੱਚ ਵੀ) ਅਮੀਰਾਂ ਅਤੇ ਗਰੀਬਾਂ ਵਿਚਲਾ ਪਾੜਾ ਜਿਸ ਗਤੀ ਨਾਲ਼ ਵਧਿਆ ਹੈ, ਉਹੋ ਜਿਹੀ ਲਿਖਿਤ ਆਰਥਿਕ ਇਤਿਹਾਸ ਦੇ ਕਿਸੇ ਸਮੇਂ ਵਿੱਚ ਸ਼ਾਇਦ ਹੀ ਦੇਖਣ ਨੂੰ ਮਿਲਦੀ ਹੈ। ਚੀਨ ਦੀ ਕੌਮੀ ਆਮਦਨੀ ਵਿੱਚ ਅਬਾਦੀ ਦੇ ਸਭ ਤੋਂ ਗਰੀਬ 20 ਫੀਸਦੀ ਲੋਕਾਂ ਦਾ ਹਿਸਾ 5.9 ਫੀਸਦੀ ਹੈ, ਜਦੋਂ ਕਿ ਭਾਰਤ ਵਿੱਚ 8.2 ਫੀਸਦੀ। ਯਾਨੀ ਚੀਨ ਅਤੇ ਭਾਰਤ ਵਿੱਚ ਆਮਦਨ ਦੇ ਲਿਹਾਜ ਨਾਲ਼ ਸਭ ਤੋਂ ਹੇਠਾਂ ਦੇ 20 ਫੀਸਦੀ ਲੋਕਾਂ ਨੂੰ ਆਪਣੇ-ਆਪਣੇ ਦੇਸ਼ਾਂ ਦੀ ਪ੍ਰਤੀ ਵਿਅਕਤੀ ਔਸਤ ਆਮਦਨ ਦਾ ਲਗਭਗ 30 ਅਤੇ 40 ਫੀਸਦੀ ਹਿੱਸਾ ਹੀ ਮਿਲਦਾ ਹੈ। ਪਰ ਚੀਨ ਦੀ ਪ੍ਰਤੀ ਵਿਅਕਤੀ ਔਸਤ ਆਮਦਨ ਭਾਰਤ ਦੀ ਤੁਲਨਾ ਵਿੱਚ ਦੁੱਗਣੀ ਤੋਂ ਵੀ ਜਿਆਦਾ ਹੈ। ਯਾਨੀ ਭਾਰਤ ਦੀ ਗਰੀਬ 20 ਫੀਸਦੀ ਅਬਾਦੀ ਚੀਨ ਦੇ ਸਾਪੇਖਕ ਅਰਥਾਂ ਵਿੱਚ ਬਿਹਤਰ ਸਥਿਤੀ ਵਿੱਚ ਹੈ, ਪਰ ਨਿਰਪੇਖ ਅਰਥਾਂ ਵਿੱਚ, ਯਾਨੀ ਆਮਦਨ ਦੀ ਰਕਮ ਦੇ ਲਿਹਾਜ ਨਾਲ਼ ਬਦਤਰ ਹਾਲਤਾਂ ਵਿੱਚ ਹੈ। ਇਹ ਤਾਂ ਤੁਲਨਾਤਮਕ ਅਧਿਐਨ ਦੀ ਗੱਲ ਹੋਈ ਪਰ ਸੰਸਾਰ ਵਿਆਪੀ ਪਰਿਪੇਖ ਵਿੱਚ ਜੇ ਗੱਲ ਕਰੀਏ ਤਾਂ ਆਰਥਿਕ ਸੁਧਾਰਾਂ ਦੇ ਲਗਭਗ ਦੋ ਦਹਾਕਿਆਂ ਦੇ ਦੌਰਾਨ ਅਮੀਰ-ਗਰੀਬ ਵਿਚਲਾ ਪਾੜਾ ਭਾਰਤ ਅਤੇ ਚੀਨ ਵਿੱਚ ਜਿਸ ਰਫ਼ਤਾਰ ਨਾਲ਼ ਵਧਿਆ ਹੈ, ਉਹ ਅਣਕਿਆਸਾ ਹੈ ਅਤੇ ਲਾਮਿਸਾਲ ਹੈ।

ਤਾਂ ਫਿਰ ਮਨਮੋਹਨ-ਚਿਦੰਬਰਮ-ਮੌਂਟੇਕ ਕੀ ਕਹਿਣਗੇ ਆਪਣੇ ਅਠਾਰਾਂ ਸਾਲ ਪੁਰਾਣੇ ਉਸ ਦਾਅਵੇ ('ਟ੍ਰਿਕਲ ਡਾਊਨ ਥਿਓਰੀ') ਬਾਰੇ ਕਿ ਜਦੋਂ ਸਮਾਜ ਦੇ ਸਿਖਰਾਂ 'ਤੇ ਅਮੀਰੀ ਆਵੇਗੀ ਤਾਂ ਉਹ ਹੇਠਾਂ ਤੱਕ ਪਹੁੰਚ ਜਾਵੇਗੀ। ਹੁਣ ਤੱਕ ਤਾਂ ਨਤੀਜਿਆਂ ਦੀ ਦਿਸ਼ਾ ਇਹਨਾਂ ਦਾਵਿਆਂ ਦੇ ਉਲ਼ਟ ਹੀ ਦਿਖਾਈ ਦਿੰਦੀ ਹੈ। ਅੰਕੜੇ ਬੋਲ ਰਹੇ ਹਨ, ਤੱਥ ਸ਼ੀਸ਼ਾ ਦਿਖਾ ਰਹੇ ਹਨ, ਸੱਚਾਈਆਂ ਚੀਖ ਰਹੀਆਂ ਹਨ। ਪਰ ਬੇਸ਼ਰਮਾਂ ਦਾ ਕੀ ? ਉਹ ਤਾਂ ਦਾਅਵੇ ਕਰਦੇ ਹੀ ਰਹਿਣਗੇ, ਕਿਉਂਕਿ ਉਹ ਪੂੰਜੀਪਤੀਆਂ ਦੇ ਪ੍ਰਬੰਧਕ ਹਨ। ਉਨਾਂ ਦਾ ਇਹੀ ਕੰਮ ਹੈ।

ਗਾਲਬ੍ਰੇਥ ਕੋਈ ਸਮਾਜਵਾਦੀ ਨਹੀਂ ਸੀ। ਉਹ ਇੱਕ ਪੂੰਜੀਵਾਦੀ ਅਰਥਸ਼ਾਸਤਰੀ ਹੀ ਸੀ। ਉਸਨੇ ਵੀ 'ਟ੍ਰਿਕਲ ਡਾਊਨ ਥਿਉਰੀ' ਦਾ ਮਜ਼ਾਕ ਉਡਾਉਂਦੇ ਹੋਏ ਕਿਹਾ ਸੀ, ਘੋੜੇ ਨੂੰ ਚਾਹੇ ਕੁੱਝ ਵੀ ਖੁਆਓ, ਪਿੱਛੇ ਉਹ ਲਿੱਦ ਹੀ ਕਰੇਗਾ। 'ਟ੍ਰਿਕਲ ਡਾਊਨ ਥਿਉਰੀ' ਦੇ ਸਹਾਰੇ ਨਾਲ਼ ਪੂੰਜੀਪਤੀਆਂ ਨੂੰ ਚਾਹੇ ਜਿੰਨੀਆਂ ਵੀ ਛੋਟਾਂ ਦਿੱਤੀਆਂ ਜਾਣ ਅਤੇ ਮੁਨਾਫਾ ਕੁੱਟਣ ਦਾ ਮੌਕਾ ਦਿੱਤਾ ਜਾਵੇ, ਉਹ ਮਜ਼ਦੂਰਾਂ ਨੂੰ ਉਨਾਂ ਹੀ ਦੇਣਗੇ ਤਾਂ ਕਿ ਉਨਾਂ ਦੇ ਕਾਰਖਾਨਿਆਂ ਵਿੱਚ ਹੱਡੀਆਂ ਗਲ਼ਾ ਸਕਣ ਅਤੇ ਹੱਡੀਆਂ ਗਲਾਉਣ ਵਾਲ਼ੇ ਮਜ਼ਦੂਰਾਂ ਦੀ ਨਵੀਂ ਪੀੜ੍ਹੀ ਪੈਦਾ ਕਰ ਸਕਣ। ਪੂੰਜੀਵਾਦ ਦਾ ਬੁਨਿਆਦੀ ਤਰਕ ਹੀ ਅਜਿਹਾ ਹੈ ਕਿ ਉਹ ਗਰੀਬ-ਅਮੀਰ ਵਿਚਲੇ ਪਾੜੇ ਨੂੰ ਵਧਾਉਂਦਾ ਹੈ, ਖੇਤਰੀ ਪਾੜਾ ਵਧਾਉਂਦਾ ਹੈ ਅਤੇ ਪਿੰਡ ਅਤੇ ਸ਼ਹਿਰ ਵਿਚਲਾ ਪਾੜਾ ਵਧਾਉਂਦਾ ਹੈ। ਕੀਨਸੀਆਈ ਨੁਖਸਿਆਂ ਦਾ ਦੌਰ ਖਤਮ ਹੋਣ ਅਤੇ ਸਾਰੇ ਸਰਵਜਨਕ ਕੰਮਾਂ ਤੋਂ ਰਾਜ ਦੇ ਕਿਨਾਰਾ ਕਰ ਲੈਣ ਤੋਂ ਬਾਅਦ ਜੀਵਨ ਦਾ ਹਰ ਖੇਤਰ ਹੁਣ ਪੂੰਜੀ ਲਾ ਕੇ ਲਾਭ ਕਮਾਉਣ ਲਈ ਖੁੱਲ੍ਹ ਗਿਆ ਤਾਂ ਅਮੀਰ-ਗਰੀਬ ਵਿਚਲੇ ਧਰੂਵੀਕਰਨ ਨੇ ਹੋਰ ਤੇਜ਼ ਰਫ਼ਤਾਰ ਨਾਲ਼ ਵਧਣਾ ਹੀ ਸੀ।

ਪੂੰਜੀਵਾਦ ਤਹਿਤ ਸਮਾਜਿਕ ਸਿਖਰਾਂ 'ਤੇ ਜੋ ਅਮੀਰੀ ਆਉਂਦੀ ਹੈ ਜੋ ਪੂੰਜੀ ਦਾ ਅੰਬਾਰ ਇਕੱਠਾ ਹੁੰਦਾ ਹੈ, ਉਹ ਹੇਠਾਂ ਦੇ ਕਿਰਤੀਆਂ ਦੀ ਵਾਧੂ ਕਿਰਤ ਨੂੰ ਨਿਚੋੜ ਕੇ ਇਕੱਠਾ ਹੁੰਦਾ ਹੈ। ਯਾਨੀ ਹੇਠਾਂ ਦੀ ਤੈਹਾਂ ਨੂੰ ਨਿਚੋੜਕੇ, ਕੰਗਾਲ ਬਣਾ ਕੇ ਉੱਪਰ ਦੇ ਸ਼ਿਖਰਾਂ 'ਤੇ ਅਮੀਰੀ ਆਉਂਦੀ ਹੈ। 'ਟ੍ਰਿਕਨ ਡਾਊਨ ਥਿਉਰੀ' ਇਸ ਸੱਚਾਈ ਨੂੰ ਇੱਕਦਮ ਉਲ਼ਟਾ ਕੇ ਪੇਸ਼ ਕਰਦੀ ਹੈ। ਕਲਾਸਿਕੀ ਬੁਰਜੂਆ (ਪੂੰਜੀਵਾਦੀ) ਅਰਥਸ਼ਾਸਤਰ ਦੇ ਉਲ਼ਟ, ਇਹ ਸੱਚਾਈ ਨੂੰ ਆਪਣੇ ਜਮਾਤੀ ਕੋਣ ਨਾਲ਼ ਪੇਸ਼ ਕਰਨ ਦੀ ਬਜਾਇ ਉਸਨੂੰ ਇੱਕਦਮ ਉਲ਼ਟਾ ਦਿੰਦੀ ਹੈ, ਕਿਉਂਕਿ ਅੱਜ ਪੂੰਜੀਵਾਦ ਇਸੇ ਝੂਠ ਸਹਾਰੇ ਆਪਣੇ ਆਪ ਨੂੰ ਸਹੀ ਸਿੱਧ ਕਰ ਸਕਦਾ ਹੈ।

ਇਹ ਦੋ ਕੌਡੀ ਦਾ ਬਜ਼ਾਰੂ ਆਰਥਿਕ ਸਿਧਾਂਤ (ਜਿਸਦੇ ਸਮਰਥਕ ਮਨਮੋਹਨ ਸਿੰਘ ਨੂੰ ਸਾਡੇ ਦੇਸ਼ ਵਿੱਚ ਇੱਕ ਵੱਡਾ ਅਰਥਸ਼ਾਸਤਰੀ ਮੰਨਿਆਂ ਜਾਂਦਾ ਹੈ) ਸ਼ਿਕਾਗੋ ਸਕੂਲ ਦੇ ਕੁੱਝ ਭਾੜੇ ਦੇ ਟੱਟੂ ਅਰਥਸ਼ਾਸ਼ਤਰੀਆਂ ਦੁਆਰਾ ਬਣਾਇਆ ਗਿਆ ਸੀ, ਇਸ ਵਿੱਚ ਜੇਬੀ ਨਾਂ ਦਾ ਅਰਥਸ਼ਾਸ਼ਤਰੀ ਪ੍ਰਮੁੱਖ ਸੀ ਜਿਸ ਦੀਆਂ ਦੋ ਪ੍ਰਮੁੱਖ ਸਥਾਪਨਾਵਾਂ ਸਨ। ਪਹਿਲੀ ਇਹ ਕਿ, ਜਿਣਸ ਦੀ ਪੂਰਤੀ ਆਪ ਆਪਣੀ ਮੰਗ ਪੈਦਾ ਕਰਦੀ ਹੈ (ਇਸ ਸਥਾਪਨਾ ਨੂੰ ਅਮਰੀਕਾ ਦਾ ਸਬਪ੍ਰਾਈਮ ਸੰਕਟ ਅਤੇ ਮੌਜੂਦਾ ਸੰਸਾਰਵਿਆਪੀ ਮੰਦੀ ਨੇ ਸਿਰੇ ਤੋਂ ਗਲਤ ਸਿੱਧ ਕਰ ਦਿੱਤਾ ਹੈ) ਅਤੇ ਦੂਜੀ ਇਹ ਕਿ ਅਮੀਰਾਂ ਨੂੰ ਛੋਟਾਂ ਤੇ ਸੁਵਿਧਾਵਾਂ ਦੇਣ 'ਤੇ ਇਨਾਂ ਦਾ ਲਾਭ ਰਿਸ-ਰਿਸਕੇ ਹੇਠਾਂ ਗਰੀਬਾਂ ਤੱਕ ਜਾ ਪਹੁੰਚਦਾ ਹੈ। ਨਵਉਦਾਰਵਾਦ ਦੇ ਦੋ ਦਹਾਕਿਆਂ ਦੇ ਨਤੀਜੇ ਇਸ ਸਥਾਪਨਾ ਨੂੰ ਵੀ ਗਲਤ ਸਿੱਧ ਕਰਦੇ ਹਨ। ਹੇਨਰੀ ਲਿਊ ਇੱਕ ਬੁਰਜੂਆ ਅਰਥਸ਼ਾਸਤਰੀ ਹੀ ਹਨ, ਪਰ ਉਨਾਂ ਨੇ ਵੀ 'ਏਸ਼ੀਆ ਟਾਈਮਜ਼' ਵਿੱਚ ਲਿਖਿਆ ਹੈ —"ਹਰ ਜਗ੍ਹਾ ਬਾਜ਼ਾਰ ਕੱਟੜਤਾ ਦੇ ਢਹਿਣ ਨਾਲ਼ ਹੁਣ ਸ਼ਿਕਾਗੋ ਸਕੂਲ

(ਬਾਕੀ ਸਫ਼ਾ 20 'ਤੇ)

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 05.00 ਰੁਪਏ
2. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) 10.00 ਰੁਪਏ
3. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00 ਰੁਪਏ
4. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10.00 ਰੁਪਏ
5. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 05.00 ਰੁਪਏ
6. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00 ਰੁਪਏ
7. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10.00 ਰੁਪਏ
8. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) 15.00 ਰੁਪਏ
9. ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ 03.00 ਰੁਪਏ
10. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) 10.00 ਰੁਪਏ
11. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20.00 ਰੁਪਏ
12. ਕਿਉਂ ਮਾਓਵਾਦ 10.00 ਰੁਪਏ
13. ਸ਼ੀਹਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10.00 ਰੁਪਏ
14. ਮਜ਼ਦੂਰਾਂ ਦੇ ਖੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ 10.00 ਰੁਪਏ
15. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00 ਰੁਪਏ
16. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00 ਰੁਪਏ
17. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20.00 ਰੁਪਏ
18. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00 ਰੁਪਏ
19. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00 ਰੁਪਏ
20. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05.00 ਰੁਪਏ
21. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00 ਰੁਪਏ
22. ਭਗਤ ਸਿੰਘ ਨੇ ਕਿਹਾ 5.00 ਰੁਪਏ
23. ਸ਼ਹੀਦ ਕਰਤਾਰ ਸਿੰਘ ਸਰਾਭਾ 5.00 ਰੁਪਏ
24. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 5.00 ਰੁਪਏ
25. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖ਼ਤਾਂ 25.00 ਰੁਪਏ
26. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00 ਰੁਪਏ
27. ਲੈਨਿਨਵਾਦ ਦੀਆਂ ਨੀਹਾਂ (ਸਟਾਲਿਨ) 20.00 ਰੁਪਏ
28. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00 ਰੁਪਏ

ਦਸਤਕ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) 15.00 ਰੁਪਏ
2. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ 15.00 ਰੁਪਏ
3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ 10.00 ਰੁਪਏ
4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) 20.00 ਰੁਪਏ
5. ਸ਼ੋਲੋਖੋਵ ਦੀਆਂ ਕਹਾਣੀਆਂ 30.00 ਰੁਪਏ

ਖ਼ਤਮ ਕਰੋ ਪੂੰਜੀ ਦਾ ਰਾਜ
ਜੋੜੋ ਬਣਾਓ ਲੋਕ ਸਵਰਾਜ



ਅਸੀਂ ਪੂੰਜੀਵਾਦੀ ਸੰਸਦੀ ਲੋਕਤੰਤਰ ਦੀ ਖਰਚੀਲੀ ਧੋਖਾਧੜੀ, ਲੁੱਟ ਅਤੇ ਜ਼ਬਰ ਵਾਲ਼ੇ ਮੌਜੂਦਾ ਢਾਂਚੇ ਨੂੰ ਸਿਰੇ ਤੋਂ ਖਾਰਜ ਕਰਦੇ ਹਾਂ। ਸਮੇਂ ਦੇ ਗਰਭ ਵਿੱਚ ਅੱਜ ਅਹਿਮ ਬਦਲਾਅ ਦੇ ਬੀਜ਼ ਪਲ਼ ਰਹੇ ਹਨ। ਬਦਲ ਦੀ ਉਸਾਰੀ ਲਈ ਉਹਨਾਂ ਨੂੰ ਹੀ ਅੱਗੇ ਆਉਣਾ ਹੋਵੇਗਾ ਜੋ ਠੱਗੇ ਜਾ ਰਹੇ ਹਨ, ਲੁੱਟੇ ਜਾ ਰਹੇ ਹਨ ਅਤੇ ਆਵਾਜ ਉਠਾਉਣ 'ਤੇ ਕੁਚਲੇ ਜਾ ਰਹੇ ਹਨ। ਇਸ ਢਾਂਚੇ ਵਿੱਚ ਜਿਹਨਾਂ ਦਾ ਕੋਈ ਭਵਿੱਖ ਨਹੀਂ ਹੈ, ਉਹਨਾਂ ਨੂੰ ਹੀ ਨਵਾਂ ਢਾਂਚਾ ਬਣਾਉਣ ਲਈ ਅੱਗੇ ਆਉਣਾ ਹੋਵੇਗਾ।

ਸਾਮਰਾਜਵਾਦ ਅਤੇ ਪੂੰਜੀਵਾਦ ਦਾ ਇੱਕ-ਇੱਕ ਦਿਨ ਸਾਡੇ ਲਈ ਬੋਝ ਹੈ। ਇਹ ਘੁਟਨ, ਇਹ ਸੜਾਂਦ ਹੁਣ ਜ਼ਿੰਦਾ ਮਨੁੱਖ ਦੇ ਬਰਦਾਸ਼ਤ ਤੋਂ ਬਾਹਰ ਹੈ। ਸਾਨੂੰ ਉੱਠ ਖਲੋਣਾ ਹੋਵੇਗਾ ਅਤੇ ਆਪਣੇ ਜਿਉਂਦੇ ਹੋਣ ਦਾ ਸਬੂਤ ਦੇਣਾ ਹੋਵੇਗਾ, ਨਹੀਂ ਤਾਂ ਆਉਣ ਵਾਲੀਆਂ ਪੀੜੀਆਂ ਨੂੰ ਇਤਿਹਾਸ ਕੀ ਦੱਸੇਗਾ ਕਿ ਅਸੀਂ ਕੀ ਕਰ ਰਹੇ ਸੀ ਜਦ ਦੇਸ਼ ਜਵਾਲਾਮੁਖੀ ਦੇ ਮੂੰਹ 'ਤੇ ਬੈਠਾ ਸੀ, ਤਬਾਹੀ ਦੇ ਨਰਕਕੁੰਡ ਵਿੱਚ ਝੁਲਸ ਰਿਹਾ ਸੀ ?

ਇਹੀ ਵਜ੍ਹਾ ਹੈ ਕਿ ਅਸੀਂ ਵਿਸ਼ਵ ਪੂੰਜੀਵਾਦੀ ਢਾਂਚੇ ਨਾਲ਼ ਮਜ਼ਬੂਤੀ ਨਾਲ਼ ਬੱਝੇ ਦੇਸ਼ ਦੇ ਪੂੰਜੀਵਾਦੀ ਢਾਂਚੇ ਨੂੰ ਤਬਾਹ ਢਹਿਢੇਰੀ ਕਰਕੇ ਸਾਰੇ ਸਮਾਜ ਦੇ ਆਰਥਿਕ ਅਧਾਰ ਅਤੇ ਉੱਪਰਲੇ ਪ੍ਰਬੰਧ ਦਾ ਨਿਆਂ ਅਤੇ ਸਮਾਨਤਾ ਦੇ ਅਧਾਰ 'ਤੇ ਪੁਨਰ-ਗਠਨ ਕਰਨ ਲਈ ਇਨਕਲਾਬੀ ਲੋਕ ਸਵਰਾਜ ਦਾ ਨਾਹਰਾ ਬੁਲੰਦ ਕਰਦੇ ਹਾਂ। ਇਸ ਨਾਹਰੇ ਦਾ ਭਾਵ ਹੈ-ਉਤਪਾਦਨ, ਰਾਜ-ਕਾਜ ਅਤੇ ਸਮਾਜ ਦੇ ਪੂਰੇ ਢਾਂਚੇ 'ਤੇ ਉਤਪਾਦਨ ਕਰਨ ਵਾਲੇ ਸਮਾਜਿਕ ਤਬਕੇ ਕਾਬਜ਼ ਹੋਣ, ਫੈਸਲੇ ਦੀ ਸਾਰੀ ਤਾਕਤ ਉਹਨਾਂ ਦੇ ਹੀ ਹੱਥਾਂ ਵਿੱਚ ਹੋਵੇ। ਇਸ ਨਾਹਰੇ ਦਾ ਸਾਰਤੱਤ ਹੈ—'ਸਾਰੀ ਸੱਤਾ ਕਿਰਤੀਆਂ ਨੂੰ'।

...ਤਬਦੀਲੀ ਪਸੰਦ ਵਿਦਿਆਰਥੀਆਂ-ਨੌਜਵਾਨਾਂ ਨੂੰ ਨਵੇਂ ਸਿਰੇ ਤੋਂ ਆਪਣੀ ਇਨਕਲਾਬੀ ਜੱਥੇਬੰਦੀਆਂ ਅਤੇ ਜੁਝਾਰੂ ਸੰਘਰਸ਼ ਜੱਥੇਬੰਦ ਕਰਨੇ ਹੋਣਗੇ ਅਤੇ ਉਹਨਾਂ ਨੂੰ ਕਿਰਤੀਆਂ ਦੇ ਸੰਘਰਸ਼ਾਂ ਨਾਲ਼ ਜੋੜਨਾ ਹੋਵੇਗਾ। ਉਹਨਾਂ ਨੂੰ ਸ਼ਹੀਦ ਭਗਤ ਦੇ ਸੁਨੇਹੇ ਨੂੰ ਯਾਦ ਕਰਦੇ ਹੋਏ ਇਨਕਲਾਬ ਦਾ ਸੁਨੇਹਾ ਖੇਤਾਂ-ਕਾਰਖਾਨਿਆਂ ਤੱਕ ਲੈ ਕੇ ਜਾਣਾ ਹੋਵੇਗਾ। ਇਨਕਲਾਬੀ ਬੁੱਧੀਜੀਵੀਆਂ ਨੂੰ ਇੱਕ ਨਵੇਂ ਪ੍ਰੋਲੇਤਾਰੀ ਪੁਨਰਜਾਗਰਣ ਅਤੇ ਪ੍ਰਬੋਧਨ ਦੇ ਸਭਿਆਚਾਰਕ ਕਾਰਜਾਂ ਨੂੰ ਪੂਰਾ ਕਰਨ ਲਈ ਅੱਗੇ ਆਉਣਾ ਹੋਵੇਗਾ। ਔਰਤਾਂ ਦੀ ਅੱਧੀ ਅਬਾਦੀ ਦੀ ਜਾਗ੍ਰਤੀ ਅਤੇ ਲਾਮਬੰਦੀ ਤੋਂ ਬਿਨਾਂ ਵੀ ਕੋਈ ਸਮਾਜਿਕ ਤਬਦੀਲੀ ਸੰਭਵ ਨਹੀਂ ਹੈ। ਕਿਰਤੀਆਂ, ਵਿਦਿਆਰਥੀਆਂ-ਨੌਜਵਾਨਾਂ, ਬੁੱਧੀਜੀਵੀਆਂ ਸਾਰੇ ਮੋਰਚਿਆਂ 'ਤੇ ਔਰਤਾਂ ਦੀ ਸ਼ਮੂਲਿਅਤ ਵਧਾਉਣਾ ਸਫ਼ਲਤਾ ਦੀ ਬੁਨਿਆਦੀ ਸ਼ਰਤ ਹੈ। ਨਾਲ਼ ਹੀ ਨਾਰੀ-ਮੁਕਤੀ ਲਹਿਰ ਨੂੰ ਮੱਧਵਰਗੀ ਹੱਦਬੰਦੀਆਂ, ਐਨ.ਜੀ.ਓ. ਪੰਥੀ ਸੁਧਾਰਵਾਦੀ ਗਲਾਜ਼ਤ ਅਤੇ ਗੈਰ-ਸਰਗਰਮ ਬਹਿਸੂ ਅਸਮਿਤਾਨਵਾਦੀ ਵਿਚਾਰਕ ਭਰਮਾਂ ਦੀ ਦਲਦਲ ਤੋਂ ਬਾਹਰ ਨਿਕਲਕੇ ਜੁਝਾਰੂ ਲਹਿਰ ਅਤੇ ਢਾਂਚਾਗਤ ਤਬਦੀਲੀ ਲਈ ਸਰਗਰਮ ਇਨਕਲਾਬੀ ਧਾਰਾ ਨਾਲ਼ ਜੋੜਨਾ ਹੋਵੇਗਾ।

ਇਨਕਲਾਬੀ ਲੋਕ ਸਵਰਾਜ ਮੁਹਿੰਮ

ਜਾਰੀ ਕਰਤਾ

ਨੌਜਵਾਨ ਭਾਰਤ ਸਭਾ

ਇਨਕਲਾਬੀ ਲੋਕ ਸਵਰਾਜ ਮੁਹਿੰਮ ਵਿੱਚ ਸਾਡੇ ਹਮਸਫਰ ਬਣਨ ਲਈ ਸੰਪਰਕ ਕਰੋ—
ਸ਼ਹੀਦ ਭਗਤ ਸਿੰਘ ਲਾਈਬ੍ਰੇਰੀ, ਗਲੀ ਨੰਬਰ-5, ਲਛਮਣ ਨਗਰ, ਗਿਆਸਪੁਰਾ, ਲੁਧਿਆਣਾ।
ਫੋਨ-9877143788